ਸ਼ਨੀਵਾਰ, 17 ਜੂਨ, 2023
3 ਹਾੜ੍ਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 16

# ਨਵਾਂ ਜ਼ਮਾਨਾ

DAILY NAWAN ZAMANA • SATURDAY, 17 JUNE, 2023 ਜਲੰਧਰ

nawan zamana TV

| ‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

# ਗਿਆਨੀ ਰਘਬੀਰ ਸਿੰਘ ਅਕਾਲ ਤਖਤ ਦੇ ਨਵੇਂ ਜਥੇਦਾਰ

**ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਦਾ ਵੀ ਚਾਰਜ, ਗਿਆਨੀ ਹਰਪ੍ਰੀਤ ਸਿੰਘ ਦਮਦਮਾ ਸਾਹਿਬ ਦੇ ਜਥੇਦਾਰ ਬਣੇ ਰਹਿਣਗੇ, ਗਿਆਨੀ ਸੁਲਤਾਨ ਸਿੰਘ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਬਣੇ**



ਰਘਬੀਰ ਸਿੰਘ   ਹਰਪ੍ਰੀਤ ਸਿੰਘ   ਸੁਲਤਾਨ ਸਿੰਘ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਸ਼ੁੱਕਰਵਾਰ ਹੋਈ ਹੰਗਾਮੀ ਮੀਟਿੰਗ ’ਚ ਗਿਆਨੀ ਹਰਪ੍ਰੀਤ ਸਿੰਘ ਦੀ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਦੀਆਂ ਸੇਵਾਵਾਂ ਤੋਂ ਮੁਕਤ ਹੋਣ ਦੀ ਇੱਛਾ ਪ੍ਰਵਾਨ ਕਰਦਿਆਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਨਵਾਂ ਜਥੇਦਾਰ ਨਿਯੁਕਤ ਕਰ ਦਿੱਤਾ ਗਿਆ। ਗਿਆਨੀ ਹਰਪ੍ਰੀਤ ਸਿੰਘ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਣੇ ਰਹਿਣਗੇ। ਗਿਆਨੀ ਸੁਲਤਾਨ ਸਿੰਘ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਦਾ ਨਵਾਂ ਜਥੇਦਾਰ ਬਣਾਇਆ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਵਜੋਂ ਸੇਵਾਵਾਂ ਛੱਡਣ ਦੀ ਇੱਛਾ ਪ੍ਰਗਟਾਈ ਗਈ ਸੀ, ਜਿਸ ਤੋਂ ਬਾਅਦ ਅੰਤ੍ਰਿੰਗ ਕਮੇਟੀ ਨੇ ਗਿਆਨੀ ਰਘਬੀਰ ਸਿੰਘ ਨੂੰ ਅਕਾਲ ਤਖਤ ਦੇ ਜਥੇਦਾਰ ਵਜੋਂ ਨਿਯੁਕਤ ਕਰਨ ਦਾ ਫੈਸਲਾ ਕੀਤਾ। ਉਨ੍ਹਾ ਦੱਸਿਆ ਕਿ ਗਿਆਨੀ ਹਰਪ੍ਰੀਤ ਸਿੰਘ ਤਖਤ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਬਣੇ ਰਹਿਣਗੇ। ਇਸ ਦੌਰਾਨ ਗਿਆਨੀ ਰਘਬੀਰ ਸਿੰਘ ਨੂੰ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਦਾ ਵਾਧੂ ਚਾਰਜ ਵੀ ਸੌਂਪਿਆ ਗਿਆ ਹੈ। ਇਸ ਵੇਲੇ ਗਿਆਨੀ ਜਗਤਾਰ ਸਿੰਘ ਲੁਧਿਆਣਾ ਵਾਲੇ ਹਰਿਮੰਦਰ ਸਾਹਿਬ ਦੇ ਐਕਟਿੰਗ ਹੈੱਡ ਗ੍ਰੰਥੀ ਵਜੋਂ ਸੇਵਾਵਾਂ ਨਿਭਾਅ ਰਹੇ ਸਨ, ਪਰ ਉਹ ਹੁਣ ਪਹਿਲਾਂ ਵਾਂਗ ਹੀ ਐਡੀਸ਼ਨਲ ਹੈੱਡ ਗ੍ਰੰਥੀ ਵਜੋਂ ਸੇਵਾਵਾਂ ਨਿਭਾਉਂਦੇ ਰਹਿਣਗੇ। ਧਾਮੀ ਨੇ ਦਾਅਵਾ ਕੀਤਾ ਕਿ

• ਬਾਕੀ ਸਫ਼ਾ 2 ’ਤੇ

# ਆਪੋਜ਼ੀਸ਼ਨ ਏਕਤਾ ਦੀਆਂ ਕੋਸ਼ਿਸ਼ਾਂ ਨਾਲ ਭਾਜਪਾ ਨੂੰ ਧੁੜਕੂ : ਨਿਤੀਸ਼ ਕੁਮਾਰ

**ਪਟਨਾ** : ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਸ਼ੁੱਕਰਵਾਰ ਕਿਹਾ ਕਿ ਭਾਜਪਾ ਉਨ੍ਹਾ ਦੀਆਂ ਆਪੋਜ਼ੀਸ਼ਨ ਪਾਰਟੀਆਂ ਨੂੰ ਜੋੜਨ ਦੀਆਂ ਕੋਸ਼ਿਸ਼ਾਂ ਤੋਂ ਡਰੀ ਹੋਈ ਹੈ ਤੇ ਉਹ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਸਮੇਂ ਤੋਂ ਪਹਿਲਾਂ ਕਰਾ ਸਕਦੀ ਹੈ।

23 ਜੂਨ ਨੂੰ ਆਪੋਜ਼ੀਸ਼ਨ ਪਾਰਟੀਆਂ ਦੀ ਪਟਨਾ ਵਿਚ ਹੋਣ ਵਾਲੀ ਮੀਟਿੰਗ ਤੋਂ ਪਹਿਲਾਂ ਨਿਤੀਸ਼ ਨੇ ਕਿਹਾ—ਪਿਛਲੇ ਦਿਨੀਂ ਮੈਂ ਹਾਸੇ-ਮਖੌਲ ਵਿਚ ਹੀ ਚੋਣਾਂ ਪਹਿਲਾਂ ਕਰਾਏ ਜਾਣ ਦੀ ਗੱਲ ਕੀਤੀ ਸੀ, ਪਰ ਇਸ ਦੀ ਸੰਭਾਵਨਾ ਨੂੰ ਰੱਦ ਨਹੀਂ ਕਰ ਸਕਦੇ। ਹਾਕਮਾਂ ਨੂੰ ਡਰ ਸਤਾ ਰਿਹਾ ਹੈ ਕਿ ਜੇ ਆਪੋਜ਼ੀਸ਼ਨ ਏਕਤਾ ਦੇ ਅਮਲ ਨੇ ਤੇਜ਼ੀ ਫੜ ਲਈ ਤਾਂ ਵੱਡੀ ਮਾਰ ਕਰੇਗਾ। ਇਸ ਕਰਕੇ ਉਹ ਚੋਣਾਂ ਪਹਿਲਾਂ ਕਰਾਉਣ ਦੇ ਰਾਹ ਪੈ ਸਕਦੇ ਹਨ। ਨਿਤੀਸ਼ ਨੇ ਜਨਤਾ ਦਲ (ਯੂ) ਦੇ ਵਿਧਾਇਕ ਰਤਨੇਸ਼ ਸਦਾ ਨੂੰ ਕੈਬਨਿਟ ਵਿਚ ਸ਼ਾਮਲ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਮੁੱਖ ਮੰਤਰੀ ਤੇ ਹਿੰਦੁਸਤਾਨੀ ਅਵਾਮ ਮੋਰਚਾ ਦੇ ਮੁਖੀ ਜੀਤਨ ਰਾਮ ਮਾਂਝੀ ਦੇ ਬੇਟੇ ਨੂੰ ਵਜ਼ਾਰਤ ’ਚੋਂ ਕੱਢਣ ਦੇ ਫੈਸਲੇ ਨੂੰ ਸਹੀ ਕਰਾਰ ਦਿੰਦਿਆਂ ਕਿਹਾ ਕਿ ਮਾਂਝੀ ਭਾਜਪਾ ਦੇ ਹੱਥਠੋਕੇ ਹਨ।

# 400 ਬੱਸਾਂ ਪੀ ਆਰ ਟੀ ਸੀ ਦੀ ਮਾਲਕੀ ਵਾਲੀਆਂ ਪਾਉਣ ਤੇ ਬਕਾਏ ਦੇਣ ’ਤੇ ਜ਼ੋਰ

**ਪਟਿਆਲਾ** : ਸ਼ੁੱਕਰਵਾਰ ਇੱਥੇ ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਦੀ ਮੀਟਿੰਗ ਨਿਰਮਲ ਸਿੰਘ ਧਾਲੀਵਾਲ ਦੀ ਕਨਵੀਨਰਸ਼ਿਪ ਹੇਠ ਹੋਈ। ਮੀਟਿੰਗ ਵਿੱਚ ਧਾਲੀਵਾਲ ਤੋਂ ਇਲਾਵਾ ਪੰਜਾਂ ਯੂਨੀਅਨ ਦੇ ਪ੍ਰਮੁੱਖ ਆਗੂ ਬਲਦੇਵ ਰਾਜ ਬੱਤਾ, ਜਰਨੈਲ ਸਿੰਘ, ਨਸੀਬ ਚੰਦ, ਤਰਸੇਮ ਸਿੰਘ ਅਤੇ ਉਤਮ ਸਿੰਘ ਬਾਗੜੀ ਸ਼ਾਮਲ ਸਨ। ਮੀਟਿੰਗ ਵਿੱਚ ਪਿਛਲੇ ਸਮੇਂ ਵਿੱਚ ਐਕਸ਼ਨ ਕਮੇਟੀ ਨਾਲ ਜੋ ਮੰਗਾਂ ਸੰਬੰਧੀ ਸਹਿਮਤੀ ਬਣੀ ਸੀ, ਉਸ ਮੁਤਾਬਕ ਅਮਲ ਨਾ ਹੋਣ ਅਤੇ ਇਸੇ ਸਮੇਂ ਵਿੱਚ ਕਿਲੋਮੀਟਰ ਸਕੀਮ ਅਧੀਨ ਬੱਸਾਂ ਪਾਉਣ ਦੀਆਂ ਚੱਲ ਰਹੀਆਂ ਪ੍ਰਬੰਧਕੀ ਸਰਗਰਮੀਆਂ, ਇਸੇ ਤਰ੍ਹਾਂ ਮਾਰਕੀਟ ਵਿੱਚ ਨਵੀਂਆਂ ਆ ਰਹੀਆਂ ਇਲੈਕਟਰੀਕਲ ਬੱਸਾਂ ਪੀ ਆਰ ਟੀ ਸੀ ਵਿੱਚ ਪਾਉਣ ਦੀ ਯੋਜਨਾ ਆਦਿ ਦੇ ਸੰਬੰਧ ਵਿੱਚ ਬੜੀ ਗੰਭੀਰਤਾ ਨਾਲ ਚਰਚਾ ਹੋਈ। ਐਕਸ਼ਨ ਕਮੇਟੀ ਵੱਲੋਂ ਪੀ ਆਰ ਟੀ ਸੀ ਮੈਨੇਜਮੈਂਟ ਨੂੰ ਜ਼ੋਰ ਦੇ ਕੇ ਕਿਹਾ ਗਿਆ ਕਿ 400 ਬੱਸਾਂ ਸਿਰਫ ਪੀ ਆਰ ਟੀ ਸੀ ਦੀ ਮਾਲਕੀ ਵਾਲੀਆਂ ਹੀ ਖਰੀਦੀਆਂ ਜਾਣ, ਕਿਉਂਕਿ ਕਿਲੋਮੀਟਰ ਸਕੀਮ ਅਧੀਨ ਬੱਸਾਂ ਕਿਸੇ ਤਰ੍ਹਾਂ ਵੀ ਪੀ ਆਰ ਟੀ ਸੀ ਦੇ ਹਿੱਤ ਵਿੱਚ ਸਾਬਤ ਨਹੀਂ ਹੋਈਆਂ। ਇਨ੍ਹਾਂ ਵੱਲੋਂ ਰੂਟ ਰਸੀਟ ਵੀ ਘੱਟ ਲਿਆਂਦੀ ਜਾਂਦੀ ਹੈ ਅਤੇ ਹੋਰ ਵੀ ਕਈ ਤਰ੍ਹਾਂ ਦੀਆਂ ਬੇਨਿਯਮੀਆਂ ਅਤੇ ਦਖਲਅੰਦਾਜ਼ੀ ਕੀਤੀ ਜਾਂਦੀ ਹੈ। ਇਸ ਕਰਕੇ ਜ਼ਰੂਰੀ ਹੈ ਕਿ ਮੈਨੇਜਮੈਂਟ ਨੂੰ ਪੀ ਆਰ ਟੀ ਸੀ ਦੇ ਹਜ਼ਾਰਾਂ ਵਰਕਰਾਂ ਦੀ ਰਾਏ ਦਾ ਵੀ ਸਤਿਕਾਰ ਕਰਨਾ

• ਬਾਕੀ ਸਫ਼ਾ 2 ’ਤੇ

## ਗੁਦਾ ’ਚ ਲੁਕੋਇਆ ਕਿੱਲੋ ਸੋਨਾ ਬਰਾਮਦ

**ਅੰਮ੍ਰਿਤਸਰ** : ਇੱਥੋਂ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਕਸਟਮ ਵਿਭਾਗ ਨੇ ਯਾਤਰੀ ਕੋਲੋਂ 47.45 ਲੱਖ ਰੁਪਏ ਦਾ ਸੋਨਾ ਜ਼ਬਤ ਕੀਤਾ ਹੈ। ਸ਼ਾਰਜਾਹ ਤੋਂ ਆਏ ਯਾਤਰੀ ਨੂੰ ਵੀਰਵਾਰ ਸ਼ਾਮ ਨੂੰ ਰੋਕਿਆ ਗਿਆ ਸੀ। ਤਲਾਸ਼ੀ ਦੌਰਾਨ ਉਸ ਦੀ ਗੁਦਾ ’ਚੋਂ ਕਰੀਬ 1,072 ਗ੍ਰਾਮ ਵਜ਼ਨ ਦੇ ਤਿੰਨ ਚਿੱਟੇ ਕੈਪਸੂਲ ਮਿਲੇ, ਜਿਨ੍ਹਾਂ ’ਚ ਕਰੀਬ 778 ਗ੍ਰਾਮ ਸੋਨਾ ਸੀ।

## ਮੰਤਰੀ ਦਾ ਘਰ ਫੂਕਿਆ

**ਇੰਫਾਲ** : ਮਨੀਪੁਰ ’ਚ ਜਾਰੀ ਹਿੰਸਾ ਦੌਰਾਨ ਲੋਕਾਂ ਨੇ ਵਿਦੇਸ਼ ਰਾਜ ਮੰਤਰੀ ਆਰ ਕੇ ਰੰਜਨ ਸਿੰਘ ਦੇ ਇੰਫਾਲ ਸਥਿਤ ਘਰ ਦੀ ਭੀੜ ਨੇ ਭੰਨਤੋੜ ਕੀਤੀ ਤੇ ਉਸ ਨੂੰ ਫੂਕ ਦਿੱਤਾ। ਘਟਨਾ ਵੇਲੇ ਮੰਤਰੀ ਕੇਰਲਾ ’ਚ ਸਨ।

## 83 ਦੀ ਉਮਰ ’ਚ ਫਿਰ ਡੈਡੀ ਬਣਿਆ



**ਵਾਸ਼ਿੰਗਟਨ** : ਹਾਲੀਵੁੱਡ ਅਦਾਕਾਰ ਅਲ ਪਚੀਨੋ 83 ਸਾਲ ਦੀ ਉਮਰ ’ਚ ਮੁੜ ਪਿਤਾ ਬਣ ਗਿਆ। ਉਸ ਦੀ 29 ਸਾਲਾ ਪ੍ਰੇਮਿਕਾ ਨੂਰ ਅਲਫੱਲ੍ਹਾ ਨੇ ਬੇਟੇ ਨੂੰ ਜਨਮ ਦਿੱਤਾ ਹੈ। ਬੇਟੇ ਦਾ ਨਾਂਅ ਰੋਮਨ ਪਚੀਨੋ ਰੱਖਿਆ ਗਿਆ ਹੈ। ‘ਦਿ ਗੌਡਫਾਦਰ’ ਅਤੇ ‘ਹੀਟ’ ਦਾ ਅਦਾਕਾਰ ਪਹਿਲਾਂ ਹੀ ਤਿੰਨ ਬੱਚਿਆਂ ਦਾ ਪਿਤਾ ਹੈ। ਉਸ ਦੀ ਸਾਬਕਾ ਪ੍ਰੇਮਿਕਾ ਟੈਰੰਟ ਤੋਂ 33 ਸਾਲ ਦੀ ਧੀ ਜੂਲੀ ਮੈਰੀ ਹੈ। ਇੱਕ ਹੋਰ ਸਾਬਕਾ ਪ੍ਰੇਮਿਕਾ ਬੇਵਰਲੀ ਤੋਂ 22 ਸਾਲ ਦੇ ਜੌੜੇ ਐਂਟੋਨ ਅਤੇ ਓਲੀਵੀਆ ਹਨ।

## 5 ਦਹਿਸ਼ਤਗਰਦ ਹਲਾਕ

**ਜੰਮੂ** : ਕੁਪਵਾੜਾ ਜ਼ਿਲ੍ਹੇ ’ਚ ਕੰਟਰੋਲ ਰੇਖਾ ’ਤੇ ਸੁਰੱਖਿਆ ਬਲਾਂ ਨਾਲ ਮੁਕਾਬਲੇ ’ਚ ਸ਼ੁੱਕਰਵਾਰ ਪੰਜ ਵਿਦੇਸ਼ੀ ਦਹਿਸ਼ਤਗਰਦ ਮਾਰੇ ਗਏ। ਖੁਫੀਆ ਸੂਚਨਾ ’ਤੇ ਸੁਰੱਖਿਆ ਬਲਾਂ ਨੇ ਜੁਮਾਗੁੰਡ ਖੇਤਰ ਵਿਚ ਅਪਰੇਸ਼ਨ ਸ਼ੁਰੂ ਕੀਤਾ, ਜੋ ਤੜਕੇ ਮੁਕਾਬਲੇ ਵਿਚ ਬਦਲ ਗਿਆ।

## ਨਹਿਰੂ ਦਾ ਨਾਂਅ ਹਟਾਇਆ

**ਨਵੀਂ ਦਿੱਲੀ** : ਇੱਥ ਤੀਨ ਮੂਰਤੀ ਭਵਨ ਕੰਪਲੈਕਸ ਵਿਚ ਸਥਿਤ ਨਹਿਰੂ ਮੈਮੋਰੀਅਲ ਮਿਊਜ਼ੀਅਮ ਐਂਡ ਲਾਇਬ੍ਰੇਰੀ ਸੁਸਾਇਟੀ ਦਾ ਨਾਂਅ ਬਦਲ ਕੇ ‘ਪ੍ਰਧਾਨ ਮੰਤਰੀ ਮਿਊਜ਼ੀਅਮ ਐਂਡ ਲਾਇਬ੍ਰੇਰੀ ਸੁਸਾਇਟੀ’ ਰੱਖ ਦਿੱਤਾ ਗਿਆ ਹੈ, ਜਿਸ ’ਤੇ ਕਾਂਗਰਸ ਨੇ ਤਿੱਖੀ ਪ੍ਰਤੀਕਿਰਿਆ ਕੀਤੀ ਹੈ। ਤੀਨ ਮੂਰਤੀ ਭਵਨ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਸਰਕਾਰੀ ਰਿਹਾਇਸ਼ ਸੀ। ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰਾਲੇ ਨੇ ਕਿਹਾ ਕਿ ਸੁਸਾਇਟੀ ਦੀ ਵਿਸ਼ੇਸ਼ ਬੈਠਕ ਨੇ ਇਸ ਦਾ ਨਾਂਅ ਬਦਲਣ ਦਾ ਫੈਸਲਾ ਕੀਤਾ ਹੈ। ਮੀਟਿੰਗ ਦੀ ਪ੍ਰਧਾਨਗੀ ਸੁਸਾਇਟੀ ਦੇ ਮੀਤ ਪ੍ਰਧਾਨ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕੀਤੀ। ਕਾਂਗਰਸ ਦੇ ਸੀਨੀਅਰ ਨੇਤਾ ਜੈਰਾਮ ਰਮੇਸ਼ ਨੇ ਨਾਂਅ ਬਦਲਣ ਦੀ ਨਿੰਦਾ ਕੀਤੀ ਹੈ।

## ਵਿਦਿਆਰਥੀ ਨੂੰ ਪੈਟਰੋਲ ਪਾ ਕੇ ਸਾੜ’ਤਾ

**ਅਮਰਾਵਤੀ** : ਆਂਧਰਾ ਦੇ ਬਾਪਾਤਲਾ ਜ਼ਿਲ੍ਹੇ ’ਚ ਸ਼ੁੱਕਰਵਾਰ ਕੁਝ ਅਣਪਛਾਤਿਆਂ ਨੇ 10ਵੀਂ ਦੇ ਵਿਦਿਆਰਥੀ ਨੂੰ ਜ਼ਿੰਦਾ ਸਾੜ ਦਿੱਤਾ। ਹਮਲਾਵਰਾਂ ਨੇ ਉਸ ਵੇਲੇ ਅਮਰਨਾਥ (15) ’ਤੇ ਪੈਟਰੋਲ ਪਾ ਕੇ ਅੱਗ ਲਗਾ ਦਿੱਤੀ, ਜਦੋਂ ਉਹ ਟਿਊਸ਼ਨ ਜਾ ਰਿਹਾ ਸੀ। ਉਸ ਨੇ ਗੁੰਟੂਰ ਦੇ ਸਰਕਾਰੀ ਜਨਰਲ ਹਸਪਤਾਲ ’ਚ ਦਮ ਤੋੜ ਦਿੱਤਾ। ਇਹ ਘਟਨਾ ਚੇਰੂਕੁਪੱਲੀ ਬਲਾਕ ਦੇ ਰਾਜਾਵੋਲੂ ਪਿੰਡ ’ਚ ਵਾਪਰੀ। ਸਥਾਨਕ ਸਕੂਲ ਦਾ ਵਿਦਿਆਰਥੀ ਅਮਰਨਾਥ ਸਾਈਕਲ ’ਤੇ ਜਾ ਰਿਹਾ ਸੀ, ਜਦੋਂ ਉਸ ਨੂੰ ਰੇਡਲਾਪਾਲਮ ਨੇੜੇ ਕੁਝ ਨੌਜਵਾਨਾਂ ਨੇ ਰੋਕ ਲਿਆ ਅਤੇ ਪੈਟਰੋਲ ਪਾ ਕੇ ਅੱਗ ਲਗਾ ਦਿੱਤੀ। ਉਸ ਦੀਆਂ ਚੀਕਾਂ ਸੁਣ ਕੇ ਲੋਕਾਂ ਨੇ ਉਸ ਨੂੰ ਹਸਪਤਾਲ ਪਹੁੰਚਾਇਆ।

ਮਰਨ ਤੋਂ ਪਹਿਲਾਂ ਦਿੱਤੇ ਬਿਆਨ ’ਚ ਅਮਰਨਾਥ ਨੇ ਪੁਲਸ ਨੂੰ ਦੱਸਿਆ ਕਿ ਵੈਂਕਟੇਸ਼ਵਰ ਰੈਡੀ ਅਤੇ ਕੁਝ ਹੋਰਨਾਂ ਨੇ ਉਸ ਨੂੰ ਸਾੜਿਆ ਹੈ। ਅਮਰਨਾਥ ਦੇ ਦਾਦਾ ਨੇ ਕਿਹਾ ਕਿ ਅਮਰਨਾਥ ਦੀ ਭੈਣ ਨੂੰ ਤੰਗ ਕਰਨ ਵਾਲਾ ਮੁੰਡਾ ਇਸ ਕਤਲ ਲਈ ਜ਼ਿੰਮੇਵਾਰ ਹੈ। ਅਮਰਨਾਥ ਨੇ ਭੈਣ ਨੂੰ ਤੰਗ ਕਰਨ ’ਤੇ ਮੁੰਡੇ ਦੀ ਖਿਚਾਈ ਕੀਤੀ ਸੀ।





ੴ ਸਤਿਗੁਰ ਪ੍ਰਸਾਦਿ ॥
ਧੰਨ-ਧੰਨ ਸ਼ਹੀਦ ਬਾਬਾ ਨਿਹਾਲ ਸਿੰਘ ਜੀ ਦਾ ਪਿੰਡ ਤੱਲ੍ਹਣ ਜਲੰਧਰ ਵਿਖੇ 72 ਵਾਂ
ਸਲਾਨਾਂ ਸ਼ਹੀਦੀ ਜੋੜ ਮੇਲਾ
ਮਿਤੀ 16 ਤੋਂ 18 ਜੂਨ, 2023 ਨੂੰ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।

ਪਿਆਰੀ ਸਾਧ ਸੰਗਤ ਜੀਓ,
ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਇਲਾਕਾ ਨਿਵਾਸੀ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਧੰਨ ਧੰਨ ਸ਼ਹੀਦ ਬਾਬਾ ਨਿਹਾਲ ਸਿੰਘ ਜੀ ਦੀ ਯਾਦ ਨੂੰ ਕਾਇਮ ਰੱਖਦਿਆਂ ਹੋਇਆ ਹਰ ਸਾਲ ਦੀ ਤਰਾਂ ਇਸ ਸਾਲ ਵੀ ਸਲਾਨਾ ਖੇਡ ਮੇਲਾ ਕਰਵਾਇਆ ਜਾ ਰਿਹਾ ਹੈ।
16 ਜੂਨ, 2023 ਦਿਨ ਸ਼ੁਕਰਵਾਰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ। ਜਿਸਦੇ ਭੋਗ 18 ਜੂਨ, ਐਤਵਾਰ ਸਵੇਰੇ 10 ਵਜੇ ਪੈਣਗੇ।
ਜਿਸ ਵਿੱਚ ਬੈਲ ਗੱਡੀਆਂ ਦੀਆਂ ਦੌੜਾਂ, ਵਾਲੀਵਾਲ ਅਤੇ ਕਬੱਡੀ ਦੇ ਮੈਚ ਅਤੇ ਸ਼ੋਅ ਮੈਚ ਟੂਰਨਾਮੈਂਟ ਜੋ ਕਿ ਮਿਤੀ 16, 17, 18 ਨੂੰ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਵਾਲੀਵਾਲ ਨਿਰੋਲ ਓਪਨ ਅਤੇ ਪਿੰਡ ਪੱਧਰ ਤੇ ਕਬੱਡੀ, ਪਿੰਡ ਪੱਧਰ ਅਤੇ ਓਪਨ ਦੇ ਮੈਚ ਹੋਣਗੇ।
ਬੈਲ ਗੱਡੀਆਂ, ਵਾਲੀਵਾਲ ਤੇ ਕਬੱਡੀ ਦੀਆਂ ਐਂਟਰੀਆਂ ਸਿਰਫ 15-6-2023 ਸ਼ਾਮ ਤੱਕ ਲਈਆਂ ਜਾਣਗੀਆਂ, ਇਸਤੋਂ ਬਾਅਦ ਕੋਈ ਵੀ ਟੀਮ ਦੀ ਐਂਟਰੀ ਨਹੀਂ ਲਈ ਜਾਵੇਗੀ।
ਪਹਿਲੇ ਦਿਨ - ਮਿਤੀ 16-6-2023 ਨੂੰ ਬੈਲ ਗੱਡੀਆਂ ਦੀ ਦੋਹਰੀ ਦੌੜ
ਐਂਟਰੀ ਲਈ ਸੰਪਰਕ ਕਰੋ 98726-26105
ਧੰਨ ਧੰਨ ਸ਼ਹੀਦ ਬਾਬਾ ਨਿਹਾਲ ਸਿੰਘ ਜੀ ਪਿੰਡ ਤੱਲਣ ਵੱਲੋਂ ਵਾਲੀਵਾਲ ਅਤੇ ਕਬੱਡੀ ਦੇ ਮੈਚ
ਕਬੱਡੀ ਦੀਆਂ ਪਿੰਡ ਪੱਧਰ ਅਤੇ ਓਪਨ - ਮਿਤੀ 17, 18 ਜੂਨ 2023

ਕਬੱਡੀ ਦੇ ਮੈਚ
ਮਿਤੀ 16-6-2023
↔ 45 ਕਿਲੋ - ਪਹਿਲਾ ਇਨਾਮ - 31000/- ਦੂਜਾ ਇਨਾਮ 21000/-
↔ 55 ਕਿਲੋ - ਪਹਿਲਾ ਇਨਾਮ - 41000/- ਦੂਜਾ ਇਨਾਮ 31000/-
ਮਿਤੀ 17-6-2023
↔ 70 ਕਿਲੋ - ਪਹਿਲਾ ਇਨਾਮ - 51000/- ਦੂਜਾ ਇਨਾਮ 41000/-
↔ ਓਪਨ - ਪਹਿਲਾ ਇਨਾਮ - 1,00000/- ਦੂਜਾ ਇਨਾਮ 75000/-

16, 17 ਜੂਨ 2023
ਵਾਲੀਵਾਲ ਪਿੰਡ ਪੱਧਰ ਦੇ ਮੈਚ
ਪਹਿਲਾਂ ਇਨਾਮ 51,000/-
ਦੂਜਾ ਇਨਾਮ 31,000/-
ਤੀਜਾ ਇਨਾਮ 21,000/-

ਬੈਲ ਗੱਡੀਆਂ ਦੀਆਂ ਦੌੜਾਂ ਦੇ ਇਨਾਮ
1. 21000/- + ਟਰਾਫੀ   11. 2000/- + ਟਰਾਫੀ
2. 11000/- + ਟਰਾਫੀ   12. 2000/- + ਟਰਾਫੀ
3. 10000/- + ਟਰਾਫੀ   13. 2000/- + ਟਰਾਫੀ
4. 8000/- + ਟਰਾਫੀ   14. 2000/- + ਟਰਾਫੀ
5. 7000/- + ਟਰਾਫੀ   15. 2000/- + ਟਰਾਫੀ
6. 6000/- + ਟਰਾਫੀ   16. 2000/- + ਟਰਾਫੀ
7. 5000/- + ਟਰਾਫੀ   17. 2000/- + ਟਰਾਫੀ
8. 4000/- + ਟਰਾਫੀ   18. 2000/- + ਟਰਾਫੀ
9. 3000/- + ਟਰਾਫੀ   19. 2000/- + ਟਰਾਫੀ
10. 2000/- + ਟਰਾਫੀ   20. 2000/-+ ਟਰਾਫੀ

ਬੈਲ ਗੱਡੀਆਂ ਦੀ ਐਂਟਰੀ ਫੀਸ 200/-



ਕੁੜੀਆਂ ਦਾ ਕਬੱਡੀ ਸ਼ੋਅ ਮੈਚ : 17-6-2023
ਪਹਿਲਾਂ ਇਨਾਮ 15,000/- ਦੂਜਾ ਇਨਾਮ 12,000/-
ਛੋਟਿਆਂ ਬੱਚਿਆਂ ਦਾ ਕਬੱਡੀ ਸ਼ੋਅ ਮੈਚ - 17-6-2023
ਪਹਿਲਾਂ ਇਨਾਮ 11,000/- ਦੂਜਾ ਇਨਾਮ 7,000/-
ਕੁਸ਼ਤੀਆਂ ਦੇ ਮੈਚ : 18-6-2023
ਪਹੁੰਚ ਰਹੇ ਪਹਿਲਵਾਨ (1) ਪਰਮਿੰਦਰ ਡੁਮਛੇੜੀ (2) ਜੱਸਾ ਪੱਟੀ (3) ਪ੍ਰਿਤਪਾਲ (ਫਗਵਾੜਾ) (4) ਬੀਨੀਆ ਜੰਮੂ

ਬੈਲ ਗੱਡੀਆਂ ਦੀਆਂ ਦੋੜਾਂ ਦੀ ਸੇਵਾ ਵੱਲੋਂ ਜਸਪਾਲ ਸਿੰਘ ਦਿਓਲ ਪੁੱਤਰ ਕਰਨੈਲ ਸਿੰਘ ਦਿਓਲ (ਹਰੀਪੁਰ ਜਲੰਧਰ) ਇਨਾਮਾਂ, ਟਰਾਫੀਆਂ ਦੀਆਂ ਸੇਵਾ ਕਰਣਗੇ

ਸ਼ਰਤਾ: (1) ਹਰੇਕ ਕਬੱਡੀ ਟੀਮ ਲਈ ਘੱਟ ਤੋਂ ਘੱਟ 8 ਖਿਡਾਰੀ ਜਰੂਰੀ ਹਨ। (2) ਕਿਸੇ ਵੀ ਖਿਡਾਰੀ ਦਾ ਕਿਸੇ ਵੀ ਸਮੇਂ ਡੋਪ ਟੈਸਟ ਕਰਵਾਇਆ ਜਾ ਸਕਦਾ ਹੈ, ਜੇਕਰ ਖਿਡਾਰੀ ਦਾ ਡੋਪ ਟੈਸਟ ਪੋਜੀਟਿਵ ਆਉਂਦਾ ਹੈ ਤਾਂ ਟੀਮ ਸਸਪੈਂਡ ਕੀਤੀ ਜਾਵੇਗੀ (3) ਗੁਰਦੁਆਰਾ ਸਾਹਿਬ ਵਲੋਂ ਬਣਾਈ ਕਮੇਟੀ ਦਾ ਫੈਸਲਾ ਆਖਰੀ ਫੈਸਲਾ ਹੋਵੇਗਾ। (4) 20 ਕਿਲੋਮੀਟਰ ਤੋਂ ਦੂਰੋਂ ਆਉਣ ਵਾਲੀਆਂ ਕਬੱਡੀ ਟੀਮਾਂ 45-55 ਕਿਲੋ ਭਾਗ ਵਰਗ ਨੂੰ ਹੀ ਵਾਜਿਬ ਕਿਰਾਇਆ ਦਿੱਤਾ ਜਾਵੇਗਾ।




ਜਾਰੀ ਕਰਤਾ - ਸ. ਉਕਾਂਰ ਸਿੰਘ ਸੰਘਾ (ਨਾਇਬ ਤਹਿਸੀਲਦਾਰ ਕਮ ਰਸੀਵਰ)
ਗੁਰਦੁਆਰਾ ਸ਼ਹੀਦਾਂ ਬਾਬਾ ਨਿਹਾਲ ਸਿੰਘ ਜੀ ਪਿੰਡ ਤੱਲ੍ਹਣ ਅਤੇ ਸਮੂਹ ਸਾਧ-ਸੰਗਤ ਇਲਾਕਾ ਨਿਵਾਸੀ, ਜਲੰਧਰ - ਫੋਨ - 99142-81614
Doaba Printing Press # 97816-53378

## ਆਈ ਐੱਸ ਐੱਫ ਕਾਲਜ ਦੇ ਐੱਨ ਐੱਸ ਐੱਸ ਯੂਨਿਟ ਨੇ ਖੱਡੇ ਭਰੇ



**ਮੋਗਾ (ਅਮਰਜੀਤ ਬੱਬਰੀ)**-ਸੂਬੇ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਆਈ.ਐੱਸ.ਐੱਫ. ਕਾਲਜ ਆਫ ਫਾਰਮੇਸੀ ਦੀ ਐੱਨ.ਐੱਸ.ਐੱਸ. ਯੂਨਿਟ ਵੱਲੋਂ ਘੱਲਕਲਾਂ ਪੁਲ ਦੇ ਥੱਲੇ ਹੋਣ ਵਾਲੇ ਹਾਦਸਿਆਂ ਤੋਂ ਬਚਾਅ ਲਈ ਖੱਡਿਆਂ ਨੂੰ ਭਰਨ ਦਾ ਕੰਮ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਐੱਨ.ਐੱਸ.ਐੱਸ. ਕੋਆਡੀਨੇਟਰ ਗੁਰਮੀਤ ਸਿੰਘ ਨੇ ਦੱਸਿਆ ਕਿ ਘੱਲਕਲਾਂ ਪੁਲ ਦੇ ਥੱਲੇ ਖੱਡੇ ਹੋਣ ਕਾਰਨ ਹਾਦਸੇ ਹੋ ਰਹੇ ਸਨ, ਜਿਸ ਨੂੰ ਵੇਖਦੇ ਹੋਏ ਸੰਸਥਾ ਦੇ ਡਾਇਰੈਕਟਰ ਡਾ. ਜੀ. ਡੀ. ਗੁਪਤਾ, ਡਾ. ਸਮਸ਼ੇਰ ਸਿੰਘ, ਡਾ. ਅਮਨਦੀਪ ਸਿੰਘ, ਡਾ. ਸੰਤ ਕੁਮਾਰ ਵਰਮਾ ਤੇ ਆਸ-ਪਾਸ ਦੇ ਦੁਕਾਨਦਾਰਾਂ ਨੇ ਮਿਲ ਕੇ ਖੱਡਿਆਂ ਨੂੰ ਭਰਨ ਦਾ ਕੰਮ ਕੀਤਾ, ਜਿਸ ਨਾਲ ਰਾਹਗੀਰਾਂ ਨੇ ਰਾਹਤ ਦੀ ਸਾਹ ਲਈ।

## ਸਕਿੱਲ ਕੰਪੀਟੀਸ਼ਨ 'ਚ ਅਸ਼ਵਿਨ ਨੇ ਜਿੱਤਿਆ ਗੋਲਡ ਮੈਡਲ



**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਵਿੱਚ ਸਕੂਲਾਂ ਅੰਦਰ ਜੂਨ ਮਹੀਨੇ ਵਿੱਚ ਗਰਮੀ ਦੀਆਂ ਛੁੱਟੀਆਂ ਚੱਲ ਰਹੀਆਂ ਹਨ। ਇਨ੍ਹਾਂ ਛੁੱਟੀਆਂ ਵਿੱਚ ਹਰੇਕ ਸਕੂਲ, ਬੱਚਿਆਂ ਨੂੰ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਾਸਤੇ ਪ੍ਰੇਰਿਤ ਕਰ ਰਿਹਾ ਹੈ। ਇਸੇ ਤਰ੍ਹਾਂ ਹੀ ਸੈਕਰਟ ਹਾਰਟ ਕੌਨਵੈਂਟ ਸਕੂਲ ਵੱਲੋਂ ਵੀ ਸਕੂਲ ਵਿੱਚ ਛੁੱਟੀਆਂ ਦੌਰਾਨ ਸਮਰ ਕੈਂਪ ਲਾਇਆ ਗਿਆ, ਜਿਸ ਵਿੱਚ ਬੱਚਿਆਂ ਨੂੰ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਗਿਆ। ਇਨ੍ਹਾਂ ਸਮਰ ਕੈਂਪ ਦੌਰਾਨ ਕਰਵਾਏ ਸਕਿੱਲ ਕੰਪੀਟੀਸ਼ਨ ਵਿੱਚ ਤੀਸਰੀ ਜਮਾਤ ਦੇ ਬੱਚੇ ਅਸ਼ਵਿਨ ਪ੍ਰਤਾਪ ਬਹਿਲ ਨੇ ਆਪਣੀ ਪ੍ਰਤਿਭਾ ਦਾ ਚੰਗਾ ਪ੍ਰਦਰਸਨ ਕਰਦਿਆ ਗੋਲਡ ਮੈਡਲ ਹਾਸਲ ਕੀਤਾ ਹੈ। ਵੱਖ-ਵੱਖ ਕਵਿੱਜ਼ ਮੁਕਾਬਲਿਆਂ ਵਿੱਚ ਬਾਕੀ ਬੱਚਿਆਂ ਨੂੰ ਪਿੱਛੇ ਛੱਡ ਕੇ, ਇਸ ਹੋਣਹਾਰ ਬੱਚੇ ਨੇ ਪਹਿਲਾਂ ਵਾਂਗ ਆਪਣੇ ਮਾਂ-ਬਾਪ ਦਾ ਸਿਰ ਫਖਰ ਨਾਲ ਉੱਚਾ ਰੱਖਿਆ ਹੈ। ਜ਼ਿਕਰਯੋਗ ਹੈ ਕੇ ਅਸ਼ਵਿਨ ਪ੍ਰਤਾਪ ਬਹਿਲ ਨੇ ਖੇਡਾਂ ਵਿੱਚ ਜ਼ਿਲ੍ਹਾ ਤੇ ਪੰਜਾਬ ਪੱਧਰ 'ਤੇ ਕਈ ਮੁਕਾਬਲੇ ਜਿੱਤੇ ਹਨ।

## ਵਿਵੇਕਾਨੰਦ ਸਕੂਲ ਦੀਆਂ ਵਿਦਿਆਰਥਣਾਂ ਦਾ ਨੀਟ 'ਚ ਸ਼ਾਨਦਾਰ ਪ੍ਰਦਰਸ਼ਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਿਵੇਕਾਨੰਦ ਵਰਲਡ ਸਕੂਲ ਦੀਆਂ ਤਿੰਨ ਵਿਦਿਆਰਥਣਾਂ ਨੇ ਨੀਟ ਮੁਕਾਬਲੇ (ਰਾਸ਼ਟਰੀ ਯੋਗਤਾ ਤੇ ਦਾਖਲਾ ਪ੍ਰੀਖਿਆ) 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਇਸ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਸਕੂਲ ਦੇ ਡਾਇਰੈਕਟਰ ਡਾ. ਐੱਸ ਐੱਨ ਰੁਦਰਾ ਨੇ ਦੱਸਿਆ ਕਿ ਵਿਵੇਕਾਨੰਦ ਵਰਲਡ ਸਕੂਲ ਦੀ ਵਿਦਿਆਰਥਣ ਨੂਰ ਅਰੋੜਾ ਨੇ ਨੀਟ ਦੀ ਪ੍ਰੀਖਿਆ ਵਿੱਚ 98.7 ਪ੍ਰਤੀਸ਼ਤ, ਕਸ਼ਿਸ਼ ਬਜਾਜ ਨੇ 94.35 ਪ੍ਰਤੀਸ਼ਤ ਤੇ ਛਵੀ ਨੇ 91.54 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਨਾ ਸਿਰਫ਼ ਆਪਣੇ ਲਈ ਤੇ ਆਪਣੇ ਪਰਿਵਾਰ ਲਈ, ਸਗੋਂ ਵਿਵੇਕਾਨੰਦ ਵਰਲਡ ਸਕੂਲ ਦੇ ਨਾਲ-ਨਾਲ ਸਰਹੱਦੀ ਖੇਤਰਾਂ ਲਈ ਵੀ ਨਾਮਣਾ ਖੱਟਿਆ ਹੈ।ਫਿਰੋਜ਼ਪੁਰ ਦਾ ਨਾਂ ਵੀ ਰੌਸ਼ਨ ਕੀਤਾ ਹੈ।ਡਾ. ਰੁਦਰਾ ਨੇ ਕਿਹਾ ਕਿ ਇਨ੍ਹਾਂ ਤਿੰਨਾਂ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੇ ਨਾ ਸਿਰਫ਼ ਉਨ੍ਹਾਂ ਦੇ ਮਾਪਿਆਂ ਦਾ ਮਾਣ ਵਧਾਇਆ ਹੈ, ਸਗੋਂ ਉਨ੍ਹਾਂ ਤੇ ਉਨ੍ਹਾਂ ਦੇ ਅਧਿਆਪਕਾਂ ਦੀ ਸਖ਼ਤ ਮਿਹਨਤ, ਦ੍ਰਿੜ੍ਹ ਇਰਾਦੇ ਤੇ ਉੱਤਮਤਾ ਨੇ ਵਿਵੇਕਾਨੰਦ ਵਰਲਡ ਸਕੂਲ ਦਾ ਨਾਂ ਵੀ ਰੌਸ਼ਨ ਕੀਤਾ ਹੈ।ਵਿਵੇਕਾਨੰਦ ਵਰਲਡ ਸਕੂਲ ਨੇ ਇਸ ਸਰਹੱਦੀ ਖੇਤਰ 'ਚ ਇੰਨੇ ਘੱਟ ਸਮੇਂ 'ਚ ਅੰਤਰਰਾਸ਼ਟਰੀ ਤੇ ਰਾਸ਼ਟਰੀ ਖਿਡਾਰੀ ਪੈਦਾ ਕੀਤੇ ਹਨ ਅਤੇ ਹਾਲ ਹੀ 'ਚ ਆਯੋਜਿਤ ਨੈਸ਼ਨਲ ਜੇਈਈ (ਲੀਡਿੰਗ) 'ਚ ਸਕੂਲ ਦੇ ਵਿਦਿਆਰਥੀਆਂ ਸਾਹਿਲਪ੍ਰੀਤ ਸਿੰਘ ਤੇ ਤਰੁਣ ਠਾਕੁਰ ਦਾ ਸ਼ਾਨਦਾਰ ਪ੍ਰਦਰਸ਼ਨ ਤੇ ਆਖਰੀ ਦਿਨ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਤਿੰਨੋਂ ਵਿਦਿਆਰਥਣਾਂ ਦੁਆਰਾ ਨੀਟ ਨੇ ਸਾਬਿਤ ਕੀਤਾ ਹੈ ਕਿ ਵਿਵੇਕਾਨੰਦ ਵਰਲਡ ਸਕੂਲ ਆਪਣੇ ਆਪ ਵਿਚ ਸਮੇਂ ਦੀ ਪ੍ਰੀਖਿਆ 'ਤੇ ਖਰਾ ਉੱਤਰਿਆ ਹੈ।

## ਸਰਕਾਰੀ ਕਿਰਤੀ ਕਾਲਜ ਦਾ ਪ੍ਰਾਸਪੈਕਟ ਰਿਲੀਜ਼



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿਖੇ ਪ੍ਰਿੰਸੀਪਲ ਪ੍ਰੋਫੈਸਰ ਅਮਰਜੀਤ ਸਿੰਘ ਦੀ ਯੋਗ ਅਗਵਾਈ ਹੇਠ ਵਿੱਦਿਅਕ ਸੈਸ਼ਨ 2023-24 ਦਾ ਪ੍ਰਾਸਪੈਕਟ ਕਾਲਜ ਵਿਕਾਸ ਕਮੇਟੀ ਦੇ ਕਨਵੀਨਰ ਕਾਮਰੇਡ ਬਲਦੇਵ ਸਿੰਘ ਨਿਹਾਲਗੜ੍ਹ ਨੇ ਕਾਲਜ ਦੇ ਵਿਦਿਆਰਥੀਆਂ ਦੀ ਹਾਜ਼ਰੀ 'ਚ ਰਿਲੀਜ਼ ਕੀਤਾ। ਮੁੱਖ ਮਹਿਮਾਨ ਕਾਮਰੇਡ ਬਲਦੇਵ ਸਿੰਘ ਨਿਹਾਲਗੜ੍ਹ ਨੇ ਕਿਹਾ ਕਿ ਇਲਾਕੇ 'ਚ ਅਨਪੜ੍ਹਤਾ ਖਤਮ ਕਰਨ ਦੇ ਮਕਸਦ ਨਾਲ 50 ਸਾਲ ਪਹਿਲਾਂ ਮਹਾਨ ਦੇਸ਼ ਭਗਤ ਕਾਮਰੇਡ ਤੇਜਾ ਸਿੰਘ ਸੁਤੰਤਰ ਵੱਲੋਂ ਇੱਕ ਸਮਾਜ ਸੇਵੀ ਸੰਸਥਾ ਦੇ ਤੌਰ 'ਤੇ ਇਸ ਕਾਲਜ ਨੂੰ ਹੋਂਦ 'ਚ ਲਿਆਂਦਾ ਗਿਆ ਸੀ। ਕਾਲਜ ਪਿਛਲੇ ਲੰਬੇ ਸਮੇਂ ਤੋਂ ਸਰਕਾਰੀ ਹੱਥਾਂ 'ਚ ਹੈ ਤੇ ਪੰਜਾਬ ਸਰਕਾਰ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਕਾਲਜ ਪ੍ਰਿੰਸੀਪਲ ਪ੍ਰੋ. ਅਮਰਜੀਤ ਸਿੰਘ ਨੇ ਦੱਸਿਆ ਕਿ ਇਲਾਕੇ ਦਾ ਇੱਕੋ ਇੱਕ ਸਰਕਾਰੀ ਕਾਲਜ ਹੈ, ਜਿਸ ਕਰਕੇ ਇੱਥੇ ਚੱਲਣ ਵਾਲੇ ਕੋਰਸ ਬੀਏ, ਬੀਸੀਏ, ਪੀਜੀਡੀਸੀਏ, ਐੱਮਐੱਸਸੀ ਰੈਗੂਲਰ, ਐਮਐੱਸਸੀ ਲੇਟਰਲ ਐਂਟਰੀ ਨੂੰ ਬਹੁਤ ਘੱਟ ਫ਼ੀਸਾਂ 'ਚ ਕਰਵਾਇਆ ਜਾਂਦਾ ਹੈ। ਇਨ੍ਹਾਂ ਸਾਰੇ ਕੋਰਸਾਂ ਵਿੱਚ ਐੱਸਸੀ ਸ਼੍ਰੇਣੀ ਤੇ ਹੋਰ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਪੰਜਾਬ ਸਰਕਾਰ ਤੋਂ ਮਿਲਣ ਵਾਲੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਅਨੁਰਾਗ, ਡਾ. ਗੁਰਜੀਤ ਸਿੰਘ, ਪ੍ਰੋਫੈਸਰ ਰਮਨਜੀਤ ਕੌਰ, ਪ੍ਰੋ. ਰਮਨਦੀਪ ਕੌਰ, ਪ੍ਰੋ. ਅੰਮ੍ਰਿਤਪਾਲ ਸਿੰਘ, ਪ੍ਰੋ. ਬਲਕਾਰ ਸਿੰਘ, ਪ੍ਰੋ. ਸੰਦੀਪ ਕੌਰ, ਪ੍ਰੋ. ਮਨੋਜ ਕੁਮਾਰ, ਪ੍ਰੋ. ਮਨਿੰਦਰ ਸਿੰਘ, ਪ੍ਰੋ. ਸੰਜੀਵ ਕੁਮਾਰ, ਹਰਪ੍ਰੀਤ ਸਿੰਘ ਤੇ ਐੱਨ ਐੱਸ ਐੱਸ ਵਲੰਟੀਅਰ ਹਾਜ਼ਰ ਸਨ।

## ਗਦਰੀ ਸੂਰਬੀਰ ਦਾ ਪਿੰਡ ਵਜੀਦਕੇ ਮੁੱਢਲੀਆਂ ਸਹੂਲਤਾਂ ਤੋਂ ਵਾਂਝਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਗਦਰੀ ਸ਼ਹੀਦ ਰਹਿਮਤ ਅਲੀ ਦੇ ਜੱਦੀ ਪਿੰਡ ਵਜੀਦਕੇ ਕਲਾਂ ਵਿਖੇ ਗੰਦੇ ਪਾਣੀ ਦਾ ਨਿਕਾਸ ਨਾ ਹੋਣ ਕਰਕੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿੰਡ ਦੇ ਲੋਕਾਂ ਦਾ ਕਹਿਣਾ ਹੈ ਕਿ ਸੀਵਰੇਜ ਕਈ ਮਹੀਨੇ ਤੋਂ ਬੰਦ ਹੋਣ ਕਰਕੇ ਮੀਂਹ ਦਾ ਸਾਰਾ ਪਾਣੀ ਪਿੰਡ ਦੀ ਫਿਰਨੀ 'ਤੇ ਨੀਵੀਂ ਥਾਂ ਛੱਪੜ ਦਾ ਰੂਪ ਧਾਰਨ ਕਰ ਗਿਆ ਹੈ, ਜਿੱਥੋਂ ਲੰਘਣ ਵਾਲੇ ਵਾਹਨ ਚਾਲਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂ ਗੁਰਦੀਪ ਸਿੰਘ ਖਾਲਸਾ, ਕੁਲਜੀਤ ਸਿੰਘ, ਬਲਕਰਨ ਸਿੰਘ, ਕੌਰ ਸਿੰਘ, ਦਲਵੀਰ ਸਿੰਘ, ਗੁਰਚਰਨ ਸਿੰਘ, ਮਾਲਜੀਤ ਸਿੰਘ ਸਮਰਾ, ਸ਼ੇਰ ਸਿੰਘ, ਨਾਹਰ ਸਿੰਘ, ਸਰਬਜੀਤ ਸਿੰਘ, ਪ੍ਰੈੱਸ ਕਲੱਬ ਰਜਿ: ਮਹਿਲ ਕਲਾਂ ਦੇ ਪ੍ਰਧਾਨ ਬਲਵਿੰਦਰ ਸਿੰਘ ਵਜੀਦਕੇ ਨੇ ਕਿਹਾ ਕਿ ਆਜ਼ਾਦੀ ਦੇ ਸੰਗਰਾਮ 'ਚ ਜਿੰਦੜੀਆਂ ਵਾਰ ਗਏ ਮਹਾਨ ਸ਼ਹੀਦਾਂ ਦੀ ਜਨਮ ਭੂਮੀ ਪਿੰਡਾਂ ਨੂੰ ਵੀ ਅਜੇ ਤੱਕ ਵੀ ਮੁੱਢਲੀਆਂ ਸਹੂਲਤਾਂ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ। ਉਨ੍ਹਾਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਸੀਵਰੇਜ ਸਿਸਟਮ ਨੂੰ ਠੀਕ ਕਰਕੇ ਲੋਕਾਂ ਦੇ ਇਸ ਗੰਭੀਰ ਮਸਲੇ ਨੂੰ ਤੁਰੰਤ ਹੱਲ ਕੀਤਾ ਜਾਵੇ।



ਵਿਸ਼ਵ ਖੂਨਦਾਨ ਦਿਵਸ ਮੌਕੇ ਸਿਵਲ ਹਸਪਤਾਲ ਰਾਮਪੁਰਾ ਫੂਲ ਵਿਖੇ ਹਸਪਤਾਲ ਦੀ ਬਲੱਡ ਬੈਂਕ ਵਿੱਚ ਦੂਜੀ ਵਾਰ ਖੂਨਦਾਨ ਕਰਦਾ ਹੋਇਆ ਵਿਨਿਤ ਗਰਗ। (ਫੋਟੋ ਤੇ ਵੇਰਵਾ : ਦਰਸ਼ਨ ਜਿੰਦਲ, ਰਾਮਪੁਰਾ ਫੂਲ।



ਅਮਿਤ ਕੁਮਾਰ ਵੱਲੋਂ ਸੰਗਰਾਂਦ ਦੇ ਸ਼ੁੱਭ ਦਿਹਾੜੇ 'ਤੇ ਸਰਹੰਦ ਦੇ ਮੇਨ ਬਜ਼ਾਰ ਵਿੱਚ ਠੰਢੇ ਮਿੱਠੇ ਜਲ ਦੀ ਛਬੀਲ ਅਤੇ ਸਮੋਸਿਆਂ ਦਾ ਲੰਗਰ ਲਗਾਇਆ। (ਫੋਟੋ ਤੇ ਵੇਰਵਾ : ਪ੍ਰਮੋਦ ਭਾਰਦਵਾਜ, ਫਤਿਹਗੜ੍ਹ ਸਾਹਿਬ)

# ਸੂਬੇਦਾਰ ਦਲੀਪ ਸਿੰਘ ਨਾਹਰ ਦੀ ਯਾਦ 'ਚ ਉਸਾਰੇ ਗੇਟ ਦਾ ਵਿਧਾਇਕ ਬਿਲਾਸਪੁਰ ਨੇ ਕੀਤਾ ਉਦਘਾਟਨ



**ਮੋਗਾ (ਅਮਰਜੀਤ ਬੱਬਰੀ)**

ਪਿੰਡ ਰਾਉਕੇ ਕਲਾਂ ਦੀ ਗ੍ਰਾਮ ਪੰਚਾਇਤ, ਪਰਵਾਰਕ ਮੈਂਬਰਾਂ ਵਲੋਂ ਸੂਬੇਦਾਰ ਦਲੀਪ ਸਿੰਘ ਨਾਹਰ ਦੀ ਯਾਦ ਉਸਾਰੇ ਗਏ ਗੇਟ ਦਾ ਉਦਘਾਟਨ ਹਲਕਾ ਨਿਹਾਲ ਸਿੰਗ ਵਾਲਾ ਦੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਵਲੋਂ ਕੀਤਾ ਗਿਆ। ਇਸ ਮੌਕੇ ਦਲੀਪ ਸਿੰਘ ਨਾਹਰ ਦੇ ਪਰਵਾਰਕ ਮੈਂਬਰ ਗੁਰਮੇਲ ਸਿੰਘ ਨਾਹਰ, ਸਵਰਨਜੀਤ ਸਿੰਘ ਨਾਹਰ, ਜਸਮੇਲ ਸਿੰਘ ਨਾਹਰ, ਰਣਧੀਰ ਸਿੰਘ ਨਾਹਰ, ਪਰਮਜੀਤ ਸਿੰਘ ਨਾਹਰ ਤੇ ਉਨ੍ਹਾਂ ਦੀਆਂ ਨੂੰਹਾਂ, ਪੁੱਤ, ਪੋਤੇ ਇਸ ਮੌਕੇ ਹਾਜ਼ਰ ਸਨ।

ਸਰਪੰਚ ਜਰਨੈਲ ਸਿੰਘ ਨੇ ਦੱਸਿਆ ਕਿ ਦਲੀਪ ਸਿੰਘ ਨਾਹਰ ਨੇ ਫੌਜ ਵਿੱਚ ਵੱਖ-ਵੱਖ ਅਹੁਦਿਆਂ 'ਤੇ ਰਹਿੰਦਿਆਂ ਮੁਲਕ ਲਈ ਲੜਾਕੂ ਜਾਂਬਾਜ਼ ਇਰਾਦਿਆਂ ਨਾਲ ਡਿਊਟੀ ਨਿਭਾਈ। 1965 ਦੀ ਜੰਗ ਵਿੱਚ ਮੋਹਰੀ ਰੋਲ ਨਿਭਾਉਣ 'ਤੇ ਸੈਨਾ ਮੈਡਲ ਨਾਲ ਸਨਮਾਨਤ ਹੋਏ। ਆਪ ਵੱਲੋਂ ਡਿਫੈਂਸ ਦੀ ਨੌਕਰੀ ਤੋਂ ਰਿਟਾਇਰ ਹੋਣ ਉਪਰੰਤ ਲਗਾਤਾਰ ਪਿੰਡ ਰਾਊਕੇ ਕਲਾਂ ਦੀ ਗ੍ਰਾਮ ਪੰਚਾਇਤ ਦੇ ਜ਼ਿੰਮੇਵਾਰ ਪੰਚ ਦੇ ਅਹੁਦੇ 'ਤੇ ਹੁੰਦੇ ਹੋਏ ਪਿੰਡ ਪੱਧਰ 'ਤੇ ਵੱਡੇ ਵੱਡੇ ਵਿਕਾਸ ਦੇ ਕੰਮ, ਜਿਸ ਵਿੱਚ ਗ਼ਰੀਬ ਵਰਗ ਨੂੰ ਪਲਾਟ ਦਿਵਾਉਣੇ, ਪਿੰਡ ਦੀ ਧਰਮਸ਼ਾਲਾ ਲਈ ਗ੍ਰਾਂਟ, ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਦੀ ਉਸਾਰੀ ਕਰਾਉਣਾ, ਗ਼ਰੀਬ ਲੋੜਵੰਦ ਪਰਵਾਰਾਂ ਲਈ ਬੈਂਕ ਲੋਨ ਕਰਾ ਕੇ ਦੇਣਾ, ਪਿੰਡ ਦੇ ਹਰ ਦੁੱਖ-ਸੁੱਖ ਵਿੱਚ ਸ਼ਰੀਕ ਹੋਣ, ਲੋਕ ਭਲਾਈ ਦੀਆਂ ਸਕੀਮਾਂ ਘਰ-ਘਰ ਪੁਚਾਉਣਾ ਆਦਿ ਕੰਮਾਂ ਨੂੰ ਤਨਦੇਹੀ ਨਾਲ ਨਿਭਾਈ ਸੇਵਾ ਬਦਲੇ ਉਨ੍ਹਾਂ ਦੇ ਸਨਮਾਨ ਵਿੱਚ ਇਸ ਗੇਟ ਦੀ ਉਸਾਰੀ ਕੀਤੀ ਗਈ ਹੈ। ਸੂਬੇਦਾਰ ਦਲੀਪ ਸਿੰਘ ਤੇ ਮਾਤਾ ਮੁਖਤਿਆਰ ਕੌਰ ਨਾਹਰ ਦੇ 5 ਲੜਕੇ, ਜਿਨ੍ਹਾਂ ਵਿੱਚੋਂ 4 ਬਿਜਲੀ ਬੋਰਡ ਦੇ ਚੰਗੇ ਅਹੁਦਿਆਂ ਦੇ ਨਾਲ-ਨਾਲ ਕਿਰਤ ਦੀ ਧਿਰ ਦੀ ਅਗਵਾਈ ਕਰਦਿਆਂ ਸਟੇਟ ਪੱਧਰ, ਜ਼ੋਨ ਪੱਧਰ 'ਤੇ ਮੁਲਾਜ਼ਮ ਲਹਿਰ, ਦੱਬੇ ਕੁਚਲੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਹਰ ਸੰਭਵ ਕੋਸ਼ਿਸ਼ ਕਰਦੇ ਰਹਿੰਦੇ ਹਨ। ਬਾਪੂ ਦਲੀਪ ਸਿੰਘ ਨੇ ਸਰਵਿਸ ਦੇ ਨਾਲ ਨਾਲ ਪਿੰਡ ਪੱਧਰ 'ਤੇ ਕੀਤੇ ਯਾਦਗਾਰੀ ਕੰਮਾਂ ਲਈ ਅਤੇ ਉਨ੍ਹਾਂ ਦੀ ਯਾਦ ਨੂੰ ਤਾਜਾ ਰੱਖਣ ਲਈ ਪਿੰਡ ਰਾਊਕੇ ਦੀ ਮੇਨ ਰੋਡ ਉਪਰ ਸਟੀਲ ਦਾ ਗੇਟ ਪਿੰਡ ਵਾਸੀਆਂ ਵੱਲੋਂ ਬਣਾਇਆ ਗਿਆ ਹੈ। ਇਸ ਮੌਕੇ ਬੋਲਦਿਆਂ ਦਰਸ਼ਨ ਲਾਲ ਮੋਗਾ ਡਿਪਟੀ ਜਨਰਲ ਸਕੱਤਰ ਪੰਜਾਬ ਫੈਡਰੇਸ਼ਨ ਏਟਕ ਨੇ ਕਿਹਾ ਕਿ ਨਾਹਰ ਪ੍ਰੀਵਾਰ 35 ਸਾਲ ਤੋਂ ਮੋਗਾ ਰਹਿ ਰਿਹਾ ਹੈ, ਪਰ ਦਲੀਪ ਸਿੰਘ ਦੀਆਂ ਸੇਵਾਵਾਂ ਬਦਲੇ ਉਨ੍ਹਾਂ ਦੀ ਯਾਦ ਨੂੰ ਸਮਰਪਤ ਸ਼ਾਨਦਾਰ ਸੇਵਾਵਾਂ ਬਦਲੇ ਸਨਮਾਨ ਦੇਣਾ ਨਾਹਰ ਪਰਵਾਰ ਦੇ ਲਈ ਮਾਣ ਵਾਲੀ ਗੱਲ ਹੈ।

## ਅੱਜ-ਨਾਮਾ

ਫੜੀ ਕਰਨਾਟਕ ਸਰਕਾਰ ਰਫਤਾਰ ਤਿੱਖੀ,
ਫੈਸਲੇ ਬਦਲਵੇਂ ਲੱਗੀ ਪਈ ਕਰਨ ਮੀਆਂ।
ਸਫਰ ਬੱਸਾਂ ਦਾ, ਮਿਲੇਗੀ ਮੁਫਤ ਬਿਜਲੀ,
ਏਨੇ ਤੀਕ ਪਰ ਲੱਗਾ ਨਹੀਂ ਸਰਨ ਮੀਆਂ।
ਜੋ ਕੋਈ ਦਿੱਤੀ ਗਾਰੰਟੀ ਇਸ ਚੋਣ ਅੰਦਰ,
ਚੁਣ ਕੇ ਖਾਤੇ ਉਹ ਲੱਗੀ ਹੈ ਭਰਨ ਮੀਆਂ।
ਦਿੱਤਾ ਹੌਸਲਾ ਭਾਰਾ ਘੱਟ-ਗਿਣਤੀਆਂ ਨੂੰ,
ਐਵੇਂ ਭੀੜਾਂ ਤੋਂ ਕਦੀ ਨਹੀਂ ਡਰਨ ਮੀਆਂ।
ਕੀਤੇ ਜਿਹੜੇ ਕਈ ਫੈਸਲੇ ਭਾਜਪਾਈਆਂ,
ਝੱਟਪਟ ਲੱਗੀ ਆ ਸੋਧ ਕਰਾਉਣ ਮੀਆਂ।
ਪਹਿਲੀ ਲੀਹ ਤੋਂ ਲੱਗੀ ਹੈ ਲਾਹੁਣ ਗੱਡੀ,
ਦੂਸਰੇ ਪਾਸੇ ਨੂੰ ਲੱਗੀ ਹੈ ਪਾਉਣ ਮੀਆਂ।

-ਤੀਸ ਮਾਰ ਖਾਂ

# ਪਾਰਟੀ ਦਾ ਉੱਪ ਪ੍ਰਧਾਨ ਬਣਨ 'ਤੇ ਵਿਧਾਇਕ ਕਾਕਾ ਬਰਾੜ ਦਾ ਸਨਮਾਨ

**ਮਾਰਕਿਟ ਕਮੇਟੀ ਦੇ ਚੇਅਰਮੈਨ ਸੁਰਜੀਤ ਸੰਧੂ ਨੂੰ ਵੀ ਸਿਰੋਪਾਓ ਭੇਟ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਬਰੀਵਾਲਾ ਦੇ ਬਲਾਕ ਪ੍ਰਧਾਨ ਬਲਵਿੰਦਰ ਸਿੰਘ ਖਾਲਸਾ ਦੀ ਅਗਵਾਈ ਹੇਠ ਸਮੂਹ ਪਿੰਡ ਵਾਸੀਆਂ ਨੇ ਆਮ ਆਦਮੀ ਪਾਰਟੀ ਦੇ ਸੂਬਾ ਉੱਪ ਪ੍ਰਧਾਨ ਬਣਨ 'ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਤੇ ਮਾਰਕਿਟ ਕਮੇਟੀ ਦੇ ਨਵ-ਨਿਯੁਕਤ ਚੇਅਰਮੈਨ ਸੁਰਜੀਤ ਸਿੰਘ ਸੰਧੂ ਨੂੰ ਸਿਰੋਪਾਓ ਭੇਟ ਕਰਕੇ ਵਧਾਈ ਦਿੱਤੀ ਗਈ।

ਇਸ ਮੌਕੇ ਬੋਲਦਿਆਂ ਬਲਾਕ ਪ੍ਰਧਾਨ ਬਲਵਿੰਦਰ ਸਿੰਘ ਖਾਲਸਾ ਤੇ ਸਮੂਹ ਪਿੰਡ ਵਾਸੀਆਂ ਨੇ ਕਿਹਾ ਕਿ ਪਾਰਟੀ ਵੱਲੋਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੂੰ ਇੱਕ ਹੋਰ ਵੱਡੀ ਜ਼ਿੰਮੇਵਾਰੀ ਦਿੱਤੀ ਗਈ ਹੈ, ਜਿਸ ਨਾਲ ਇਨ੍ਹਾਂ ਦਾ ਸਿਆਸੀ ਕੱਦ ਹੋਰ ਉੱਚਾ ਹੋ ਗਿਆ। ਉਨ੍ਹਾ ਕਿਹਾ ਕਿ ਇਨ੍ਹਾਂ ਦੀ ਮਿਹਨਤ ਨਾਲ ਇਹ ਸਫਲਤਾ ਮਿਲੀ ਹੈ। ਇਸ ਤੋਂ ਇਲਾਵਾ ਮਾਰਕਿਟ ਕਮੇਟੀ ਦੇ ਚੇਅਰਮੈਨ ਬਣੇ ਸੁਰਜੀਤ ਸਿੰਘ ਸੰਧੂ ਬਾਰੇ ਵੀ ਆਖਿਆ ਕਿ ਪਾਰਟੀ ਨੇ ਬਹੁਤ ਹੀ ਵਧੀਆ ਫੈਸਲਾ ਕੀਤਾ ਹੈ। ਇਸ ਦੌਰਾਨ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਤੇ ਮਾਰਕਿਟ ਕਮੇਟੀ ਦੇ ਚੇਅਰਮੈਨ ਸੁਰਜੀਤ ਸਿੰਘ ਸੰਧੂ ਨੇ ਆਖਿਆ ਕਿ ਇਹ ਜ਼ਿੰਮੇਵਾਰੀਆਂ ਸਮੂਹ ਵਰਕਰਾਂ ਦੀ ਮਿਹਨਤ ਸਦਕਾ ਹੀ ਮਿਲੀਆਂ ਹਨ।

ਉਨ੍ਹਾਂ ਵਿਸ਼ਵਾਸ ਦੁਆਇਆ ਕਿ ਉਹ ਹਮੇਸ਼ਾ ਹੀ ਹਲਕੇ ਤੇ ਵਰਕਰਾਂ ਦੀ ਚੜ੍ਹਦੀ ਕਲਾ ਲਈ ਕੰਮ ਕਰਦੇ ਰਹਿਣਗੇ। ਇਸ ਮੌਕੇ ਟਰੱਕ ਯੂਨੀਅਨ ਦੇ ਪ੍ਰਧਾਨ ਸੁਖਜਿੰਦਰ ਸਿੰਘ ਬੱਬਲੂ ਬਰਾੜ, ਉਪਕਾਰ ਸਿੰਘ, ਜਗਦੀਪ ਸਿੰਘ ਢਿੱਲੋਂ, ਪਰਮਜੀਤ ਸਿੰਘ ਪੰਮਾ ਨੰਬਰਦਾਰ, ਬਲਾਕ ਪ੍ਰਧਾਨ ਬਲਵਿੰਦਰ ਸਿੰਘ ਖਾਲਸਾ, ਬਲਾਕ ਪ੍ਰਧਾਨ ਜਸਵਿੰਦਰ ਸਿੰਘ ਰਾਜੂ ਸਰਾਏਨਾਗਾ, ਕੁਲਵੰਤ ਸਿੰਘ ਪਾਠੀ, ਸ਼ਿੰਦਰ ਸਿੰਘ ਫੌਜੀ, ਲਖਵੀਰ ਸਿੰਘ, ਸ਼ਮਸ਼ੇਰ ਸਿੰਘ ਵੜਿੰਗ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਵਰਕਰ ਤੇ ਪਿੰਡ ਵਾਸੀ ਹਾਜ਼ਰ ਸਨ।

## 'ਪ੍ਰੈੱਸ ਦੀ ਆਜ਼ਾਦੀ' 'ਤੇ ਹਮਲਾ ਨਿੰਦਣਯੋਗ : ਬਰਾੜ

**ਚੰਡੀਗੜ੍ਹ** : ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਹੈ ਕਿ ਸੁਤੰਤਰ ਭਾਰਤ ਦੇ ਸੰਵਿਧਾਨ ਵਿਚ ਦਰਜ 'ਪ੍ਰੈੱਸ ਦੀ ਆਜ਼ਾਦੀ' ਦੇ ਮੁਢਲੇ ਅਧਿਕਾਰ ਵਿਰੁੱਧ ਕਦਮ ਚੁੱਕਣਾ ਨਿੰਦਣਯੋਗ ਕਾਰਵਾਈ ਹੈ। ਇਹ ਸੂਬਾ ਸਰਕਾਰ ਵੱਲੋਂ ਹੋਵੇ ਜਾਂ ਕੇਂਦਰ ਸਰਕਾਰ ਵੱਲੋਂ, ਇਹ ਵਿਤਕਰਾ ਭਾਵੇਂ ਇਸ਼ਤਿਹਾਰ ਦੇਣ ਜਾਂ ਕਿਸੇ ਰਾਜਸੀ ਪੈਂਤੜੇਬਾਜ਼ੀ ਦੇ ਦ੍ਰਿਸ਼ਟੀਕੋਣ ਤੋਂ ਹੋਵੇ, ਹਰ ਹਾਲਤ 'ਚ ਬੰਦ ਕੀਤਾ ਜਾਵੇ। ਜਿੱਥੋਂ ਤੱਕ 'ਜੰਗੇ ਆਜ਼ਾਦੀ ਯਾਦਗਾਰ' ਸਥਾਪਤੀ ਦੇ ਸੰਬੰਧ 'ਚ ਵਿਜੀਲੈਂਸ ਵਿਭਾਗ ਵੱਲੋਂ ਕੀਤੀ ਜਾ ਰਹੀ ਜਾਂਚ-ਪੜਤਾਲ ਦਾ ਸੰਬੰਧ ਹੈ, ਸਾਥੀ ਬਰਾੜ ਨੇ ਕਿਹਾ ਕਿ ਸੰਬੰਧਤ ਧਿਰਾਂ ਨੂੰ ਸਪੱਸ਼ਟ ਕਰਕੇ ਕਾਨੂੰਨੀ ਪ੍ਰਕਿਰਿਆ ਦਾ ਸਹਾਰਾ ਲੈਂਦਿਆਂ ਹੋਇਆਂ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨਾ ਚਾਹੀਦਾ ਹੈ। ਸਾਥੀ ਬਰਾੜ ਨੇ ਅੱਗੇ ਕਿਹਾ ਕਿ ਆਪਣੇ 9 ਸਾਲਾਂ ਦੇ ਸ਼ਾਸਨ ਦੌਰਾਨ ਕੇਂਦਰ ਦੀਆਂ ਫਾਸ਼ਿਸਟ ਨੀਤੀਆਂ 'ਤੇ ਆਧਾਰਤ ਭਾਜਪਾ ਸਰਕਾਰ ਨੇ ਸੰਵਿਧਾਨ ਦੀਆਂ ਧੱਜੀਆਂ ਉਡਾ ਕੇ ਕੇਂਦਰੀ ਏਜੰਸੀਆਂ ਈ ਡੀ, ਸੀ ਬੀ ਆਈ, ਇਨਕਮ ਟੈਕਸ ਵਿਭਾਗ ਆਦਿ ਨੂੰ ਵਿਰੋਧੀਆਂ ਨੂੰ ਦਬਾਉਣ ਵਾਸਤੇ ਜਿਸ ਤਰ੍ਹਾਂ ਦੁਰ-ਉਪਯੋਗ ਕੀਤਾ ਹੈ ਤੇ ਜਿਸ ਪ੍ਰਕਾਰ ਮੁਢਲੇ ਅਧਿਕਾਰਾਂ ਸਮੇਤ ਪ੍ਰੈੱਸ ਦੀ ਆਜ਼ਾਦੀ ਨੂੰ ਪੈਰਾਂ ਹੇਠਾਂ ਕੁਚਲਿਆ ਹੈ, ਨੇ ਸਥਾਨਕ ਸਰਕਾਰਾਂ ਵੱਲੋਂ ਚੁੱਕੇ ਜਾਂਦੇ ਕਦਮਾਂ 'ਤੇ ਵੀ ਸ਼ੱਕ ਪੈਦਾ ਕਰ ਦਿੱਤਾ ਹੈ। ਸੀ ਪੀ ਆਈ ਨੇ ਕਿਹਾ ਕਿ ਪੰਜਾਬ ਦੇ ਲੋਕ ਆਸ ਕਰਦੇ ਹਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਕਿਸਮ ਦੇ ਗੈਰ-ਸੰਵਿਧਾਨਕ ਅਤੇ ਗੈਰ-ਜਮਹੂਰੀ ਕਦਮ ਚੁੱਕਣ ਤੋਂ ਪਰਹੇਜ਼ ਕਰੇਗੀ।

## ਮਾਨਸਾ ਦੀ ਧੀ ਨੇ ਖ਼ਬਰਾਂ ਨੂੰ ਸੰਕੇਤਕ ਭਾਸ਼ਾ 'ਚ ਬਦਲਣ ਦੀ ਤਕਨੀਕ ਪੇਟੈਂਟ ਕੀਤੀ



**ਬਰੇਟਾ (ਗੋਬਿੰਦ ਸ਼ਰਮਾ)**-ਕੰਪਿਊਟਰ ਵਿਗਿਆਨ ਵਿਭਾਗ ਦੀ ਖੋਜਾਰਥੀ ਅਨੂ ਰਾਣੀ ਦਾ ਖੋਜ ਕਾਰਜ ਪੇਟੈਂਟ ਲਈ ਪ੍ਰਕਾਸ਼ਤ ਹੋਇਆ ਹੈ। ਪੇਟੈਂਟ ਪ੍ਰਾਪਤੀ ਦੀ ਪ੍ਰਕਿਰਿਆ ਵਿੱਚ ਇਸ ਨੂੰ ਪਹਿਲਾ ਪੜਾਅ ਮੰਨਿਆ ਜਾਂਦਾ ਹੈ। ਉਹ ਕੰਪਿਊਟਰ ਵਿਗਿਆਨ ਵਿਭਾਗ ਦੇ ਪ੍ਰੋ. ਵਿਸ਼ਾਲ ਗੋਇਲ ਤੇ ਡੀ.ਏ.ਵੀ. ਕਾਲਜ ਜਲੰਧਰ ਤੋਂ ਡਾ. ਲਲਿਤ ਗੋਇਲ ਅਧੀਨ ਖੋਜ ਕਾਰਜ ਕਰ ਰਹੀ ਹੈ। ਪ੍ਰੋ. ਵਿਸ਼ਾਲ ਨੇ ਦੱਸਿਆ ਕਿ ਉਸ ਦਾ ਕੰਮ ਮੁੱਖ ਤੌਰ ਉੱਤੇ ਖ਼ਬਰਾਂ ਨੂੰ ਆਪਣੇ ਆਪ ਐਨੀਮੇਟਿਡ ਵੀਡੀਓ ਪ੍ਰਣਾਲੀ ਰਾਹੀਂ ਸੰਕੇਤਕ ਭਾਸ਼ਾ ਵਿੱਚ ਤਬਦੀਲ ਕਰਨ ਦਾ ਤਕਨੀਕੀ ਢੰਗ ਲੱਭਣ ਨਾਲ ਜੁੜਿਆ ਹੈ। ਅਜਿਹਾ ਹੋਣ ਨਾਲ ਸੁਣਨ ਤੋਂ ਅਸਮਰੱਥ ਲੋਕਾਂ ਨੂੰ ਲਾਭ ਪਹੁੰਚ ਸਕਦਾ ਹੈ, ਕਿਉਂਕਿ ਉਨ੍ਹਾਂ ਲਈ ਇਸ ਤਕਨੀਕ ਰਾਹੀਂ ਨਿਯਮਤ ਰੂਪ ਵਿੱਚ ਸੰਕੇਤਕ ਭਾਸ਼ਾ ਵਿੱਚ ਖ਼ਬਰਾਂ ਦੀ ਸਮੱਗਰੀ ਉਪਲਬਧ ਹੋ ਸਕਦੀ ਹੈ। ਅਨੂ ਰਾਣੀ ਦੇ ਦੱਸਿਆ ਕਿ ਇਸ ਸੰਬੰਧੀ ਵਿਕਸਤ ਕੀਤੀ ਪ੍ਰਣਾਲੀ ਦਾ ਮੁਲਾਂਕਣ ਕਰਨ ਲਈ ਉਨ੍ਹਾਂ ਡੈੱਫ ਐਂਡ ਬਲਾਈਂਡ ਸਕੂਲ ਪਟਿਆਲਾ ਦਾ ਦੌਰਾ ਵੀ ਕੀਤਾ ਸੀ। ਉਨ੍ਹਾਂ ਦੱਸਿਆ ਕਿ ਇਸ ਤਕਨੀਕ ਰਾਹੀਂ ਸੁਣਨ ਤੋਂ ਅਸਮਰਥ ਵਿਦਿਆਰਥੀਆਂ ਤੇ ਸਕੂਲ ਦੇ ਅਧਿਆਪਕਾਂ ਨਾਲ ਸੰਵਾਦ ਰਚਾਇਆ ਗਿਆ। ਇਸ ਨਿਊਜ਼ ਟੈਲੀਕਾਸਟ ਸਿਸਟਮ ਦੀ ਜਾਂਚ ਲਈ ਲੋੜੀਂਦੇ ਵਾਕਾਂ ਦੀ ਚੋਣ ਵੱਖ-ਵੱਖ ਨਿਊਜ਼ ਚੈਨਲਾਂ ਜਿਵੇਂ ਡੀਡੀ ਨਿਊਜ਼ ਫਾਰ ਹੀਅਰਿੰਗ ਇੰਪੇਅਰਡ, ਆਈਐਸਐਚ ਨਿਊਜ਼ ਤੇ ਇੰਡੀਆ ਟੁਡੇ ਆਦਿ ਤੋਂ ਲਈ ਗਈ ਹੈ। ਉਨ੍ਹਾਂ ਦੱਸਿਆ ਕਿ ਖ਼ਬਰਾਂ ਦੇ ਕੁੱਲ 1112 ਵਾਕਾਂ ਦੀ ਜਾਂਚ ਕੀਤੀ ਗਈ। ਸੁਣਨ ਤੋਂ ਅਸਮਰਥ ਲੋਕਾਂ ਲਈ ਵਿਕਸਤ ਇਸ ਅੰਗਰੇਜ਼ੀ ਨਿਊਜ਼ ਟੈਲੀਕਾਸਟ ਸਿਸਟਮ ਨਾਲ ਆਮ ਤੌਰ 'ਤੇ 79.94% ਸਹੀ ਨਤੀਜੇ ਵੇਖੇ ਗਏ। ਪ੍ਰੋ. ਵਿਸ਼ਾਲ ਨੇ ਦੱਸਿਆ ਕਿ ਇਸ ਤਰ੍ਹਾਂ ਦਾ ਸਿਸਟਮ ਦੁਨੀਆ ਵਿੱਚ ਪਹਿਲੀ ਵਾਰ ਤਿਆਰ ਕੀਤਾ ਗਿਆ ਹੈ। ਸਮੇਂ-ਸਮੇਂ ਉੱਪਰ ਇਸ ਦੀ ਸ਼ੁੱਧਤਾ ਦਰ ਵਿੱਚ ਹੋਰ ਵਾਧਾ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ ਸਥਾਪਤ ਕੀਤੇ ਗਏ 'ਰਿਸਰਚ ਸੈਂਟਰ ਫਾਰ ਟੈਕਨਾਲੋਜੀ ਡਿਵੈਲਪਮੈਂਟ ਫਾਰ ਡਿਫਰੈਂਟਲੀ ਏਬਲਡ ਪਰਸਨਜ਼' ਵੱਲੋਂ ਰੇਲਵੇ ਸਟੇਸ਼ਨ ਤੇ ਹੋਰ ਜਨਤਕ ਥਾਵਾਂ ਉੱਤੇ ਹੋਣ ਵਾਲੀਆਂ ਵੱਖ-ਵੱਖ ਸੂਚਨਾਵਾਂ ਨੂੰ ਸੁਣਨ ਬੋਲਣ ਤੋਂ ਅਸਮਰਥ ਲੋਕਾਂ ਲਈ ਸੰਕੇਤਕ ਭਾਸ਼ਾ ਵਿੱਚ ਤਬਦੀਲ ਕਰਨ ਲਈ ਵੀ ਪ੍ਰੋਗਰਾਮ ਬਣਾਇਆ ਗਿਆ ਹੈ। ਇਹ ਵੀ ਆਪਣੇ ਵਿੱਚ ਸੰਸਾਰ ਭਰ ਵਿੱਚ ਨਵੀਂ ਪਹਿਲਕਦਮੀ ਹੈ। ਇਸੇ ਸੈਂਟਰ ਵੱਲੋਂ ਅੰਗਰੇਜ਼ੀ ਭਾਸ਼ਾ ਤੋਂ ਭਾਰਤੀ ਸੰਕੇਤਕ ਭਾਸ਼ਾ ਵਿੱਚ ਐਨੀਮੇਟਿਡ ਵੀਡੀਓ ਬਣਾਉਣ ਹਿਤ ਆਪਣੇ ਆਪ ਤਰਜਮਾ ਹੋਣ ਦੀ ਵਿਵਸਥਾ 'ਤੇ ਵੀ ਕੰਮ ਕੀਤਾ ਗਿਆ ਹੈ।

## ਭਾਕਿਯੂ ਕਾਦੀਆਂ ਦੀ ਬਲਾਕ ਪੱਧਰੀ ਮੀਟਿੰਗ 'ਚ ਅਹਿਮ ਵਿਚਾਰਾਂ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਭਾਕਿਯੂ ਕਾਦੀਆਂ ਦੀ ਬਲਾਕ ਪੱਧਰੀ ਮੀਟਿੰਗ ਬਲਾਕ ਪ੍ਰਧਾਨ ਗੁਰਧਿਆਨ ਸਿੰਘ ਬਾਜਵਾ ਦੀ ਪ੍ਰਧਾਨਗੀ ਹੇਠ ਇਥੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਹੋਈ। ਇਸ ਮੌਕੇ ਬਲਾਕ ਪ੍ਰਧਾਨ ਗੁਰਧਿਆਨ ਸਿੰਘ ਸਹਿਜੜਾ, ਜਨਰਲ ਸਕੱਤਰ ਪਰਮਜੀਤ ਸਿੰਘ ਪੰਮਾ ਨੇ ਪਾਵਰਕਾਮ ਦਫ਼ਤਰ ਪਟਿਆਲਾ ਵਿਖੇ ਧਰਨੇ ਸਮੇਂ ਕਿਸਾਨਾਂ ਨਾਲ ਧੱਕੇਸ਼ਾਹੀ, ਲਾਠੀਚਾਰਜ ਕੀਤੇ ਜਾਣ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ। ਆਗੂਆਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਝੋਨੇ ਦੀ ਬਿਜਾਈ ਲਈ ਖੇਤੀ ਮੋਟਰਾਂ ਨੂੰ 10 ਘੰਟੇ ਬਿਜਲੀ ਸਪਲਾਈ, ਡੀਜ਼ਲ, ਪੈਟਰੋਲ ਦੀਆਂ ਕੀਮਤਾਂ ਵਿੱਚ ਕੀਤੇ ਵਾਧੇ ਵਾਪਸ ਲਏ ਜਾਣ, ਬਿਜਲੀ ਦੀਆਂ ਢਿੱਲੀਆਂ ਤਾਰਾਂ ਲਈ ਢੁੱਕਵੇਂ ਕਦਮ ਚੁੱਕੇ ਜਾਣ 'ਤੇ ਤੇਜ਼ ਹਨੇਰੀ ਤੇ ਝੱਖੜ ਕਾਰਨ ਘਰਾਂ, ਕਿਸਾਨਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਜਸਵਿੰਦਰ ਸਿੰਘ ਛੀਨੀਵਾਲ, ਰਣਜੀਤ ਸਿੰਘ ਮਿੱਠੂ, ਸਰਬਜੀਤ ਸਿੰਘ ਸਹੌਰ, ਬਲਜਿੰਦਰ ਸਿੰਘ ਸਰਾਂ, ਰਾਜਿੰਦਰਪਾਲ ਸਿੰਘ ਬਿੱਟੂ, ਡਾ. ਸੁਖਦੀਪ ਸਿੰਘ ਗਿੱਲ, ਕੁਲਦੀਪ ਸਿੰਘ ਹਮੀਦੀ, ਅਮਰਜੀਤ ਸਿੰਘ ਬੱਸੀਆਂ, ਜਗਵਿੰਦਰ ਸਿੰਘ ਛੀਨੀਵਾਲ, ਕਰਨੈਲ ਸਿੰਘ ਕੁਰੜ, ਮਹਿੰਦਰ ਸਿੰਘ ਮਹਿਲ ਕਲਾਂ, ਰੂਪ ਸਿੰਘ ਕੁਰੜ, ਦਰਬਾਰਾ ਸਿੰਘ ਤੇ ਬਲਜਿੰਦਰ ਵਜੀਦਕੇ ਆਦਿ ਹਾਜ਼ਰ ਸਨ।

# ਅਨੁਸੂਚਿਤ ਜਾਤੀਆਂ ਦੇ ਅੱਤਿਆਚਾਰ ਰੋਕਥਾਮ ਐਕਟ ਸੰਬੰਧੀ ਵਿਜੀਲੈਂਸ ਤੇ ਮੋਨੀਟਰਿੰਗ ਕਮੇਟੀ ਦੀ ਮੀਟਿੰਗ

**ਪੀੜਤਾਂ ਨੂੰ ਸਮੇਂ ਸਿਰ ਇਨਸਾਫ਼ ਤੇ ਮੁਆਵਜ਼ਾ ਯਕੀਨੀ ਬਣਾਇਆ ਜਾਵੇ : ਜ਼ਿਲ੍ਹਾ ਮੈਜਿਸਟਰੇਟ**



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਅਨੁਸੂਚਿਤ ਜਾਤੀਆਂ ਦੇ ਅੱਤਿਆਚਾਰ ਰੋਕਥਾਮ ਐਕਟ 1989 ਦੇ ਰੂਲ 1995 ਸਬੰਧੀ ਜ਼ਿਲ੍ਹਾ ਪੱਧਰ 'ਤੇ ਵਿਜੀਲੈਂਸ ਤੇ ਮੋਨੀਟਰਿੰਗ ਕਮੇਟੀ ਦੀ ਪਲੇਠੀ ਮੀਟਿੰਗ ਰਾਜੇਸ਼ ਧੀਮਾਨ ਆਈਏਐੱਸ ਜ਼ਿਲ੍ਹਾ ਮੈਜਿਸਟ੍ਰੇਟ-ਕਮ-ਚੇਅਰਮੈਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਗਠਿਤ ਕਮੇਟੀ ਦੇ ਸਰਕਾਰੀ ਤੇ ਗੈਰ-ਸਰਕਾਰੀ ਮੈਂਬਰ ਸ਼ਾਮਲ ਹੋਏ।ਇਸ ਮੌਕੇ ਜ਼ਿਲ੍ਹਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਫ਼ਸਰ ਗੁਰਮੀਤ ਸਿੰਘ ਬਰਾੜ ਵੀ ਹਾਜ਼ਰ ਸਨ। ਮੀਟਿੰਗ ਵਿੱਚ ਐੱਸ ਸੀ ਐੱਸ ਟੀ/ਅੱਤਿਆਚਾਰ ਰੋਕਥਾਮ ਐਕਟ 1989 ਰੂਲਜ਼ 1995 ਤਹਿਤ ਦਰਜ ਕੇਸਾਂ ਦੀ ਮੌਜੂਦਾ ਸਥਿਤੀ, ਅਦਾਲਤਾਂ ਵਿੱਚ ਚੱਲ ਰਹੇ ਕੇਸਾਂ ਵਿੱਚ ਹੁਣ ਤੱਕ ਜ਼ਿਲ੍ਹੇ ਅੰਦਰ ਕੁੱਲ 33 ਮੁਕੱਦਮੇ ਦਰਜ ਹੋਏ, ਜਿਸ ਵਿਚ ਜ਼ੇਰੇ ਤਫਤੀਸ਼ ਕੇਸ 13, ਜ਼ੇਰੇ ਸਮਾਇਤ 05 ਤੇ ਅਖਰਾਜ/ਕੈਂਸਲ/ਬਰੀ/ਫੈਸਲਾ ਹੋਏ 15 ਕੇਸਾਂ ਦੀ ਸਮੀਖਿਆ ਕੀਤੀ ਗਈ। ਜ਼ਿਲ੍ਹਾ ਮੈਜਿਸਟਰੇਟ ਨੇ ਪੁਲਸ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਐਕਟ ਤਹਿਤ ਦਰਜ ਹੋਏ ਮੁਕੱਦਮੇ ਜੋ ਜ਼ੇਰੇ ਤਫਤੀਸ਼ ਹਨ, ਇਕ ਹਫਤੇ ਦੇ ਅੰਦਰ-ਅੰਦਰ ਤਫਤੀਸ਼ ਮੁਕੰਮਲ ਕਰਕੇ ਰਿਪੋਰਟ ਜ਼ਿਲ੍ਹਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਫਸਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ ਤਾਂ ਜੋ ਇਸ ਸਕੀਮ ਤਹਿਤ ਪੀੜਤਾਂ ਨੂੰ ਸਮੇਂ ਸਿਰ ਇਨਸਾਫ ਦੁਆਇਆ ਜਾ ਸਕੇ।ਉਨ੍ਹਾਂ ਆਦੇਸ਼ ਦਿੱਤੇ ਕਿ ਜ਼ਿਲ੍ਹਾ ਅਟਾਰਨੀ ਨਾਲ ਤਾਲਮੇਲ ਕਰਨ ਉਪਰੰਤ ਤੇ ਕਾਨੂੰਨੀ ਰਾਏ ਲੈ ਕੇ ਐਕਟ ਤਹਿਤ ਪੀੜਤਾਂ ਨੂੰ ਸਮੇਂ ਸਿਰ ਮੁਆਵਜ਼ਾ ਮੁਹੱਈਆ ਕਰਵਾਇਆ ਜਾਵੇ।ਮੀਟਿੰਗ ਵਿੱਚ ਡੀ ਐੱਸ ਪੀ (ਐੱਚ) ਫਤਿਹ ਸਿੰਘ ਬਰਾੜ, ਲਖਵਿੰਦਰ ਸਿੰਘ, ਮਹਿੰਦਰ ਸਿੰਘ, ਰਾਮ ਪ੍ਰਕਾਸ਼, ਵਿਜੇ ਕੁਮਾਰ ਸ਼ੈਰੀ, ਗਗਨਦੀਪ ਸਿੰਘ ਗੋਬਿੰਦ ਨਗਰ ਤੇ ਹੋਰ ਸਰਕਾਰੀ/ਗੈਰ ਸਰਕਾਰੀ ਮੈਂਬਰ ਹਾਜ਼ਰ ਸਨ।


## ਦੀ ਬਟਾਲਾ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ: ਬਟਾਲਾ

ਪੰਜਾਬ ਕੋਆਪਰੇਟਿਵ ਸੋਸਾਇਟੀਜ਼ ਐਕਟ 1961, ਰੂਲਜ 1963 (ਸਮੇਂ-ਸਮੇਂ ਸਿਰ ਸੋਧੇ ਹੋਏ) ਅਤੇ ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ ਪੰਜਾਬ ਚੰਡੀਗੜ੍ਹ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹੋਈਆਂ ਹਦਾਇਤਾਂ ਦੇ ਅਨੁਸਾਰ ਬੈਂਕ ਦੇ ਬਾਈਲਾਜ਼ ਅਨੁਸਾਰ ਦੀ ਬਟਾਲਾ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ; ਬਟਾਲਾ ਦੀ ਪ੍ਰਬੰਧਕ ਕਮੇਟੀ ਦੇ 9 (ਨੌਂ) ਕਮੇਟੀ ਮੈਂਬਰਾਂ ਦੀ ਚੋਣ ਮਿਤੀ 07/07/2023 ਦਿਨ ਸ਼ੁੱਕਰਵਾਰ ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਈ ਜਾਵੇਗੀ।

ਉਪ ਰਜਿਸਟਰਾਰ ਸਹਿਕਾਰੀ ਸਭਾਵਾਂ ਗੁਰਦਾਸਪੁਰ ਜੀ ਦੇ ਹੁਕਮ ਨੰ ਆਰ.ਕੇ./ਡੀ.ਆਰ.ਜੀ/929 ਮਿਤੀ 22/05/2023 ਰਾਹੀਂ ਜ਼ੋਨ ਪ੍ਰਵਾਨ ਹੋਣ ਉਪਰੰਤ ਚੋਣ ਪ੍ਰੋਗਰਾਮ 'ਤੇ ਭੇਜਣ ਲਈ ਲਿਖਿਆ ਗਿਆ ਸੀ। ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ ਚੰਡੀਗੜ੍ਹ ਦੇ ਹੁਕਮ ਪਿਠ ਅੰਕਣ ਨੰ: 7567-69 ਮਿਤੀ 14/06/2023 ਰਾਹੀਂ ਪ੍ਰਸ਼ਾਸਕ ਦੀ ਮਨਜ਼ੂਰੀ ਪ੍ਰਾਪਤ ਹੋਈ ਹੈ।

**ਪ੍ਰਬੰਧਕ ਕਮੇਟੀ ਦੀ ਚੋਣ ਲਈ ਚੋਣ ਪ੍ਰੋਗਰਾਮ**

| ਲੜੀ ਨੰ: | ਵੇਰਵਾ | ਮਿਤੀ | ਸਮਾਂ | ਸਥਾਨ | ਕਿਸ ਅਧਿਕਾਰੀ ਪਾਸ ਹੈ |
|---|---|---|---|---|---|
| 1 | ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਮਿਤੀ ਅਤੇ ਸਮਾਂ | 05/07/2023 | ਸਵੇਰੇ 9.00 ਵਜੇ ਤੋਂ ਸਵੇਰੇ 11.00 ਵਜੇ ਤੱਕ | ਪੀ.ਏ.ਡੀ.ਬੀ. ਬਟਾਲਾ | ਰਿਟਰਨਿੰਗ ਅਫਸਰ ਪਾਸ |
| 2 | ਨਾਮਜ਼ਦਗੀ ਉਮੀਦਵਾਰਾਂ ਦੀ ਸੂਚੀ ਨੋਟਿਸ ਬੋਰਡ ਤੇ ਲਗਾਉਣ ਦੀ ਮਿਤੀ ਤੇ ਸਮਾਂ | 05/07/2023 | ਸਵੇਰੇ 11.00 ਵਜੇ ਤੋਂ ਸਵੇਰੇ 11.30 ਵਜੇ ਤੱਕ | -ਉਹੀ- | -ਉਹੀ- |
| 3 | ਨਾਮਜ਼ਦਗੀ ਉਮੀਦਵਾਰ ਜਾਂ ਪ੍ਰਪੋਜਰ ਵਲੋਂ ਨਾਮਜ਼ਦਗੀ ਪੱਤਰਾਂ ਤੇ ਇਤਰਾਜ ਦੇਣ ਦੀ ਮਿਤੀ ਅਤੇ ਸਮਾਂ | 05/07/2023 | ਸਵੇਰੇ 11.00 ਵਜੇ ਤੋਂ ਦੁਪਹਿਰ 12.00 ਵਜੇ ਤੱਕ | -ਉਹੀ- | -ਉਹੀ- |
| 4 | ਇਤਰਾਜਾਂ ਦੀ ਸੁਣਵਾਈ ਦੀ ਮਿਤੀ ਅਤੇ ਸਮਾਂ | 5/07/2023 | ਦੁਪਹਿਰ 12.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | -ਉਹੀ- | -ਉਹੀ- |
| 5 | ਨਾਮਜ਼ਦਗੀ ਪੱਤਰਾਂ ਦੀ ਪੜਤਾਲ ਦੀ ਮਿਤੀ ਤੇ ਸਮਾਂ | 05/07/2023 | ਦੁਪਹਿਰ 1.00 ਵਜੇ ਤੋਂ ਦੁਪਹਿਰ 2.00 ਵਜੇ ਤੱਕ | -ਉਹੀ- | -ਉਹੀ- |
| 6 | ਯੋਗ ਉਮੀਦਵਾਰਾਂ ਦੀ ਸੂਚੀ ਨੋਟਿਸ ਬੋਰਡ ਤੇ ਚਪਕਾਉਣ ਦੀ ਮਿਤੀ ਅਤੇ ਸਮਾਂ | 05/07/2023 | ਦੁਪਹਿਰ 2.00 ਵਜੇ ਤੋਂ ਸ਼ਾਮ 2.30 ਵਜੇ ਤੱਕ | -ਉਹੀ- | -ਉਹੀ- |
| 7 | ਨਾਮਜ਼ਦਗੀ ਪੱਤਰ ਦੀ ਵਾਪਸੀ ਮਿਤੀ ਅਤੇ ਸਮਾਂ | 05/07/2023 | ਸ਼ਾਮ 2.30 ਵਜੇ ਤੋਂ ਸ਼ਾਮ 3.30 ਵਜੇ ਤੱਕ | -ਉਹੀ- | -ਉਹੀ- |
| 8 | ਬਿਨਾਂ ਮੁਕਾਬਲੇ ਚੁਣੇ ਗਏ ਉਮੀਦਵਾਰ ਦੀ ਸੂਚੀ ਜਾਰੀ ਕਰਨ ਦੀ ਮਿਤੀ ਅਤੇ ਸਮਾਂ | 05/07/2023 | ਸ਼ਾਮ 3.30 ਤੋਂ 4.30 ਵਜੇ | -ਉਹੀ- | -ਉਹੀ- |
| 9 | ਚੋਣ ਨਿਸ਼ਾਨ ਅਲਾਟ ਕਰਨ ਦੀ ਮਿਤੀ ਅਤੇ ਸਮਾਂ | 05/07/2023 | ਸ਼ਾਮ 4.30 ਤੋਂ 5.00 ਵਜੇ ਤੱਕ | -ਉਹੀ- | -ਉਹੀ- |
| 10 | ਚੋਣ ਲੜਨ ਵਾਲੇ ਉਮੀਦਵਾਰਾਂ ਦੀ ਸੂਚੀ ਨੋਟਿਸ ਬੋਰਡ ਤੇ ਚਪਕਾਉਣ ਦੀ ਮਿਤੀ ਅਤੇ ਸਮਾਂ | 05/07/2023 | 5.00 ਵਜੇ ਤੱਕ | -ਉਹੀ- | -ਉਹੀ- |
| 11 | ਬੈਲਟ ਪੇਪਰ ਦੀ ਛਪਾਈ ਲਈ ਰਿਜ਼ਰਵ ਕੀਤਾ ਗਿਆ ਦਿਨ | 06/07/2023 | .......... | .......... | .......... |
| 12 | ਵੋਟਾਂ ਪਾਉਣ ਦੀ ਮਿਤੀ ਅਤੇ ਸਮਾਂ | 07/07/2023 | 9 ਵਜੇ ਤੋਂ 1 ਵਜੇ ਤੱਕ | -ਉਹੀ- | -ਉਹੀ- |
| 13 | ਵੋਟਾਂ ਦੀ ਗਿਣਤੀ ਅਤੇ ਸਮਾਂ | 07/07/2023 | ਦੁਪਹਿਰ 1 ਵਜੇ ਤੋਂ 3.00 ਵਜੇ ਤੱਕ | -ਉਹੀ- | -ਉਹੀ- |
| 14 | ਨਤੀਜਾ ਘੋਸ਼ਿਤ ਕਰਨ ਦੀ ਮਿਤੀ ਅਤੇ ਸਮਾਂ | 07/07/2023 | ਦੁਪਹਿਰ 3.00 ਵਜੇ ਉਪਰੰਤ | -ਉਹੀ- | ਗਿਣਤੀ ਤੋਂ ਤੁਰੰਤ ਬਾਅਦ ਰਿਟਰਨਿੰਗ ਅਫਸਰ ਵੱਲੋਂ। |

ਨੋਟ :- ਚੋਣ ਗੁਪਤ ਬੈਲਟ ਪੇਪਰ ਰਾਹੀਂ ਹੋਵੇਗੀ। ਵੋਟਾਂ ਪਾਉਣ ਲਈ ਨਿਸ਼ਚਿਤ ਸਥਾਨ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰ: | ਚੋਣ ਮਿਤੀ | ਜ਼ੋਨ ਨੰ: | ਜ਼ੋਨ ਦਾ ਨਾਮ | ਸਮਾਂ | ਵੋਟਿੰਗ ਦਾ ਸਥਾਨ |
|---|---|---|---|---|---|
| 1. | 07/07/2023 | 1. | ਸ੍ਰੀ ਹਰਗੋਬਿੰਦਪੁਰ ਸਾਹਿਬ (ਜਨਰਲ ਸੀਟ) | ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ | ਦੀ ਸੈਂਟਰਲ ਕੋਆ: ਬੈਂਕ, ਬ੍ਰਾਂਚ ਸ੍ਰੀ ਹਰਗੋਬਿੰਦਪੁਰ ਸਾਹਿਬ |
| 2. | 07/07/2023 | 2. | ਘੁਮਾਣ (ਜਰਨਲ ਸੀਟ) | ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ | ਦੀ ਸੈਂਟਰਲ ਕੋਆ: ਬੈਂਕ, ਬ੍ਰਾਂਚ ਘੁਮਾਣ |
| 3. | 07/07/2023 | 3. | ਉਧਨਵਾਲ (ਰਾਖਵਾਂ ਇਸਤਰੀ ਲਈ) | ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ | ਦੀ ਸੈਂਟਰਲ ਕੋਆ: ਬੈਂਕ, ਬ੍ਰਾਂਚ ਉਧਨਵਾਲ |
| 4. | 07/07/2023 | 4. | ਕਾਦੀਆਂ (ਜਨਰਲ ਸੀਟ) | ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ | ਦੀ ਸੈਂਟਰਲ ਕੋਆ: ਬੈਂਕ, ਬ੍ਰਾਂਚ ਕਾਦੀਆਂ |
| 5. | 07/07/2023 | 5. | ਬਟਾਲਾ (ਰਾਖਵਾਂ ਇਸਤਰੀ ਲਈ) | ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ | ਪੀ.ਏ.ਡੀ.ਬੀ. ਬਟਾਲਾ |
| 6. | 07/07/2023 | 6. | ਅੱਚਲ ਸਾਹਿਬ (ਜਨਰਲ ਸੀਟ) | ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ | ਕੋਆ. ਸੁਸਾਇਟੀ ਬੱਲਪੁਰੀਆਂ |
| 7. | 07/07/2023 | 7. | ਕਿਲ੍ਹਾ ਲਾਲ ਸਿੰਘ (ਅਨੁਸੂਚਿਤ ਜਾਤੀ ਦੇ ਮੈਂਬਰ ਲਈ ਰਾਖਵਾਂ) | ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ | ਦੀ ਸੈਂਟਰਲ ਕੋਆ: ਬੈਂਕ, ਬ੍ਰਾਂਚ ਕਾਲਾ ਅਫਗਾਨਾ |
| 8. | 07/07/2023 | 8. | ਅਲੀਵਾਲ (ਰਾਖਵਾਂ ਇਸਤਰੀ ਲਈ) | ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ | ਦੀ ਸੈਂਟਰਲ ਕੋਆ: ਬੈਂਕ, ਬ੍ਰਾਂਚ ਨਾਸਰਕੇ |
| 9. | 07/07/2023 | 9. | ਫਤਿਹਗੜ੍ਹ ਚੂੜੀਆਂ (ਰਾਖਵਾਂ ਇਸਤਰੀ ਲਈ) | ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ | ਦੀ ਸੈਂਟਰਲ ਕੋਆ: ਬੈਂਕ, ਬ੍ਰਾਂਚ ਘਣੀਏ ਕੇ ਬਾਂਗਰ |
| 10. | 07/07/2023 | ............ | ................ | 1 ਵਜੇ ਤੋਂ 3 ਵਜੇ ਤੱਕ | ਵੋਟਾਂ ਦੀ ਗਿਣਤੀ ਪ੍ਰਜਾਇਡਿੰਗ ਅਫਸਰਾਂ ਵਲੋਂ ਜ਼ੋਨਵਾਰ ਵੋਟਾਂ ਪੈਣ ਤੋਂ ਤੁਰੰਤ ਬਾਅਦ ਕੀਤੀ ਜਾਵੇਗੀ ਅਤੇ ਪ੍ਰਜਾਇਡਿੰਗ ਅਫਸਰ ਚੋਣ ਦੇ ਰਿਜ਼ਲਟ ਤੁਰੰਤ ਰਿਟਰਨਿੰਗ ਅਫਸਰ ਨੂੰ ਸੌਂਪਣਗੇ ਅਤੇ ਰਿਟਰਨਿੰਗ ਅਫਸਰ ਵੱਲੋਂ ਚੋਣ ਨਤੀਜੇ ਦਾ ਐਲਾਨ ਕੀਤਾ ਜਾਵੇਗਾ। |

**ਚੋਣ ਸੰਬੰਧੀ ਹਦਾਇਤਾਂ:**

1) ਚੋਣ ਐਕਟ, ਰੂਲਜ਼ ਤੇ ਬਾਈਲਾਜ਼ ਅਤੇ ਮਹਿਕਮੇ ਵੱਲੋਂ ਸਮੇਂ-ਸਮੇਂ ਜਾਰੀ ਹੋਈਆਂ ਹਦਾਇਤਾਂ ਅਨੁਸਾਰ ਕਰਵਾਈ ਜਾਵੇਗੀ।
2) ਜ਼ੋਨਾਂ ਦੀਆਂ ਵੋਟਰ ਸੂਚੀਆਂ ਬੈਂਕ ਦੇ ਦਫਤਰ ਤੋਂ 500/- ਰੁਪਏ ਪ੍ਰਤੀ ਜ਼ੋਨ ਦੀ ਕੀਮਤ ਤੇ ਮਿਲ ਸਕਦੀਆਂ ਹਨ।
3) ਅਨੁਸੂਚਿਤ ਜਾਤੀ ਦੇ ਮੈਂਬਰਾਂ ਨੂੰ ਨਾਮਜ਼ਦਗੀ ਪੱਤਰ ਦਾਖਲ ਕਰਨ ਸਮੇਂ ਜਾਤੀ ਸਰਟੀਫਿਕੇਟ ਦੀ ਕਾਪੀ ਲਗਾਉਣੀ ਲਾਜ਼ਮੀ ਹੋਵੇਗੀ।
4) ਬੈਂਕ ਦੇ ਸੋਧੇ ਹੋਏ ਬਾਈਲਾਜ਼ ਅਨੁਸਾਰ ਹਿੱਸੇਦਾਰੀ ਦੀ ਕੀਮਤ 500/- ਰੁਪਏ (ਪੰਜ ਸੌ ਰੁਪਏ) ਹੈ। 500/- ਰੁਪਏ ਤੋਂ ਘੱਟ ਹਿੱਸੇਦਾਰੀ ਵਾਲੇ ਮੈਂਬਰ ਨੂੰ ਵੋਟ ਪਾਉਣ ਦਾ ਹੱਕ ਨਹੀਂ ਹੋਵੇਗਾ ਅਤੇ ਮਿਤੀ 030/11/2022 ਤੋਂ ਬਾਅਦ ਬਣੇ ਮੈਂਬਰ ਚੋਣ ਪ੍ਰੀਕ੍ਰਿਆ ਵਿੱਚ ਹਿੱਸਾ ਨਹੀਂ ਲੈ ਸਕਦੇ।
5) ਡਿਫਾਲਟਰ ਮੈਂਬਰ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਹੋਵੇਗਾ, ਪ੍ਰੰਤੂ ਡਿਫਾਲਟਰ ਮੈਂਬਰ ਜੇਕਰ ਮੌਕੇ ਤੇ ਰਕਮ ਭਰ ਕੇ ਅਸਲ ਰਸੀਦ ਪੇਸ਼ ਕਰਦਾ ਹੈ, ਤਾਂ ਉਹ ਵੋਟ ਪਾ ਸਕਦਾ ਹੈ।
6) ਕਿਸੇ ਵੀ ਵਿਅਕਤੀ ਨੂੰ ਵੋਟਾਂ ਪੈਣ ਵਾਲੇ ਸਥਾਨ ਤੇ ਅਸਲਾ/ਹਥਿਆਰ ਅਤੇ ਨਸ਼ੀਲੇ ਪਦਾਰਥ ਲੈ ਕੇ ਆਉਣ ਦੀ ਅਤੇ ਨਸ਼ਾ ਕਰਕੇ ਆਉਣ ਦੀ ਸਖਤ ਮਨਾਹੀ ਹੋਵੇਗੀ।

ਮੈਨੇਜਰ, ਪੀ.ਏ.ਡੀ.ਬੀ. ਬਟਾਲਾ।


## ...ਸ.ਫਾ 1 ਦੇ ਬਾਕੀ

### ਗਿਆਨੀ ਰਘਬੀਰ ਸਿੰਘ...

ਗਿਆਨੀ ਹਰਪ੍ਰੀਤ ਸਿੰਘ ਨੇ ਸਵੈਇੱਛਾ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਦੀਆਂ ਸੇਵਾਵਾਂ ਛੱਡੀਆਂ। ਉਹ ਆਸਟਰੇਲੀਆ ਦੌਰੇ 'ਤੇ ਹਨ ਅਤੇ ਅੱਜਕੱਲ੍ਹ ਵਿਚ ਵਾਪਸੀ ਕਰ ਰਹੇ ਹਨ। ਧਾਮੀ ਨੇ ਕਿਹਾ ਕਿ ਇਸ ਸੰਬੰਧ 'ਚ ਗਿਆਨੀ ਹਰਪ੍ਰੀਤ ਸਿੰਘ ਨਾਲ ਗੱਲਬਾਤ ਹੋ ਚੁੱਕੀ ਹੈ।

ਗਿਆਨੀ ਹਰਪ੍ਰੀਤ ਸਿੰਘ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਦੀ ਮੰਗਣੀ 'ਚ ਸ਼ਾਮਲ ਹੋਏ ਸਨ ਤੇ ਉਸ ਤੋਂ ਬਾਅਦ ਉਹ ਵਿਵਾਦ 'ਚ ਸਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਵੀ ਉਨ੍ਹਾ ਦੀ ਸ਼ਮੂਲੀਅਤ 'ਤੇ ਕਿੰਤੂ-ਪ੍ਰੰਤੂ ਕੀਤਾ ਗਿਆ ਸੀ। ਇਸੇ ਦੌਰਾਨ ਅੰਤ੍ਰਿੰਗ ਕਮੇਟੀ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਨਿਭਾਈਆਂ ਗਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ ਹੈ।

ਗਿਆਨੀ ਰਘਬੀਰ ਸਿੰਘ ਨੇ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਦਾ 2017 'ਚ ਦੇਹਾਂਤ ਹੋਣ ਤੋਂ ਬਾਅਦ ਅਗਸਤ 2017 'ਚ ਬਤੌਰ ਕਾਰਜਕਾਰੀ ਜਥੇਦਾਰ ਤਖਤ ਕੇਸਗੜ੍ਹ ਸਾਹਿਬ ਦੀ ਸੇਵਾ ਸੰਭਾਲੀ ਸੀ। ਉਨ੍ਹਾ ਦਾ ਜਨਮ 1970 ਵਿਚ ਅੰਮ੍ਰਿਤਸਰ ਸਾਹਿਬ ਦੇ ਪਿੰਡ ਸੁਲਤਾਨਵਿੰਡ ਪੱਤੀ ਮਨਸੂਰ ਵਿਖੇ ਹੋਇਆ ਅਤੇ 1989 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਨੌਕਰੀ ਸ਼ੁਰੂ ਕੀਤੀ ਸੀ। ਗਿਆਨੀ ਰਘਬੀਰ ਸਿੰਘ ਨੇ ਅੰਮ੍ਰਿਤਸਰ 'ਚ 1992 ਤੋਂ 1995 ਤੱਕ ਬਤੌਰ ਗੰਥੀ ਵੱਖ-ਵੱਖ ਸਥਾਨਾਂ 'ਤੇ ਸੇਵਾਵਾਂ ਦਿੱਤੀਆਂ। 1995 ਵਿਚ ਉਨ੍ਹਾ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੰਜ ਪਿਆਰਾ ਨਿਯੁਕਤ ਕੀਤਾ ਗਿਆ, ਜਿੱਥੇ ਉਹ 2014 ਤੱਕ ਸੇਵਾ ਕਰਦੇ ਰਹੇ। 21 ਅਪਰੈਲ 2014 ਨੂੰ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾ ਨੂੰ ਸੱਚਖੰਡ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਸਿੰਘ ਦੀ ਸੇਵਾ ਸੰਭਾਲੀ ਗਈ ਤੇ 2017 ਤੱਕ ਉਨ੍ਹਾ ਇਹ ਸੇਵਾ ਨਿਭਾਈ। ਗਿਆਨੀ ਰਘਬੀਰ ਸਿੰਘ ਨੇ ਦੇਸ਼ਾਂ-ਵਿਦੇਸ਼ਾਂ ਦੀ ਸੰਗਤ ਨੂੰ ਸ੍ਰੀ ਅਕਾਲ ਤਖਤ ਸਾਹਿਬ ਅਤੇ ਗੁਰੂ ਚਰਨਾਂ ਨਾਲ ਜੋੜਨ ਲਈ ਹਮੇਸ਼ਾ ਮੋਹਰੀ ਭੂਮਿਕਾ ਨਿਭਾਈ ਹੈ।

ਜ਼ਿਲ੍ਹਾ ਅੰਮ੍ਰਿਤਸਰ ਸਾਹਿਬ ਦੇ ਜੰਮਪਲ ਗਿਆਨੀ ਸੁਲਤਾਨ ਸਿੰਘ ਨੇ ਆਪਣੀਆਂ ਸੇਵਾਵਾਂ ਬਤੌਰ ਗ੍ਰੰਥੀ ਸਿੰਘ ਸ਼ੁਰੂ ਕੀਤੀਆਂ ਸਨ। ਉਸ ਉਪਰੰਤ ਉਹ ਬਤੌਰ ਪੰਜ ਪਿਆਰਾ ਅਤੇ ਅਰਦਾਸੀਆ ਸਿੰਘ ਵੀ ਸੇਵਾਵਾਂ ਨਿਭਾਉਂਦੇ ਰਹੇ। 2021 ਤੋਂ ਉਹ ਹਰਮਿੰਦਰ ਸਾਹਿਬ ਵਿਖੇ ਬਤੌਰ ਗ੍ਰੰਥੀ ਸਿੰਘ ਸੇਵਾਵਾਂ ਨਿਭਾਅ ਰਹੇ ਸਨ।

### 400 ਬੱਸਾਂ ਪੀ ਆਰ...

ਚਾਹੀਦਾ ਹੈ, ਜਿਹੜੇ ਕਿਸੇ ਤਰ੍ਹਾਂ ਵੀ ਕਿਲੋਮੀਟਰ ਸਕੀਮ ਦੀਆਂ ਬੱਸਾਂ ਨਹੀਂ ਚਾਹੁੰਦੇ। ਵਰਕਰਾਂ ਦੇ ਪੇ-ਕਮਿਸ਼ਨ ਲਾਗੂ ਹੋਣ ਦੀ ਤਰੀਕ ਤੋਂ ਰਹਿੰਦੇ ਬਕਾਇਆਂ ਦੀ ਅਦਾਇਗੀ ਕਰਨ ਲਈ ਮੁੱਖ ਲੇਖਾ ਅਫਸਰ ਨੂੰ ਮਿਲੇ ਤਾਂ ਉਹਨਾ ਦਾ ਜਵਾਬ ਨਾਂਹ-ਪੱਖੀ ਸੀ, ਜਦ ਕਿ ਚੇਅਰਮੈਨ ਪੀ ਆਰ ਟੀ ਸੀ ਵੱਲੋਂ ਬੜਾ ਸਪੱਸ਼ਟ ਆਦੇਸ਼ ਸੀ ਕਿ ਜਦੋਂ ਸਰਕਾਰ ਤੋਂ ਮੁਫਤ ਸਫਰ ਬਦਲੇ ਕੁਝ ਪੈਸਾ ਮਿਲੇਗਾ ਤਾਂ ਵਰਕਰਾਂ ਦਾ ਬਕਾਇਆ ਤੁਰੰਤ ਅਦਾ ਕਰ ਦਿੱਤਾ ਜਾਵੇਗਾ। ਸਰਕਾਰ ਤੋਂ 25 ਕਰੋੜ ਰੁਪਿਆ ਪ੍ਰਾਪਤ ਹੋ ਚੁੱਕਾ ਹੈ, ਪਰ ਮੁੱਖ ਲੇਖਾ ਅਫਸਰ ਇਸ ਪੈਸੇ ਦੀ ਵਰਤੋਂ ਆਪਣੀ ਮਰਜ਼ੀ ਨਾਲ ਬਿਨਾਂ ਕਿਸੇ ਯੋਜਨਾਬੰਦੀ ਜਾਂ ਤਰਜੀਹ ਤੋਂ ਕਰ ਰਹੇ ਹਨ। ਵਰਕਰਾਂ ਦੇ ਬਕਾਏ ਪਾਉਣ ਸੰਬੰਧੀ ਉਹ ਕੋਈ ਉਤਰ ਨਹੀਂ ਦੇ ਰਹੇ। ਇਹ ਵਰਕਰਾਂ ਨਾਲ ਸ਼ਰੇਆਮ ਧੋਖਾ ਕੀਤਾ ਜਾ ਰਿਹਾ ਹੈ। ਮੈਨੇਜਮੈਂਟ ਵੱਲੋਂ ਅਰਸਾ ਦੋ ਮਹੀਨੇ ਪਹਿਲਾਂ ਵਰਕਰਾਂ ਦੀਆਂ ਕਾਫੀ ਮੰਗਾਂ 'ਤੇ ਬਣੀ ਸਹਿਮਤੀ 'ਤੇ ਵੀ ਕੋਈ ਅਮਲ ਨਹੀਂ ਕੀਤਾ ਜਾ ਰਿਹਾ। ਐਕਸ਼ਨ ਕਮੇਟੀ ਪੀ ਆਰ ਟੀ ਸੀ ਵਿੱਚ ਮਹਿੰਗੀਆਂ ਇਲੈਕਟਰੀਕਲ ਬੱਸਾਂ ਪਾਉਣ ਦਾ ਵੀ ਵਿਰੋਧ ਕਰੇਗੀ, ਕਿਉਂਕਿ ਕਿਸੇ ਵੀ ਨਵੀਂ ਤਕਨੀਕ ਦੀ ਪਹਿਲਾਂ ਮਾਰਕੀਟ ਵਿੱਚ ਪਰਖ ਹੋਵੇ ਅਤੇ ਉਸ ਦੀ ਕਾਰਗੁਜ਼ਾਰੀ ਸਾਹਮਣੇ ਆਏ ਅਤੇ ਵਿੱਤੀ ਸਾਧਨ ਵੀ ਦੇਖਣੇ ਚਾਹੀਦੇ ਹਨ। ਜੇਕਰ ਮੈਨੇਜਮੈਂਟ ਮਨਮਰਜ਼ੀ ਕਰੇਗੀ ਤਾਂ ਇਸ ਦਾ ਡਟਵਾਂ ਵਿਰੋਧ ਕੀਤਾ ਜਾਵੇਗਾ। ਐਕਸ਼ਨ ਕਮੇਟੀ ਨੇ ਫੈਸਲਾ ਕੀਤਾ ਕਿ ਜੇਕਰ ਪੀ ਆਰ ਟੀ ਸੀ ਵਿੱਚ ਕੰਮ ਕਰਦੀ ਕੋਈ ਹੋਰ ਜਥੇਬੰਦੀ ਕਿਲੋਮੀਟਰ ਸਕੀਮ ਬੱਸਾਂ ਪਾਉਣ ਦਾ ਵਾਜਬ ਤਰੀਕੇ ਨਾਲ ਵਿਰੋਧ ਕਰੇਗੀ ਤਾਂ ਉਸ ਦਾ ਵੀ ਵਾਜਬ ਸਮਰਥਨ ਕੀਤਾ ਜਾਵੇਗਾ। 19 ਜੂਨ ਨੂੰ ਐਕਸ਼ਨ ਕਮੇਟੀ ਦਾ ਵਫਦ ਚੇਅਰਮੈਨ ਅਤੇ ਐੱਮ ਡੀ ਨੂੰ ਮਿਲ ਕੇ ਆਪਣੀ ਗੱਲ ਰੱਖੇਗਾ ਅਤੇ ਅਗਲਾ ਫੈਸਲਾ ਗੱਲਬਾਤ ਦੀ ਰੋਸ਼ਨੀ ਵਿੱਚ ਲਿਆ ਜਾਵੇਗਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

17-Jun-PAGE- 3.qxd 6/16/2023 9:54 PM Page 1



# ਮਜ਼ਦੂਰ ਦਿਵਸ 'ਤੇ ਮੰਗਾਂ ਦੇ ਹੱਕ 'ਚ ਰੈਲੀ ਕੱਢ ਕੇ ਕੀਤਾ ਰੋਸ ਪ੍ਰਦਰਸ਼ਨ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਅੰਤਰਰਾਸ਼ਟਰੀ ਘਰੇਲੂ ਮਜ਼ਦੂਰ ਦਿਵਸ ਦੇ ਮੌਕੇ ਛੇਹਰਟਾ ਵਿਖੇ ਅੰਮ੍ਰਿਤਸਰ ਦੀਆਂ ਘਰੇਲੂ ਮਜ਼ਦੂਰ ਔਰਤਾਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ। ਆਲ ਇੰਡੀਆ ਘਰੇਲੂ ਮਜ਼ਦੂਰ ਫੈਡਰੇਸ਼ਨ ਨਾਲ ਸਬੰਧਤ ਏਟਕ ਦੀ ਕੁੱਲ ਹਿੰਦ ਪ੍ਰਧਾਨ ਕਾਮਰੇਡ ਦਸਵਿੰਦਰ ਕੌਰ ਨੇ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ 16 ਜੂਨ ਨੂੰ ਦੁਨੀਆਂ ਭਰ ਵਿੱਚ ਘਰੇਲੂ ਮਜ਼ਦੂਰ ਦਿਵਸ ਮਨਾਇਆ ਜਾ ਰਿਹਾ ਹੈ। ਅੱਜ ਦੇ ਦਿਨ ਦੁਨੀਆਂ ਭਰ ਦੇ ਘਰੇਲੂ ਮਜ਼ਦੂਰ ਮੀਟਿੰਗਾਂ, ਰੈਲੀਆਂ ਅਤੇ ਰੋਸ ਪ੍ਰਦਰਸ਼ਨ ਕੱਢ ਕੇ ਆਪਣੀਆਂ ਕੰਮ ਹਾਲਤਾਂ ਅਤੇ ਮੰਗਾਂ ਦਾ ਪ੍ਰਗਟਾਵਾ ਕਰ ਰਹੇ ਹਨ। ਉਨਾਂ ਕਿਹਾ ਕਿ ਭਾਰਤ ਵਿੱਚ ਵੀ ਇਹ ਦਿਨ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ ਹੈ। ਉਨ੍ਹਾਂ ਮੰਗ ਕੀਤੀ ਕਿ ਘਰੇਲੂ ਮਜ਼ਦੂਰਾਂ ਨੂੰ ਘੱਟੋ ਘੱਟ ਉਜਰਤਾਂ, ਸਮਾਜਿਕ ਸੁਰੱਖਿਆ, ਸਿਹਤ ਸੇਵਾਵਾਂ ਅਤੇ ਪੈਨਸ਼ਨ ਜ਼ਰੂਰੀ ਹੋਵੇ। ਭਾਰਤ ਦੇ ਸਾਰੇ ਰਾਜਾਂ ਵਿੱਚ ਘਰੇਲੂ ਮਜ਼ਦੂਰ ਵੈਲਫੇਅਰ ਬੋਰਡ ਬਣਾਏ ਜਾਣ, ਪ੍ਰਾਪਰਟੀ ਟੈਕਸ ਦਾ 5 ਫੀਸਦੀ ਹਿੱਸਾ ਘਰੇਲੂ ਮਜ਼ਦੂਰਾਂ ਦੇ ਬੋਰਡ ਵਿੱਚ ਜਮਾਂ ਕੀਤਾ ਜਾਵੇ ਅਤੇ ਉਸਾਰੀ ਮਜ਼ਦੂਰਾਂ ਵਾਲੀਆਂ ਸਾਰੀਆਂ ਭਲਾਈ ਸਕੀਮਾਂ ਘਰੇਲੂ ਮਜ਼ਦੂਰਾਂ ਉਪਰ ਵੀ ਲਾਗੂ ਕੀਤੀਆਂ ਜਾਣ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੀਆਂ ਪ੍ਰਮੁੱਖ ਮਜ਼ਦੂਰ ਜਥੇਬੰਦੀਆਂ ਵੱਲੋ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ 14 ਜੁਲਾਈ ਨੂੰ ਲੇਬਰ ਭਵਨ ਮੁਹਾਲੀ ਵਿਚੇ ਜੋ ਰੋਸ ਮੁਜ਼ਾਹਰਾ ਕੀਤਾ ਜਾ ਰਿਹਾ ਹੈ, ਉਸ ਵਿੱਚ ਅੰਮ੍ਰਿਤਸਰ ਤੋ ਘਰੇਲੂ ਮਜ਼ਦੂਰਾਂ ਦਾ ਵੱਡਾ ਕਾਫਲਾ ਸ਼ਾਮਿਲ ਹੋਵੇਗਾ। ਬੀਬੀ ਗੁਰਨਾਮ ਕੌਰ ਗੁਮਾਨਪੁਰਾ, ਅਮਰਜੀਤ ਸਿੰਘ ਆਸਲ ਅਤੇ ਵਿਜੇ ਕੁਮਾਰ ਆਦਿ ਨੇ ਵੀ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕੀਤਾ। ਇਸ ਮੌਕੇ ਮਨਜੀਤ ਕੌਰ, ਰਣਜੀਤ ਕੌਰ, ਰਾਣੀ, ਕੁਲਵੰਤ ਕੌਰ, ਕਮੀਰ ਕੌਰ, ਨਰਿੰਦਰ ਕੌਰ, ਜੋਤੀ, ਦਲਜੀਤ ਕੌਰ, ਸ਼ਮਸ਼ੇਰ ਨਾਥ, ਪ੍ਰੇਮ ਸਿੰਘ, ਸੁਖਵਿੰਦਰ ਸਿੰਘ ਤੇ ਮੰਗਾ ਆਦਿ ਹਾਜ਼ਰ ਸਨ।

# ਵਿਧਾਇਕ ਕਲਸੀ ਨੂੰ ਪੰਜਾਬ ਵਾਇਸ ਪ੍ਰਧਾਨ ਬਣਾਉਣ 'ਤੇ ਪਾਰਟੀ ਹਾਈਕਮਾਂਡ ਦਾ ਧੰਨਵਾਦ



**ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)**-ਬਟਾਲਾ ਹਲਕੇ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੂੰ ਆਮ ਆਦਮੀ ਪਾਰਟੀ ਵਲੋਂ ਪੰਜਾਬ ਦਾ ਵਾਇਸ ਪ੍ਰਧਾਨ ਨਿਯੁਕਤ ਕਰਨ ਤੇ ਆਪ ਵਰਕਰਾਂ ਅਤੇ ਆਗੂਆਂ ਵਿੱਚ ਭਾਰੀ ਖੁਸ਼ੀ ਪਾਈ ਜਾ ਰਹੀ ਹੈ। ਇਸ ਸਬੰਧ ਵਿੱਚ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਯੂਥ ਆਗੂ ਹੈਪੀ ਮਸੀਹ ਮੋਮਨ ਨੇ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਪਾਰਟੀ ਦੇ ਸਟਾਰ ਪ੍ਰਚਾਰਕ ਬਣ ਚੁੱਕੇ ਹਨ ਜਿਨਾਂ ਨੂੰ ਲਗਾਤਾਰ ਪਾਰਟੀ ਵਲੋਂ ਅਹਿਮ ਜ਼ਿੰਮੇਵਾਰੀਆਂ ਸੌਂਪੀਆਂ ਜਾ ਰਹੀਆਂ ਹਨ। ਉਨਾਂ ਕਿਹਾ ਕਿ ਪੰਜਾਬ ਦੇ ਵਾਇਸ ਪ੍ਰਧਾਨ ਬਣਨ ਨਾਲ ਜਿੱਥੇ ਵਿਧਾਇਕ ਕਲਸੀ ਦਾ ਕੱਦ ਪਾਰਟੀ ਵਿੱਚ ਹੋਰ ਉੱਚਾ ਹੋਇਆ ਹੈ ਨਾਲ ਹੀ ਪਾਰਟੀ ਨਾਲ ਜੁੜੇ ਹੋਏ ਨੌਜਵਾਨਾਂ ਦਾ ਹੌਸਲਾ ਵੀ ਹੋਰ ਬੁਲੰਦ ਹੋਇਆ ਹੈ ਕਿਉਂਕਿ ਵਿਧਾਇਕ ਸ਼ੈਰੀ ਕਲਸੀ ਨੌਜਵਾਨ ਲੀਡਰ ਹਨ। ਉਨਾਂ ਦੇ ਪੰਜਾਬ ਵਾਇਸ ਪ੍ਰਧਾਨ ਬਣਨ ਨਾਲ ਨੌਜਵਾਨ ਚਿਹਰੇ ਨੂੰ ਵੱਡੀ ਜ਼ਿੰਮੇਵਾਰੀ ਮਿਲੀ ਹੈ। ਹੈਪੀ ਮਸੀਹ ਨੇ ਕਿਹਾ ਕਿ ਵਿਧਾਇਕ ਕਲਸੀ ਇਕ ਇਮਾਨਦਾਰ ਲੀਡਰ ਹੋਣ ਦੇ ਨਾਲ ਨਾਲ ਲੋਕਾਂ ਦੇ ਹਰਮਨ ਪਿਆਰੇ ਨੇਤਾ ਬਣ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਸ ਨਿਯੁਕਤੀ ਨਾਲ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਪਾਰਟੀ ਨੂੰ ਹੋਰ ਬਲ ਮਿਲੇਗਾ। ਇਸ ਮੌਕੇ ਹੈਪੀ ਮਸੀਹ ਨੇ ਵਿਧਾਇਕ ਸ਼ੈਰੀ ਕਲਸੀ ਅਤੇ ਹਲਕੇ ਦੇ ਸਮੂਹ ਵਰਕਰਾਂ ਨੂੰ ਵਧਾਈ ਦਿੱਤੀ।

# ਐੱਸ ਈ ਖਹਿਰਾ ਤੇ ਕਿਸਾਨ ਆਗੂਆਂ ਖਿਲਾਫ ਡੀਸੀ ਨੂੰ ਸੌਂਪਿਆ ਮੰਗ ਪੱਤਰ

**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਐਸ ਈ ਗੁਰਸ਼ਰਨ ਸਿੰਘ ਖਹਿਰਾ ਤੇ ਕਿਸਾਨ ਆਗੂਆਂ ਦੇ ਖਿਲਾਫ ਸਿਆਸੀ ਆਗੂਆਂ ਗੁਰਵੇਲ ਸਿੰਘ ਲੁਹਾਰੀਆ, ਗੁਰਦਿਆਲ ਸਿੰਘ ਸਾਬਕਾ ਸਰੰਪਚ ਮਰਹਾਣਾ, ਸਤਨਾਮ ਸਿੰਘ ਠੇਕੇਦਾਰ ਸਭਰਾ, ਗੁਰਸੇਵਕ ਸਿੰਘ ਹੈਪੀ ਲੁਹਾਰੀਆ, ਮਨਜਿੰਦਰ ਸਿੰਘ ਮੰਡ, ਮਨਜੀਤ ਸਿੰਘ ਆਦਿ ਵੱਲੋਂ ਡੀਸੀ ਸੰਦੀਪ ਰਿਸ਼ੀ ਨੂੰ ਮੰਗ ਪੱਤਰ ਰਾਹੀਂ ਮੰਗ ਕੀਤੀ ਗਈ ਕਿ ਖਹਿਰਾ ਵੱਲੋਂ ਆਪਣੇ ਕਾਰਜਕਾਲ ਦੌਰਾਨ ਗਰੀਬਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਗਿਆ ਤੇ ਇਲਾਕੇ ਵਿਚ ਬਹੁਤ ਲੁੱਟ ਖਸੁੱਟ ਕੀਤੀ ਗਈ ਹੈ। ਐੱਸਈ ਦੀ ਜਾਇਦਾਦ ਦੀ ਜਾਂਚ ਦੀ ਵੀ ਮੰਗ ਕੀਤੀ ਗਈ ਕਿ ਉਸ ਵੱਲੋਂ ਬਣਾਈ ਜਾਇਦਾਦ ਸਹੀ ਹੈ ਜਾਂ ਨਹੀਂ। ਇਸ ਮੌਕੇ ਗੁਰਵੇਲ ਸਿੰਘ ਲੁਹਾਰੀਆ, ਗੁਰਦਿਆਲ ਸਿੰਘ ਮਰਹਾਣਾ, ਸਤਨਾਮ ਸਿੰਘ ਠੇਕੇਦਾਰ ਨੇ ਕਿਹਾ ਕੀ ਕੁਝ ਵਿਅਕਤੀਆਂ ਵੱਲੋਂ ਜੱਥੇਬੰਦੀਆਂ ਦਾ ਮੁਖੌਟਾ ਪਾ ਕੇ ਪਾਵਰਕਾਮ ਦੇ ਐਸ. ਈ. ਗੁਰਸ਼ਰਨਜੀਤ ਸਿੰਘ ਖਹਿਰਾ ਦੀ ਬਦਲੀ ਦਾ ਬਹਾਨਾ ਬਣਾ ਕੇ ਸੂਬੇ ਅੰਦਰ ਮਾਹੌਲ ਖਰਾਬ ਕਰਨ ਦੀਆਂ ਕੋਸ਼ਿਸ਼ਾਂ ਨੂੰ ਰੋਕਣ ਸਬੰਧੀ ਅਤੇ



ਪਾਵਰਕਾਮ ਦੇ ਐੱਸਈ ਗੁਰਸਰਨ ਸਿੰਘ ਖਹਿਰਾ ਵੱਲੋਂ ਆਪਣੇ ਕਾਰਜਕਾਲ ਦੌਰਾਨ ਗਲਤ ਤੇ ਗੈਰ-ਕਨੂੰਨੀ ਤਰੀਕੇ ਨਾਲ ਬਣਾਈ ਗਈ ਜਾਇਦਾਦ ਦੀ ਵਿਜੀਲੈਸ ਕਮੇਟੀ ਪਾਸੋਂ ਜਾਂਚ ਕਰਾਉਣ ਸਬੰਧੀ ਇਹ ਮੰਗ ਪੱਤਰ ਸੌਂਪਿਆ ਗਿਆ ਹੈ। ਉਕਤ ਲੁੱਟ ਖਸੁੱਟ ਤਹਿਤ ਉਸਨੇ ਆਪਣੀ ਹੈਸੀਅਤ ਤੋਂ ਵੱਧ ਜਾਇਦਾਦ ਗੈਰ-ਕਨੂੰਨੀ ਅਤੇ ਗਲਤ ਤਰੀਕੇ ਨਾਲ ਬਣਾਈ।ਜਿਸਦੀ ਜਾਂਚ ਹੋਣੀ ਚਾਹੀਦੀ ਹੈ। ਕਿਸਾਨ ਜਥੇਬੰਦੀਆਂ ਦੇ ਆਗੂਆਂ ਵੱਲੋਂ ਝੂਠ ਦਾ ਮੁਖੌਟਾ ਪਾਉਣ ਵਾਲੇ ਆਗੂਆਂ ਦੀ ਵਿਜੀਲੈਂਸ ਵਿਭਾਗ ਪਾਸੋਂ ਜਾਂਚ ਕਰਵਾਈ ਜਾਵੇ। ਸੂਬੇ ਦੇ ਸ਼ਾਂਤ ਮਾਹੌਲ ਨੂੰ ਅਸ਼ਾਂਤ ਕਰਨ ਵਿਚ ਹੋ ਰਹੀਆਂ ਕੋਸ਼ਿਸ਼ਾਂ ਨੂੰ ਰੋਕਿਆ ਜਾਵੇ। ਇਸ ਲਈ ਮੰਗ ਕੀਤੀ ਜਾਂਦੀ ਹੈ ਕਿ ਐਸ ਈ ਗੁਰਸ਼ਰਨ ਸਿੰਘ ਖਹਿਰਾ ਅਤੇ ਇਸ ਦਾ ਸਾਥ ਦੇ ਰਹੇ ਕਿਸਾਨ ਆਗੂਆਂ ਕੰਵਲਪ੍ਰੀਤ ਸਿੰਘ ਪੰਨੂ, ਮਾਸਟਰ ਦਲਜੀਤ ਸਿੰਘ ਦਿਆਲਪੁਰਾ, ਹਰਜਿੰਦਰ ਸਿੰਘ ਟਾਂਡਾ ਸਮੇਤ ਹੋਰ ਜਥੇਬੰਦੀਆ ਖਿਲਾਫ ਵਿਜੀਲੈਂਸ ਕਮੇਟੀ ਪਾਸੋਂ ਜਾਂਚ ਕਰਵਾਉਣ ਲਈ ਉਪਰੋਕਤ ਮੰਗ ਪੱਤਰ ਸੌਂਪਿਆ ਗਿਆ।

# 'ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣਾ ਸਰਕਾਰ ਦੀ ਪਹਿਲੀ ਤਰਜੀਹ'



**ਤਰਨ ਤਾਰਨ (ਸਾਗਰਦੀਪ ਸਿੰਘ ਅਰੋੜਾ)**-ਤਰਨ ਤਾਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਬੀਤੇ ਦਿਨ ਪਿੰਡ ਸੋਹਲ ਵਿਖੇ ਆਪ ਵਲੰਟੀਅਰਾਂ ਦੀ ਇਕ ਵਿਸ਼ੇਸ਼ ਬੈਠਕ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਨੂੰ ਰੰਗਲਾ ਪੰਜਾਬ ਵਜੋਂ ਵਿਕਸਤ ਕਰਨ ਲਈ ਕੋਈ ਕਸਰ ਨਹੀਂ ਛੱਡ ਰਹੀ। ਇਸ ਮੌਕੇ ਡਾ. ਸੋਹਲ ਨੇ ਪਿੰਡ ਵਾਸੀਆਂ ਨੂੰ ਦਰਪੇਸ਼ ਮੁਸ਼ਕਲਾਂ ਸੁਣੀਆਂ ਅਤੇ ਜਲਦੀ ਹੱਲ ਕਰਨ ਦਾ ਭਰੋਸਾ ਦਿਤਾ। ਮੁੱਖ ਮੰਗਾਂ ਵਿੱਚ ਪਿੰਡ ਦੀਆਂ ਗਲੀਆਂ ਨੂੰ ਪੱਕਾ ਕਰਨਾ, ਸੜਕਾਂ ਦਾ ਨਵੀਨੀਕਰਨ, ਰੌਸ਼ਨੀ ਦਾ ਪ੍ਰਬੰਧ ਅਤੇ ਛੱਪੜ ਦੀ ਸਫਾਈ ਮੁੱਖ ਤੌਰ 'ਤੇ ਸ਼ਾਮਲ ਸਨ। ਵਿਧਾਇਕ ਸੋਹਲ ਨੇ ਕਿਹਾ ਕਿ ਪਿੰਡ ਦੇ ਵਿਕਾਸ ਕਾਰਜਾਂ ਨੂੰ ਨਿਰਧਾਰਤ ਨਿਯਮਾਂ ਅਨੁਸਾਰ ਪੂਰਾ ਕਰਨਾ ਉਨ੍ਹਾਂ ਦੀ ਪਹਿਲੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਪਿੰਡ ਵਿਚ ਸਿੱਖਿਆ, ਸਿਹਤ ਅਤੇ ਪਸ਼ੂ ਚਿਕਿਤਸਾ ਸੰਬੰਧੀ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ। ਇਸ ਮੌਕੇ ਮਾਸਟਰ ਤਸਵੀਰ ਸਿੰਘ, ਮਾਸਟਰ ਸ਼ਿਗਾਰਾ ਸਿੰਘ, ਬਲਵਿੰਦਰ ਕੌਰ, ਭੁਪਿੰਦਰ ਸਿੰਘ ਰਿੰਕੂ, ਗੁਰਮਿੰਦਰ ਸਿੰਘ ਵਾਲੀਆ, ਗੁਰਵੰਤ ਸਿੰਘ, ਦਿਲਬਾਗ ਸਿੰਘ, ਕਰਨਜੀਤ ਸਿੰਘ, ਪ੍ਰੇਮ ਸਿੰਘ, ਰਾਜਬੀਰ ਸਿੰਘ, ਗੁਰਪਾਲ ਸਿੰਘ, ਕੁਲਵੰਤ ਸਿੰਘ, ਮਨਜੀਤ ਸਿੰਘ, ਬਲਦੇਵ ਸਿੰਘ, ਕੰਵਲਜੀਤ ਕੌਰ, ਮਨਜੀਤ ਕੌਰ, ਸੁਖਵਿੰਦਰ ਕੌਰ, ਜਸਬੀਰ ਕੌਰ, ਦਲਬੀਰ ਕੌਰ ਆਦਿ ਤੋਂ ਇਲਾਵਾ ਹੋਰ ਵੀ ਵਲੰਟੀਅਰ ਅਤੇ ਪਿੰਡ ਵਾਸੀ ਮੌਜੂਦ ਸਨ।

# 91ਵੇਂ ਖ਼ੂਨਦਾਨ ਕੈਂਪ 'ਚ 95 ਡੋਨਰਾਂ ਨੇ ਕੀਤਾ ਖ਼ੂਨਦਾਨ






**ਕਲਾਨੌਰ, (ਮਨਦੀਪ ਕੁਮਾਰ)**-ਜ਼ਿਲ੍ਹਾ ਗੁਰਦਾਸਪੁਰ 'ਚ ਖ਼ੂਨਦਾਨ ਸਮੇਤ ਸਮਾਜ ਸੇਵਾਵਾਂ ਕਰ ਰਹੀਆਂ ਸਮਾਜਿਕ ਗਤੀਵਿਧੀਆਂ ਸੇਵਾ ਸੁਸਾਇਟੀ ਕਲਾਨੌਰ ਤੇ ਬਲੱਡ ਡੋਨਰ ਸੁਸਾਇਟੀ ਗੁਰਦਾਸਪੁਰ ਵਲੋਂ ਕਲਾਨੌਰ 'ਚ ਸਥਿਤ ਸ਼ਹੀਦ ਸੁਖਵਿੰਦਰ ਸਿੰਘ ਸੈਣੀ ਕਮਿਊਨਿਟੀ ਸਿਹਤ ਕੇਂਦਰ 'ਚ ਵਰਲਡ ਬਲੱਡ ਡੋਨੇਸ਼ਨ ਡੇ ਮੌਕੇ 91ਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਸਰਕਾਰੀ ਹਸਪਤਾਲ ਦੇ ਐਸ.ਐਮ.ਓ. ਡਾ. ਲਖਵਿੰਦਰ ਸਿੰਘ ਅਠਵਾਲ ਵਲੋਂ ਰੀਬਨ ਕੱਟ ਕੇ ਕੀਤਾ ਗਿਆ ਅਤੇ ਉਨ੍ਹਾਂ ਖ਼ੂਨਦਾਨ ਕਰਨ ਵਾਲਿਆਂ ਦੀ ਹੌਸਲਾ ਅਫਜ਼ਾਈ ਉਪਰੰਤ ਸੁਸਾਇਟੀ ਦੇ ਉਪਰਾਲੇ ਦੀ ਸਲਾਘਾ ਕੀਤੀ। ਇਸ ਮੌਕੇ ਦਰਸ਼ਨ ਸਿੰਘ ਪੁਰੇਵਾਲ, ਪ੍ਰਿੰ. ਦਲਜੀਤ ਸਿੰਘ ਪਟਿਆਲੀਆ, ਸੁਖਵਿੰਦਰ ਸਿੰਘ ਮੱਲ੍ਹੀ, ਜਸਦੀਪ ਸਿੰਘ ਦਿਓਲ, ਗੁਰਦਿਆਲ ਸਿੰਘ ਸੂਬੇਦਾਰ, ਰੋਹਿਤ ਵਰਮਾ, ਰਜਨੀ ਬਾਲਾ, ਗੁਰਵਿੰਦਰ ਸਿੰਘ, ਰਜਨੀਸ਼ ਸ਼ਰਮਾਂ ਨੇ ਦੱਸਿਆ ਕਿ ਇਸ ਥੋੜੇ ਸਮੇਂ 'ਚ ਆਯੋਜਿਤ ਖ਼ੂਨਦਾਨ ਕੈਂਪ 'ਚ ਸਰਕਾਰੀ ਬਲੱਡ ਬੈਂਕ ਬਟਾਲਾ ਅਤੇ ਅੰਮ੍ਰਿਤਸਰ ਦੀਆਂ ਟੀਮਾਂ ਵਲੋਂ 95 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਇਸ ਮੌਕੇ ਪਲਵਿੰਦਰ ਸਿੰਘ ਮਾਹਲ, ਸੋਨੂੰ ਮੱਲ੍ਹੀ, ਪ੍ਰਦੀਪ ਬਲਹੋਤਰਾ, ਦੀਪਕ ਕੋਹਲੀ, ਕੇ. ਪੀ. ਬਾਜਵਾ, ਰਾਜੇਸ਼ ਬੱਬੀ, ਆਦਰਸ਼ ਕੁਮਾਰ, ਚੀਫ ਫਾਰਮਾਸਿਸਟ ਪ੍ਰਭਜੀਤ ਸਿੰਘ, ਰਣਬੀਰ ਸਿੰਘ ਰੰਧਾਵਾ, ਹੈਲਥ ਇੰਸਪੈਕਟਰ ਦਿਲਬਾਗ ਸਿੰਘ ਸੰਧੂ, ਗੁਰਪ੍ਰੀਤ ਪਾਲ, ਵਿਜੇਪਾਲ ਸਿੰਘ, ਗੁਰਮੇਜ ਸਿੰਘ ਅਰਲੀਭੰਨ, ਹਰਵਿੰਦਰ ਸਿੰਘ ਅਲਾਵਲਪੁਰ, ਮੰਨੂੰ ਸ਼ਰਮਾਂ, ਪ੍ਰਵੀਨ ਅੱਤਰੀ, ਕਵਲਜੀਤ ਸਿੰਘ ਮੋਮਨਪੁਰ, ਗੁਰਨਾਮ ਸਿੰਘ ਬਰੀਲਾ, ਅੰਮ੍ਰਿਤਪਾਲ ਸਿੰਘ ਅਲਾਵਲਪੁਰ, ਰਾਜਨ ਸ਼ਰਮਾਂ, ਡਿੰਪਲ ਕੁਮਾਰ, ਕਰਮ ਸ਼ੇਰਗਿੱਲ, ਸਮੇਤ ਵੱਡੀ ਗਿਣਤੀ 'ਚ ਸਮਾਜਸੇਵਕ ਹਾਜ਼ਰ ਰਹੇ।

## ਮੁੱਢਲਾ ਸਿਹਤ ਕੇਂਦਰ ਜਗਤਪੁਰ ਕਈ ਸਹੂਲਤਾਂ ਤੋਂ ਵਾਂਝਾ, ਲੋਕ ਹੁੰਦੇ ਨੇ ਖੱਜਲ-ਖੁਆਰ

**ਗੁਰਦਾਸਪੁਰ, (ਜਨਕ ਮਹਾਜਨ)**-ਕਸਬਾ ਪੁਰਾਣਾ ਸ਼ਾਲਾ ਅੰਦਰ ਬਣਿਆ ਮੁੱਢਲਾ ਸਿਹਤ ਕੇਂਦਰ ਜਗਤਪੁਰ ਅੱਜ ਵੀ ਕਈ ਸਹੂਲਤਾਂ ਤੋਂ ਵਾਂਝਾ ਹੈ। ਹਸਪਤਾਲ ਵਿਚ ਦਵਾਈਆਂ ਦੀ ਕਮੀ,



ਟੈਸਟਾਂ ਮਸ਼ੀਨਾਂ ਅਤੇ ਐਕਸ-ਰੇ ਮਸ਼ੀਨ ਨਾ ਹੋਣ ਤੋਂ ਇਲਾਵਾ ਐਂਬੂਲੈਂਸ ਗੱਡੀ ਵੀ ਨਾ ਹੋਣ ਕਾਰਨ ਇਲਾਕਾ ਵਾਸੀਆਂ ਨੂੰ ਕਈ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਸਪਤਾਲ ਅੰਦਰ ਸਹੂਲਤਾਂ ਦੀ ਭਾਰੀ ਕਮੀ ਕਰਕੇ ਮਰੀਜ਼ਾਂ ਦਾ ਸਿਹਤ ਵਿਭਾਗ ਪੰਜਾਬ ਦੇ ਮੰਤਰੀ ਖ਼ਿਲਾਫ਼ ਭਾਰੀ ਰੋਸ ਦੇਖਣ ਨੂੰ ਮਿਲ ਰਿਹਾ ਹੈ। ਇਸ ਸੰਬੰਧੀ ਗੱਲਬਾਤ ਕਰਦਿਆਂ ਲੋਕਾਂ ਨੇ ਦੱਸਿਆ ਕਿ ਅਕਾਲੀ ਭਾਜਪਾ ਸਰਕਾਰ ਵੇਲੇ ਲਗਭਗ 37 ਲੱਖ ਰੁਪਏ ਦੀ ਲਾਗਤ ਨਾਲ ਮੁਢਲਾ ਸਿਹਤ ਕੇਂਦਰ ਜਗਤਪੁਰ ਸ਼ੁਰੂ ਕਰਵਾਇਆ ਸੀ ਅਤੇ ਉਸ ਸਮੇਂ ਦਵਾਈਆਂ ਤੇ ਡਾਕਟਰਾਂ ਦੀ ਵੀ ਕੋਈ ਘਾਟ ਨਹੀਂ ਸੀ ਅਤੇ ਟੈਸਟ ਵੀ ਅਸਾਨੀ ਨਾਲ ਹੋ ਜਾਂਦੇ ਸਨ। ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮੁਹੱਲਾ ਕਲੀਨਿਕ ਖੋਲ੍ਹਣ ਦੇ ਚੱਕਰ ਵਿਚ ਇਸ ਮੁਢਲੇ ਸਿਹਤ ਕੇਂਦਰ ਦਾ ਭੱਠਾ ਹੀ ਬਿਠਾ ਦਿੱਤਾ ਹੈ। ਲੋਕਾਂ ਦੱਸਿਆ ਕਿ ਹਸਪਤਾਲ ਵਿਚ ਇਕ ਮਹੀਨੇ ਤੋਂ ਟੈਸਟ ਵੀ ਨਹੀਂ ਹੋ ਰਹੇ ਅਤੇ ਕਈ ਦਵਾਈਆਂ ਵੀ ਨਹੀਂ ਮਿਲ ਰਹੀਆਂ, ਲੋਕ ਬਾਹਰੋਂ ਮਹਿੰਗੇ ਭਾਅ 'ਤੇ ਟੈਸਟ ਕਰਵਾਉਣ ਅਤੇ ਦਵਾਈਆਂ ਖ਼ਰੀਦਣ ਲਈ ਮਜਬੂਰ ਹਨ। ਇਸ ਹਸਪਤਾਲ ਵਿਚ ਜੋ ਕੁਝ ਡਾਕਟਰ ਹਨ, ਉਨ੍ਹਾਂ ਨੂੰ ਡੈਪੂਟੇਸ਼ਨ 'ਤੇ ਭੇਜਿਆ ਹੋਇਆ ਹੈ। ਇਸ ਸੰਬੰਧੀ ਜਦੋਂ ਮਹਿਕਮੇ ਦੇ ਕਰਮਚਾਰੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਦਵਾਈਆਂ ਤੇ ਟੈਸਟਾਂ ਵਾਸਤੇ ਅਗੇਤੀ ਲਿਸਟ ਸਿਵਲ ਸਰਜਨ ਗੁਰਦਾਸਪੁਰ ਨੂੰ ਭੇਜੇ ਹੋਏ ਹਨ। ਲੋਕਾਂ ਨੇ ਪੰਜਾਬ ਦੇ ਸਿਹਤ ਮੰਤਰੀ ਪਾਸੋਂ ਮੰਗ ਕੀਤੀ ਹੈ ਕਿ ਹਸਪਤਾਲ ਵਿਚ ਫੌਰੀ ਤੌਰ 'ਤੇ ਲੋੜੀਂਦੀਆਂ ਦਵਾਈਆਂ ਤੇ ਹੋਰ ਸਮਾਨ ਭੇਜਿਆ ਜਾਵੇ ਜਿਸ ਨਾਲ ਮਰੀਜ਼ਾਂ ਨੂੰ ਰਾਹਤ ਮਿਲ ਸਕੇ।

## ਸ਼ਰਾਰਤੀ ਅਨਸਰ ਆਪਣੀਆਂ ਹਰਕਤਾਂ ਤੋਂ ਬਾਜ਼ ਆਉਣ : ਪ੍ਰੋ. ਵਿਰਕ




**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਨਗਰ ਕੌਂਸਲ ਜੰਡਿਆਲਾ ਗੁਰੂ ਵਲੋਂ ਸ਼ਹਿਰ ਦੀ ਸੁੰਦਰਤਾ ਨੂੰ ਮੁੱਖ ਰੱਖਦੇ ਹੋਏ ਜੰਡਿਆਲਾ ਵਿੱਚ ਇੰਟਰਲਾਕ ਟਾਇਲਾਂ, ਸੁੰਦਰ ਲਾਈਟਾਂ, ਨਵੇਂ ਕੰਕਰੀਟ ਦੇ ਬੈਂਚ ਲਗਾ ਕੇ ਸੁੰਦਰੀਕਰਨ ਕੀਤਾ ਜਾ ਰਿਹਾ ਹੈ ਪਰ ਇਸਦੇ ਉਲਟ ਕੁਝ ਸ਼ਰਾਰਤੀ ਅਨਸਰ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਹੇ ਹਨ। ਉਹ ਮਹੱਲਿਆਂ ਵਿਚ ਲੱਗੇ ਬੈਂਚਾਂ ਦੀ ਤੋੜ-ਭੰਨ ਕਰ ਰਹੇ ਹਨ, ਜਿਸ ਕਾਰਨ ਸੈਰ ਕਰਦੇ ਬਜ਼ੁਰਗਾਂ ਨੂੰ ਬੈਠਣ ਵਿੱਚ ਕਾਫੀ ਪਰੇਸ਼ਾਨੀ ਆ ਰਹੀ ਹੈ। ਇਸ ਮੌਕੇ ਪ੍ਰੋਫੈਸਰ ਗਗਨ ਵਿਰਕ ਨੇ ਸ਼ਰਾਰਤੀ ਅਨਸਰਾਂ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਉਹ ਆਪਣੀਆਂ ਇਨ੍ਹਾਂ ਹਰਕਤਾਂ ਤੋਂ ਬਾਜ਼ ਆਉਣ ਨਹੀਂ ਤਾਂ ਇਸਦੇ ਨਤੀਜੇ ਮਾੜੇ ਹੋਣਗੇ। ਇਸ ਮੌਕੇ ਪ੍ਰੋਫੈਸਰ ਗਗਨ ਵਿਰਕ ਅਤੇ ਮੁਹੱਲਾ ਨਿਵਾਸੀਆਂ ਦੀ ਪ੍ਰਸ਼ਾਸਨ ਤੋਂ ਮੰਗ ਹੈ ਕਿ ਉਹ ਇਨ੍ਹਾਂ ਸ਼ਰਾਰਤੀ ਅਨਸਰਾਂ ਨੂੰ ਜਲਦੀ ਤੋਂ ਜਲਦੀ ਠੱਲ੍ਹ ਪਾਉਣ ਤਾਂ ਜੋ ਉਹ ਅੱਗੇ ਕੋਈ ਹੋਰ ਨੁਕਸਾਨ ਨਾ ਕਰ ਸਕਨ।

# ਸਬ-ਸੈਂਟਰ ਵਲਟੋਹਾ ਵਿਖੇ ਮਲੇਰੀਆ ਬਾਬਤ ਦਿੱਤੀ ਜਾਣਕਾਰੀ




**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਸਿਵਲ ਸਰਜਨ ਤਰਨਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੀ ਯੋਗ ਅਗਵਾਈ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਅਫਸਰ ਤਰਨਤਾਰਨ ਡਾ. ਸਿਮਰਨ ਕੌਰ ਤੇ ਡਾ. ਅਮਨਦੀਪ ਸਿੰਘ ਦੀ ਰਹਿਨੁਮਾਈ ਅਤੇ ਕਾਰਜਕਾਰੀ ਸੀਨੀਅਰ ਮੈਡੀਕਲ ਅਫਸਰ ਡਾ. ਰਿਧਮ ਦੀ ਦੇਖ ਰੇਖ ਹੇਠ ਸਬ ਸੈਂਟਰ ਵਲਟੋਹਾ ਵਿਖੇ ਮਲੇਰੀਆ ਦਿਵਸ ਮਨਾਇਆ ਗਿਆ।ਜਿਸ ਨੂੰ ਸੰਬੋਧਨ ਕਰਦਿਆ ਡਾ. ਸਿਮਰਤ ਕੌਰ ਅਤੇ ਸਰਬਜੀਤ ਸਿੰਘ ਐਸ ਆਈ ਨੇ ਦੱਸਿਆ ਕਿ ਮਲੇਰੀਆ ਬੁਖਾਰ ਮਾਦਾ ਐਨਾਫਲੀਜ਼ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਇਸ ਲਈ ਸਾਨੂੰ ਆਪਣੇ ਘਰਾ ਦੇ ਆਲੇ ਦੁਆਲੇ ਪਾਣੀ ਖੜਾ ਨਹੀ ਹੋਣ ਦੇਣਾ ਚਾਹੀਦਾ ਅਤੇ ਗੰਦਗੀ ਵਾਲੀਆਂ ਥਾਵਾਂ ਤੇ ਸਾਫ-ਸਫਾਈ ਜ਼ਰੂਰ ਰੱਖਣੀ ਚਾਹੀਦੀ ਹੈ। ਇਸ ਲਈ ਸਾਨੂੰ ਘਰਾਂ ਵਿੱਚ ਲੱਗੇ ਕੂਲਰਾਂ ਫਰਿਜਾਂ ਅਤੇ ਗਮਲਿਆਂ ਦੀ ਹਫਤੇ ਇਕ ਵਾਰ ਸਾਫ-ਸਫਾਈ ਜ਼ਰੂਰ ਕਰਨੀ ਚਾਹੀਦੀ ਹੈ। ਇਸ ਤੋਂ ਬਚਾਅ ਲਈ ਘਰਾਂ ਵਿੱਚ 'ਚ ਜਾਲੀਦਾਰ ਦਰਵਾਜ਼ਿਆਂ, ਮੱਛਰ ਭਜਾਊ ਕਰੀਮਾਂ ਅਤੇ ਮੱਛਰ ਦਾਨੀਆਂ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। ਬੁਖਾਰ ਹੋਣ ਦੀ ਸੂਰਤ ਵਿਚ ਕਿਸੇ ਵੀ ਨੇੜੇ ਦੇ ਸਿਹਤ ਕੇਂਦਰ ਵਿਚ ਖੂਨ ਦੀ ਜਾਂਚ ਕਰਵਾਈ ਜਾ ਸਕਦੀ ਹੈ। ਇਸ ਮੌਕੇ ਮੁਨੀਸ਼ ਕੁਮਾਰ, ਤਰਨਜੀਤ ਸਿੰਘ, ਸੁਰਿੰਦਰ ਸਿੰਘ ਐਮਪੀਡਬਲਿਊ ਮੇਲ, ਰਜਵੰਤ ਕੌਰ ਏਐਨਮ, ਸੁਮਨ ਬਾਲਾ ਐਲਟੀ, ਹਰਜੀਤ ਕੌਰ ਸਟਾਫ ਨਰਸ, ਸੁਰਜੀਤ ਸਿੰਘ, ਆਸ਼ਾ ਵਰਕਰ ਤੇ ਪਿੰਡ ਦੇ ਮੋਹਤਬਰ ਵਿਅਕਤੀ ਹਾਜ਼ਰ ਸਨ।

# ਏਅਰ ਏਸ਼ੀਆ ਐਕਸ ਦੀ ਕੁਆਲਾਲੰਪੁਰ-ਅੰਮ੍ਰਿਤਸਰ ਉਡਾਣ ਹੋਵੇਗੀ ਸ਼ੁਰੂ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਪੰਜਾਬ ਤੋਂ ਆਸਟ੍ਰੇਲੀਆ, ਕੁਆਲਾਲੰਪੁਰ, ਥਾਈਲੈਂਡ ਅਤੇ ਹੋਰਨਾਂ ਦੱਖਣ-ਪੂਰਬੀ ਏਸ਼ੀਆ ਦੇ ਮੁਲਕਾਂ ਨੂੰ ਹਵਾਈ ਸਫਰ ਕਰਨ ਵਾਲੇ ਯਾਤਰੀਆਂ ਲਈ ਇਕ ਖੁਸ਼ ਕਰਨ ਵਾਲੀ ਖਬਰ ਹੈ। ਮਾਰਚ 2020 ਵਿੱਚ ਕੋਵਿਡ ਕਾਰਨ ਬੰਦ ਹੋਈਆਂ ਮਲੇਸ਼ੀਆ ਦੀ ਘੱਟ ਕਿਰਾਏ ਵਾਲੀ ਏਅਰਲਾਈਨ ਏਅਰ ਏਸ਼ੀਆ ਐਕਸ ਦੀਆਂ ਕੁਆਲਾਲੰਪੁਰ-ਅੰਮ੍ਰਿਤਸਰ ਵਿਚਾਲੇ ਸਿੱਧੀਆਂ ਉਡਾਨਾਂ ਹੁਣ 3 ਸਤੰਬਰ ਤੋਂ ਮੁੜ ਸ਼ੁਰੂ ਹੋ ਰਹੀਆਂ ਹਨ।

ਫਲਾਈ ਅੰਮ੍ਰਿਤਸਰ ਇਨੀਸ਼ਿਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ, ਕਨਵਨੀਰ ਇੰਡੀਆ ਯੋਗੇਸ਼ ਕਾਮਰਾ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਮਨਮੋਹਨ ਸਿੰਘ ਬਰਾੜ ਨੇ ਪ੍ਰੈਸ ਨੂੰ ਜਾਰੀ ਇੱਕ ਸਾਂਝੇ ਬਿਆਨ ਵਿੱਚ ਦੱਸਿਆ ਕਿ ਅਗਸਤ 2018 ਵਿੱਚ ਫਲਾਈ ਅੰਮਿਤਸਰ ਇਨੀਸ਼ਿਏਟਿਵ, ਅੰਮ੍ਰਿਤਸਰ ਵਿਕਾਸ ਮੰਚ ਦੇ ਯਤਨਾਂ ਸਦਕਾ ਸ਼ੁਰੂ ਹੋਣ ਵਾਲੀ ਏਅਰ ਏਸ਼ੀਆ ਐਕਸ ਦੀ ਉਡਾਨ ਹੁਣ ਮੁੜ ਹਫਤੇ ਵਿੱਚ 4 ਦਿਨ ਮਲੇਸ਼ੀਆ ਦੇ ਕੁਆਲਾਲੰਪੁਰ ਹਵਾਈ ਅੱਡੇ ਤੋਂ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਲਈ ਉਡਾਨਾਂ ਦਾ ਸੰਚਾਲਨ ਕਰੇਗੀ।

ਏਅਰਲਾਈਨ ਵਲੋਂ ਕੁਆਲਾਲੰਪੁਰ ਰਾਹੀਂ ਦੂਜੇ ਮੁਲਕਾਂ ਨੂੰ ਬਹੁਤ ਹੀ ਘੱਟ ਸਮੇਂ ਵਿੱਚ ਸੁਵਿਧਾਜਨਕ ਸੰਪਰਕ ਦੇਣ ਲਈ ਇਸ ਵਾਰ ਇਨਾਂ ਉਡਾਨਾਂ ਦਾ ਸੰਚਾਲਨ ਦੋ ਵੱਖ-ਵੱਖ ਸਮੇਂ ਤੇ ਕੀਤਾ ਜਾਵੇਗਾ। ਸੋਮਵਾਰ ਅਤੇ ਐਤਵਾਰ ਵਾਲੇ ਦਿਨ ਇਹ ਉਡਾਨ ਕੁਆਲਾਲੰਪੁਰ ਤੋਂ ਸਵੇਰੇ 7:35 ਵਜੇ ਉਡਾਣ ਭਰ ਕੇ 11:00 ਵਜੇ ਅੰਮ੍ਰਿਤਸਰ ਪੁੱਜੇਗੀ ਅਤੇ ਫਿਰ ਦੁਪਹਿਰ 12:30 ਵਜੇ ਇੱਥੋਂ ਰਵਾਨਾ ਹੋ ਕੇ ਸ਼ਾਮ ਨੂੰ 8:55 ਵਜੇ ਵਾਪਸ ਕੁਆਲਾਲੰਪੁਰ ਪਹੁੰਚ ਜਾਵੇਗੀ। ਬੁੱਧਵਾਰ ਅਤੇ ਸ਼ੁੱਕਰਵਾਰ ਵਾਲੇ ਦਿਨ ਇਹ ਉਡਾਨ ਮਲੇਸ਼ੀਆ ਦੇ ਸਮੇਂ ਅਨੁਸਾਰ ਸ਼ਾਮ ਨੂੰ 8:25 ਤੇ ਰਵਾਨਾ ਹੋ ਕੇ ਰਾਤ 11:50 ਵਜੇ ਅੰਮ੍ਰਿਤਸਰ ਪੁੱਜੇਗੀ ਅਤੇ ਫਿਰ 1 ਘੰਟੇ 10 ਮਿੰਟ ਬਾਅਦ ਅਗਲੇ ਦਿਨ ਅੱਧੀ ਰਾਤ ਵੀਰਵਾਰ ਅਤੇ ਸ਼ਨੀਵਾਰ ਨੂੰ 1:00 ਵਜੇ ਅੰਮ੍ਰਿਤਸਰ ਤੋਂ ਰਵਾਨਾ ਹੋ ਕੇ ਸਵੇਰੇ 9:25 ਵਜੇ ਮਲੇਸ਼ੀਆ ਪੁੱਜੇਗੀ। ਏਅਰਲਾਈਨ ਵਲੋਂ ਇਸ ਲਈ ਆਪਣੇ 377 ਸੀਟਾਂ ਵਾਲੇ ਏਅਰਬੱਸ ਏ-330 ਜਹਾਜ਼ ਦੀ ਵਰਤੋਂ ਕੀਤੀ ਜਾਵੇਗੀ ਜਿਸ ਵਿੱਚ 12 ਬਿਜ਼ਨਸ ਕਲਾਸ ਸੀਟਾਂ ਵੀ ਹੁੰਦੀਆਂ ਹਨ। ਕੁਆਲਾਲੰਪੁਰ ਤੋਂ ਸਿਰਫ 2 ਤੋਂ 4 ਘੰਟੇ ਦੇ ਵਕਫੇ ਤੋਂ ਬਾਅਦ ਯਾਤਰੀ ਮੈਲਬੌਰਨ, ਸਿਡਨੀ, ਪਰਥ, ਗੋਲਡ ਕੋਸਟ ਅਤੇ ਹੋਰਨਾਂ ਮੁਲਕਾਂ ਲਈ ਉਡਾਨ ਲੈ ਸਕਣਗੇ। ਇਸ ਉਡਾਨ ਦੇ ਸ਼ੁਰੂ ਹੋਣ ਨਾਲ ਹੁਣ ਪੰਜਾਬ ਅਤੇ ਆਸਟ੍ਰੇਲੀਆ ਦੇ ਇਨਾਂ ਸ਼ਹਿਰਾਂ ਵਿਚਾਲੇ ਸਿਰਫ 16 ਤੋਂ 18 ਘੰਟੇ ਦਾ ਸਮਾਂ ਲੱਗੇਗਾ। ਯਾਤਰੀ ਬੈਂਕਾਕ, ਹਾਂਗਕਾਂਗ, ਬਾਲੀ ਤੇ ਹੋਰਨਾਂ ਟੂਰਿਸਟ ਸ਼ਹਿਰਾਂ ਵਾਸਤੇ ਵੀ ਬਹੁਤ ਹੀ ਥੋੜੇ ਸਮੇਂ ਵਿਚ ਕੁਆਲਾਲੰਪੁਰ ਰਾਹੀਂ ਏਅਰ-ਏਸ਼ੀਆ ਦੀਆਂ ਉਡਾਨਾਂ ਲੈ ਸਕਣਗੇ। ਇਨ੍ਹਾਂ ਉਡਾਨਾਂ ਦੀ ਬੁਕਿੰਗ ਏਅਰ ਏਸ਼ੀਆ ਦੀ ਵੈਬਸਾਈਟ ਤੇ ਵੀ ਉਪਲੱਬਧ ਹੈ।

# ਐੱਚਟੀ/ਸੀਐੱਚਟੀ ਲਈ ਖਾਲੀ ਪੋਸਟਾਂ ਅਪਡੇਟ ਕਰਕੇ ਸਟੇਸ਼ਨ ਚੁਆਇਸ ਕਰਨ ਦਾ ਮੌਕਾ ਦੇਣ ਦੀ ਮੰਗ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਪ੍ਰਾਇਮਰੀ ਸਕੂਲਾਂ ਦੇ ਮੁੱਖ ਅਧਿਆਪਕ ਤੇ ਸੈਂਟਰ ਹੈੱਡ ਟੀਚਰ ਦੀਆਂ ਖਾਲੀ ਪੋਸਟਾਂ ਬਦਲੀਆਂ ਦੇ ਪੋਰਟਲ ਤੇ ਅਪਡੇਟ ਨਾ ਹੋਣ ਕਰਕੇ ਆਧਿਆਪਕ ਸਟੇਸਨ ਚੁਆਇਸ ਨਹੀਂ ਕਰ ਸਕੇ, ਭਾਵੇਂ ਕਿ ਸਿੱਖਿਆ ਵਿਭਾਗ ਵੱਲੋਂ ਅਧਿਆਪਕਾਂ ਦੀਆਂ ਆਨ ਲਾਈਨ ਬਦਲੀਆਂ ਸਬੰਧੀ ਵੱਡੇ-ਵੱਡੇ ਇਸ਼ਤਿਹਾਰ ਦੇ ਕੇ ਪ੍ਰਚਾਰ ਕੀਤਾ ਜਾ ਰਿਹਾ ਹੈ, ਪਰ ਅਸਲ ਵਿੱਚ ਇਨ੍ਹਾਂ ਆਨਲਾਈਨ ਬਦਲੀਆਂ ਨੂੰ ਨੇਪਰੇ ਚਾੜ੍ਹਨ ਵਿੱਚ ਭਰਪੂਰ ਖਾਮੀਆਂ ਹਨ, ਪ੍ਰਾਇਮਰੀ ਕੇਡਰ ਦੇ ਹੈੱਡ ਟੀਚਰ ਤੇ ਸੈਂਟਰ ਹੈੱਡ ਟੀਚਰਾਂ ਦੀ ਬੀਤੇ ਦਿਨੀਂ ਮਿਤੀ 15-06-2023 ਨੂੰ ਆਖਰੀ ਮੌਕਾ ਦਿੱਤਾ ਗਿਆ ਸੀ ਜਿਸ ਦਾ ਸਮਾਂ ਸਾਂਮ 5.00 ਵਜੇ ਤੱਕ ਸੁਪਰ ਬਾਰ ਬਾਰ ਵੇਖਣ ਤੇ ਸਟੇਸ਼ਨ ਸ਼ੋਅ ਨਹੀਂ ਸੀ ਹੋ ਰਹੇ। ਇਸ ਸਬੰਧੀ ਅਧਿਆਪਕ ਸਾਰਾ ਦਿਨ ਮਿਸ ਵਿੰਗ ਨੂੰ ਫੋਨ ਕਰਕੇ ਪੁੱਛਦੇ ਰਹੇ, ਪਰ ਸ਼ਾਮ ਪੰਜ ਵਜੇ ਤੱਕ ਹੈੱਡ ਟੀਚਰ ਤੇ ਸੈਂਟਰ ਹੈਡ ਟੀਚਰ ਦੀ ਖਾਲੀ ਵੇਕੈਂਸੀ ਦੀ ਲਿਸਟ ਅਪਡੇਟ ਨਹੀਂ ਹੋ ਸਕੀ ਸੀ। ਇਸ ਸਬੰਧੀ ਅਧਿਆਪਕ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਹੈੱਡ ਟੀਚਰ ਤੇ ਸੈਂਟਰ ਹੈੱਡ ਟੀਚਰ ਕੇਡਰ ਦੀਆਂ ਆਨਲਾਈਨ ਬਦਲੀਆਂ ਕਰਨ ਲਈ ਖਾਲੀ ਪੋਸਟਾਂ ਅਪਡੇਟ ਕਰਕੇ ਸਟੇਸ਼ਨ ਚੁਆਇਸ ਕਰਨ ਦਾ ਮੌਕਾ ਜਲਦ ਤੋਂ ਜਲਦ ਦਿੱਤਾ ਜਾਵੇ। ਇਸ ਸਮੇਂ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਬਲਜੀਤ ਟੌਮ, ਜਨਰਲ ਸਕੱਤਰ ਨਰਿੰਦਰ ਨੂਰ, ਧਰਮਿੰਦਰ ਸਿੰਘ, ਗੁਰਵੇਲ ਠੱਠਾ, ਹਰਜੀਤ ਸਿੰਘ ਕਸੇਲ ਆਦਿ ਆਗੂ ਹਾਜ਼ਰ ਸਨ।

# 20 ਪੰਚਾਇਤਾਂ ਨੇ ਦਿੱਲੀ-ਕਟੜਾ ਐਕਸਪ੍ਰੈੱਸ ਵੇਅ ਦੇ ਹੱਕ 'ਚ ਲਿਖਤੀ ਮਤੇ ਪਾਏ



**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹਾ ਪ੍ਰਸ਼ਾਸਨ ਦੀਆਂ ਕੋਸ਼ਿਸ਼ਾਂ ਅਤੇ ਕਿਸਾਨਾਂ ਵਲੋਂ ਦਿੱਤੀ ਜਾ ਰਹੀ ਸਹਿਮਤੀ ਸਦਕਾ ਦਿੱਲੀ-ਕਟੜਾ ਐਕਸਪ੍ਰੈਸ ਵੇਅ ਦੇ ਸਿਰੇ ਚੜ੍ਹਨ ਲਈ ਰਾਹ ਲਗਭਗ ਪੱਧਰਾ ਹੋ ਗਿਆ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਤੇ ਹੋਰ ਪ੍ਰਸ਼ਾਸਿਨਕ ਅਧਿਕਾਰੀਆਂ ਵਲੋਂ ਲਗਾਤਾਰ ਕਿਸਾਨਾਂ, ਕਿਸਾਨ ਯੂਨੀਅਨਾਂ ਦੇ ਆਗੂਆਂ ਨਾਲ ਮੀਟਿੰਗਾਂ ਕਰਨ ਮਗਰੋਂ ਕਿਸਾਨਾਂ ਵਲੋਂ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਲਈ ਸਹਿਮਤੀ ਦੇ ਦਿੱਤੀ ਗਈ ਹੈ। ਜ਼ਿਲ੍ਹਾ ਗੁਰਦਾਸਪੁਰ ਦੇ ਜਿਨ੍ਹਾਂ 43 ਪਿੰਡਾਂ ਵਿਚੋਂ ਇਹ ਐਕਸਪ੍ਰੈਸ ਵੇਅ ਲੰਘਣਾ ਹੈ, ਉਨ੍ਹਾਂ ਵਿਚੋਂ 20 ਪੰਚਾਇਤਾਂ ਨੇ ਲਿਖਤੀ ਮਤੇ ਪਾ ਕੇ ਆਪਣੀ ਸਹਿਮਤੀ ਦੇ ਦਿੱਤੀ ਹੈ। ਇਸ ਤੋਂ ਇਲਾਵਾ ਰਹਿੰਦੀਆਂ ਪੰਚਾਇਤਾਂ ਵਲੋਂ ਮਤੇ ਪਾਉਣ ਲਈ ਸਹਿਮਤੀ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਵਲੋਂ ਲਗਾਤਾਰ ਕਿਸਾਨ ਯੂਨੀਅਨਾਂ ਦੇ ਆਗੂਆਂ ਅਤੇ ਕਿਸਾਨਾਂ ਨਾਲ ਗੱਲਬਾਤ ਕੀਤੀ ਗਈ ਹੈ ਜਿਸ ਦਾ ਕਿਸਾਨਾਂ ਵਲੋਂ ਇਸ ਪ੍ਰੋਜੈਕਟ ਸਬੰਧੀ ਹਾਂ-ਪੱਖੀ ਹੁੰਗਾਰਾ ਮਿਲਿਆ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਉਹ ਖੁਦ ਪਿੰਡਾਂ ਵਿਚ ਕਿਸਾਨਾਂ ਨੂੰ ਜਾ ਕੇ ਮਿਲ ਰਹੇ ਹਨ ਅਤੇ ਕਿਸਾਨਾਂ ਦੇ ਜੋ ਤੌਖਲੇ ਹਨ, ਉਨ੍ਹਾਂ ਨੂੰ ਦੂਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀਆਂ 20 ਪੰਚਾਇਤਾਂ ਨੇ ਦਿੱਲੀ-ਕਟੜਾ ਐਕਸਪ੍ਰੈਸ ਵੇਅ ਦੇ ਹੱਕ ਵਿਚ ਲਿਖਤੀ ਮਤੇ ਪਾਏ ਹਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਦਿੱਲੀ-ਕਟੜਾ ਐਕਸਪ੍ਰੈਸ ਵੇਅ ਦਾ ਜ਼ਿਲ੍ਹਾ ਗੁਰਦਾਸਪੁਰ ਵਿਚੋਂ ਲੰਘਣਾ ਜ਼ਿਲ੍ਹੇ ਲਈ ਬਹੁਤ ਫ਼ਾਇਦੇਮੰਦ ਹੈ ਅਤੇ ਇਹ ਪ੍ਰੋਜੈਕਟ ਜ਼ਿਲ੍ਹੇ ਦੇ ਵਿਕਾਸ ਲਈ ਨਵੇਂ ਦਰਵਾਜ਼ੇ ਖੋਲ੍ਹੇਗਾ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਲਈ ਕਿਸਾਨ ਖੁਦ ਵੀ ਅੱਗੇ ਆ ਰਹੇ ਹਨ ਅਤੇ ਜੇਕਰ ਫਿਰ ਵੀ ਕਿਸੇ ਕਿਸਾਨ ਦੇ ਕੋਈ ਤੌਖਲੇ ਹੋਣ ਤਾਂ ਉਨ੍ਹਾਂ ਨਾਲ ਗੱਲਬਾਤ ਲਈ ਜ਼ਿਲ੍ਹਾ ਪ੍ਰਸ਼ਾਸਨ ਹਰ ਸਮੇਂ ਹਾਜ਼ਰ ਹੈ।

# ਜਾਮਾਰਾਏ ਚੌਕ 'ਚ ਟਰਾਂਸਪੋਰਟ ਮੰਤਰੀ ਦਾ ਪੁਤਲਾ ਫੂਕਿਆ



ਸੰਬੋਧਨ ਕਰਦਿਆਂ ਕੌਮੀ ਕਿਸਾਨ ਯੂਨੀਅਨ ਦੇ ਆਗੂ ਤਰਸੇਮ ਸਿੰਘ ਲੁਹਾਰ ਨੇ ਕਿਹਾ ਕਿ ਪਾਵਰਕਾਮ ਦੇ ਇਮਾਨਦਾਰ ਅਧਿਕਾਰੀ ਐਸਈ ਗੁਰਸ਼ਰਨ ਸਿੰਘ ਖਹਿਰਾ ਦੀ ਟਰਾਂਸਪੋਰਟ ਮੰਤਰੀ ਵੱਲੋਂ ਰੰਜਿਸ਼ ਤਹਿਤ ਕੀਤੀ ਬਦਲੀ ਖਿਲਾਫ ਸੰਘਰਸ਼ ਕਰ ਰਹੀਆਂ ਜਥੇਬੰਦੀਆਂ 27 ਜੂਨ

**ਫਤਿਆਬਾਦ (ਨਜ਼ਸ)**-ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਹੈਂਕੜ ਭਰੇ ਰਵੱਈਏ ਖਿਲਾਫ 15 ਜੂਨ ਤੋਂ 24 ਜੂਨ ਤੱਕ ਪਿੰਡ-ਪਿੰਡ ਪੁਤਲੇ ਫੂਕ ਕੇ ਰੋਸ ਪ੍ਰਦਰਸ਼ਨ ਕਰਨ ਦੇ ਵੱਖ-ਵੱਖ ਜਥੇਬੰਦੀਆਂ ਵੱਲੋਂ ਦਿੱਤੇ ਸੱਦੇ ਦੀ ਕੜੀ ਵਜੋਂ ਪਿੰਡ ਜਾਮਾਰਾਏ ਚੌਕ ਵਿੱਚ ਕੌਮੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤਰਸੇਮ ਸਿੰਘ ਲੁਹਾਰ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਸੁਲੱਖਣ ਸਿੰਘ ਤੁੜ ਅਤੇ ਜਮਹੂਰੀ ਕਿਸਾਨ ਸਭਾ ਦੇ ਜ਼ਿਲਾ ਪ੍ਰਧਾਨ ਮਨਜੀਤ ਸਿੰਘ ਬੱਗੂ ਦੀ ਅਗਵਾਈ ਹੇਠ ਮੰਤਰੀ ਦਾ ਪੁਤਲਾ ਫੂਕ ਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ । ਇਸ ਮੌਕੇ ਇਕੱਤਰ ਕਿਸਾਨਾਂ ਨੂੰ ਨੂੰ ਡਿਪਟੀ ਕਮਿਸ਼ਨਰ ਦਫਤਰ ਤਰਨ ਤਾਰਨ ਦੇ ਸਾਹਮਣੇ ਰੋਸ ਪ੍ਰਦਰਸ਼ਨ ਕਰਕੇ ਮੰਤਰੀ ਦੀ ਅਰਥੀ ਫੂਕ ਕੇ ਕੀਤੀ ਜਾ ਰਹੀ ਗੁੰਡਾਗਰਦੀ ਖਿਲਾਫ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਡਿਪਟੀ ਕਮਿਸ਼ਨਰ ਰਾਹੀਂ ਦਿੱਤਾ ਜਾਵੇਗਾ। ਇਸ ਮੌਕੇ ਕਿਸਾਨ ਆਗੂਆਂ ਗੁਰਭੇਜ ਸਿੰਘ, ਜਗਜੀਤ ਸਿੰਘ, ਮਨਦੀਪ ਸਿੰਘ, ਬਲਦੇਵ ਸਿੰਘ, ਅਵਤਾਰ ਸਿੰਘ, ਕੁਲਦੀਪ ਸਿੰਘ, ਸੁਖਬੀਰ ਸਿੰਘ ਲਾਲਪੁਰਾ, ਹਰਦੀਪ ਸਿੰਘ, ਬਲਵਿੰਦਰ ਸਿੰਘ ਆਦਿ ਨੇ ਕਿਹਾ ਕਿ ਮੰਤਰੀ ਦੀ ਗੁੰਡਾਗਰਦੀ ਦਾ ਮੂੰਹਤੋੜ ਜਵਾਬ ਸੰਘਰਸ਼ਾਂ ਰਾਹੀਂ ਦਿੱਤਾ ਜਾਵੇਗਾ।

# ਇਤਿਹਾਸਕ ਨਗਰ ਸੁਰਸਿੰਘ ਵਿਖੇ ਗੁਰੂ ਘਰ ਦੀਆਂ ਵੱਖ-ਵੱਖ ਇਮਾਰਤਾਂ ਦੀ ਕਾਰ ਸੇਵਾ ਆਰੰਭ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਇਤਿਹਾਸਕ ਨਗਰ ਸੁਰਸਿੰਘ ਧੰਨ ਧੰਨ ਬਾਬਾ ਬਿਧੀ ਚੰਦ ਜੀ ਸੰਪ੍ਰਦਾਇ ਦਲ ਪੰਥ ਬਾਬਾ ਬਿਧੀ ਚੰਦ ਦੀ ਅੰਸ ਬੰਸ ਦੇ 12ਵੇਂ ਮਜੂਦਾ ਮੁਖੀ ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਵੱਲੋਂ ਅਤੇ ਨਗਰ, ਇਲਾਕੇ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਦੀਆਂ ਵੱਖ:ਵੱਖ ਇਮਾਰਤਾਂ ਦੀ ਧਾਰਮਿਕ ਜਥੇਬੰਦੀਆਂ ਦੀ ਹਾਜ਼ਰੀ ਵਿੱਚ ਟੱਪ ਲਾ ਕੇ ਸੇਵਾ ਆਰੰਭ ਕੀਤੀ ਗਈ ਜਿਸ ਵਿੱਚ ਚਰਨ ਕਮਲ ਗੁਰੂ ਕੇ ਮਹਿਲ ਦੀ ਬਾਬਾ ਅਵਤਾਰ ਸਿੰਘ ਜੀ ਦੇ ਸਹਿਯੋਗ ਨਾਲ ਦਰਸ਼ਨੀ ਡਿਉਢੀ ਦਾ ਨੀਂਹ ਪੱਥਰ ਰੱਖਿਆ ਗਿਆ। ਹੈੱਡਕੁਆਰਟਰ ਸੁਰਸਿੰਘ ਸਾਉਣੀ ਬਾਬਾ ਬਿਧੀ ਚੰਦ ਵਿਖੇ ਲੰਗਰ ਹਾਲ ਦਾ ਬਾਬਾ ਅਵਤਾਰ ਸਿੰਘ ਦੀ ਹਾਜ਼ਰੀ 'ਚ ਨੀਂਹ ਪੱਥਰ ਰੱਖਿਆ ਗਿਆ। ਸੰਗਰਾਂਦ ਦਾ ਦਿਹਾੜਾ ਵੀ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।

ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਨੇ ਕਿਹਾ ਕਿ ਜੋ ਅੱਜ ਸੇਵਾ ਆਰੰਭ ਕਰਵਾਈ ਗਈ ਹੈ ਇਹ ਸਭ ਸੰਗਤਾਂ ਦੇ ਸਹਿਯੋਗ ਨਾਲ ਕਰਵਾਈ ਜਾ ਰਹੀ ਹੈ। ਇਸ ਮੌਕੇ ਉਚੇਚੇ ਤੌਰ 'ਤੇ ਧਾਰਮਿਕ ਸੰਤ, ਮਹੰਤ, ਮਹਾਪੁਰਸ਼, ਜਥੇਦਾਰ ਸਿੰਘ ਸਾਹਿਬ ਜਿਸ ਵਿੱਚ ਗਿਆਨੀ ਜਗਤਾਰ ਸਿੰਘ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਬਾਬਾ ਪ੍ਰੇਮ ਸਿੰਘ, ਬਾਬਾ ਚਰਨਜੀਤ ਸਿੰਘ, ਸਾਹਿਬ ਜਥੇਦਾਰ ਬਾਬਾ ਜੋਗਾ ਸਿੰਘ ਜੀ ਮੁਖੀ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਸਾਹਿਬ, ਸੰਤ ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ ਅਨੰਦਪੁਰ ਸਾਹਿਬ, ਸੰਤ ਬਾਬਾ ਨਰਿੰਦਰ ਸਿੰਘ, ਸੰਤ ਬਾਬਾ ਜਗਤਾਰ ਸਿੰਘ ਤਰਨਤਾਰਨ ਸਾਹਿਬ ਕਾਰ ਸੇਵਾ, ਸੰਤ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ, ਸੰਤ ਬਾਬਾ ਸੁੱਖਾ ਸਿੰਘ ਭੂਰੀ ਵਾਲੇ, ਸੰਤ ਬਾਬਾ ਸਤਨਾਮ ਸਿੰਘ ਗੁਰੂ ਕੇ ਬਾਗ, ਸੰਤ ਬਾਬਾ ਜੋਗਾ ਦਰਾਜਕੇ ਵਾਲੇ, ਸੰਤ ਬਾਬਾ ਸੁਬੇਗ ਸਿੰਘ ਗੋਇੰਦਵਾਲ ਸਾਹਿਬ, ਸੰਤ ਬਾਬਾ ਛਿੰਦਾ ਸਿੰਘ ਤਰਨਾ ਦਲ ਭਿੱਖੀਵਿੰਡ ਵਾਲੇ, ਸੰਤ ਬਾਬਾ ਗੁਰਰਾਜਨਪਾਲ ਸਿੰਘ, ਬਾਬਾ ਹਰਦੀਪ ਸਿੰਘ, ਡੇਰਾ ਬਾਬਾ ਮਹਾਰਾਜ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ, ਬਾਬਾ ਮੌਜਦਾਸ ਮਾੜੀ ਕੰਬੋਕੀ ਵਾਲੇ, ਬਾਬਾ ਹਰੀ ਸਿੰਘ ਜੀ ਨਾਨਕਸਰ ਠਾਠ ਹਰੀਕੇ, ਗੁਰਦੀਪ ਸਿੰਘ, ਗਿਆਨੀ ਹਰਦੀਪ ਸਿੰਘ, ਬਾਬਾ ਰਜਿੰਦਰਪਾਲ ਸਿੰਘ ਮਾਲੂਵਾਲ ਵਾਲੇ, ਬਾਬਾ ਸਤਨਾਮ ਸਿੰਘ ਕੀੜੀ ਅਫਗਾਨਾ, ਪੁਸ਼ਵਿੰਦਰ ਸਿੰਘ ਭਾਟੀਆ, ਸਿੰਘ ਸਾਹਿਬ ਗਿਆਨੀ ਗੁਰਜੰਟ ਸਿੰਘ ਹੈੱਡ ਗ੍ਰੰਥੀ ਸ੍ਰੀ ਤਰਨਤਾਰਨ ਸਾਹਿਬ, ਗਿਆਨੀ ਸੁਖਦੇਵ ਸਿੰਘ, ਬਾਬਾ ਨਾਹਰ ਸਿੰਘ, ਜੱਥੇਦਾਰ ਨਿਹਾਜ ਸਿੰਘ, ਬਾਬਾ ਕਰਮ ਸਿੰਘ, ਜਥੇਦਾਰ ਹਰੀ ਸਿੰਘ ਬੈਂਕਾਂ ਅਤੇ ਕਰਮ ਸਿੰਘ ਪੂਹਲਾ ਅਦਿ ਹਾਜ਼ਰ ਸਨ।

# ਵਰਲਡ ਐਲਡਰ ਅਵੇਰਨੈੱਸ ਅਬਿਊਜ਼ ਡੇਅ ਮਨਾਇਆ




**ਗੁਰਦਾਸਪੁਰ, (ਜਨਕ ਮਹਾਜਨ)**-ਸਰਕਾਰੀ ਬਿਰਧ ਆਸ਼ਰਮ ਗੁਰਦਾਸਪੁਰ ਵਿਖੇ ਵਰਲਡ ਐਲਡਰ ਅਵੇਰਨੈੱਸ ਅਬਿਊਜ਼ ਡੇਅ ਮਨਾਇਆ ਗਿਆ। ਇਸ ਮੌਕੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਵਿਸ਼ੇਸ਼ ਤੌਰ 'ਤੇ ਬਿਰਧ ਆਸ਼ਰਮ ਵਿਖੇ ਪਹੁੰਚ ਕੇ ਬਜ਼ੁਰਗਾਂ ਨਾਲ ਸਮਾਂ ਬਿਤਾਇਆ। ਸੈਮੀਨਾਰ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਬਜ਼ੁਰਗ ਸਾਡਾ ਮਾਣ ਹੈ ਅਤੇ ਇਨ੍ਹਾਂ ਦਾ ਮਾਣ-ਸਤਿਕਾਰ ਕਰਨਾ ਸਾਡਾ ਸਾਰਿਆਂ ਦਾ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦਾ ਇਹ ਨੈਤਿਕ ਫ਼ਰਜ਼ ਹੈ ਕਿ ਉਹ ਆਪਣੇ ਬਜ਼ੁਰਗਾਂ ਦੀ ਸੇਵਾ-ਸੰਭਾਲ ਕਰਨ ਅਤੇ ਉਨ੍ਹਾਂ ਦੀ ਹਰ ਸਹੂਲਤ ਦਾ ਖਿਆਲ ਰੱਖਣ।

ਉਨ੍ਹਾਂ ਕਿਹਾ ਕਿ ਜਿਵੇਂ ਮਾਪੇ ਆਪਣੇ ਬੱਚਿਆਂ ਨੂੰ ਪਾਲਦੇ ਹਨ ਓਵੇਂ ਹੀ ਬੁਢਾਪੇ ਵਿੱਚ ਮਾਪਿਆਂ ਨੂੰ ਵੀ ਸੰਭਾਲ ਦੀ ਲੋੜ ਹੁੰਦੀ ਹੈ। ਇਸ ਮੌਕੇ ਮਿਸ ਇੰਦਰਬੀਰ ਕੌਰ, ਸੀਨੀਅਰ ਸਿਟੀਜ਼ਨ ਫੋਰਮ ਦੇ ਪ੍ਰਧਾਨ ਅਤੇ ਮੈਂਬਰ ਮਿਸਟਰ ਨੀਰਜ ਮਹਾਜਨ, ਚੇਅਰਮੈਨ ਨਵਾਂ ਯੁੱਗ, ਨਵੀਂ ਸੋਚ ਵੈਲਫੇਅਰ ਸੋਸਾਇਟੀ ਦੇ ਨੁਮਾਇੰਦਿਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਬਿਰਧ ਆਸ਼ਰਮ ਦੀ ਸੰਚਾਲਕ ਮੈਡਮ ਅਰਪਨਾ ਸ਼ਰਮਾ ਨੇ ਵਰਲਡ ਐਲਡਰ ਅਵੇਰਨੈੱਸ ਅਬਿਊਜ਼ ਡੇਅ ਦੀ ਜਾਣਕਾਰੀ ਦਿੱਤੀ ਅਤੇ ਹੈਲਪਏਜ ਇੰਡੀਆ ਵੱਲੋਂ ਚਲਾਈ ਜਾ ਰਹੀ ਹੈਲਪ ਲਾਈਨ ਬਾਰੇ ਵੀ ਦੱਸਿਆ। ਸਾਇੰਸ ਸੇਪਿਅਨ ਕੋਚਿੰਗ ਸੈਂਟਰ ਦੇ ਬੱਚਿਆਂ ਨੇ ਸੁੰਦਰ ਕਵਿਤਾਵਾਂ ਪੇਸ਼ ਕੀਤੀਆਂ। ਅੰਤ ਵਿੱਚ ਆਸਰਮ ਦੀ ਸਮੂਹ ਟੀਮ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਬਾਗਬਾਨੀ ਵਿਭਾਗ ਦੇ ਅਧਿਕਾਰੀਆਂ ਵੱਲੋਂ ਬਾਗਾਂ 'ਚ ਫਲਾਂ ਦਾ ਨਿਰੀਖਣ



**ਪੱਟੀ, (ਬਲਦੇਵ ਸਿੰਘ ਸੰਧੂ/ਸਮਸੇਰ ਸਿੰਘ ਯੋਧਾ)**-ਸੂਬਾ ਸਰਕਾਰ ਵੱਲੋਂ ਕਿਸਾਨਾਂ ਨੂੰ ਝੋਨੇ ਤੇ ਕਣਕ ਦੇ ਫਸਲੀ ਚੱਕਰ ਵਿੱਚੋਂ ਕੱਢਣ ਲਈ ਜਿੱਥੇ ਬਾਗਾਂ ਅਤੇ ਸਬਜ਼ੀਆਂ ਦੀ ਕਾਸਤ ਵੱਲ ਪ੍ਰੇਰਿਤ ਕੀਤਾ ਜਾ ਰਿਹਾ ਹੈ। ਓਥੇ ਹੀ ਜ਼ਿਲ੍ਹਾ ਤਰਨਤਾਰਨ ਤੋਂ ਬਾਗਬਾਨੀ ਵਿਭਾਗ ਦੇ ਡਿਪਟੀ ਡਾਇਰੈਕਟਰ ਤਜਿੰਦਰ ਸਿੰਘ ਵੱਲੋਂ ਆਪਣੀ ਟੀਮ ਸਮੇਤ ਪੱਟੀ ਤੇ ਇਸਦੇ ਆਲੇ-ਦੁਆਲੇ ਆਸ ਪਾਸ ਨਾਸਪਤੀ ਦੇ ਬਾਗਾਂ ਵਿੱਚ ਪਹੁੰਚ ਕੇ ਫਲਾਂ ਦਾ ਨਿਰੀਖਣ ਕੀਤਾ ਗਿਆ। ਕਾਸ਼ਤਕਾਰਾਂ ਨਾਲ ਬਾਗਾਂ ਦੀ ਕਾਂਟ ਛਾਂਟ ਤੇ ਇਸ ਨੂੰ ਲੱਗਣ ਵਾਲੇ ਰੋਗਾਂ ਪ੍ਰਤੀ ਜਾਗਰੂਕ ਕੀਤਾ। ਪਿੰਡ ਜਿੰਦਾਵਾਲਾ ਦੇ ਸਾਬਕਾ ਸਰਪੰਚ ਵਾਤਾਵਰਣ ਪ੍ਰੇਮੀ ਤੇ ਅਗਾਂਹ ਵਧੂ ਕਿਸਾਨ ਗੁਰਵਿੰਦਰ ਸਿੰਘ ਸੰਧੂ ਦੇ ਨਾਸ਼ਪਤੀ ਦੇ ਬਾਗਾਂ ਵਿੱਚ ਜਾ ਕੇ ਫਲਾਂ ਨੂੰ ਲੱਗਣ ਵਾਲੀਆਂ ਬੀਮਾਰੀਆਂ ਤੇ ਉਨ੍ਹਾਂ ਦੀ ਰੋਕਥਾਮ ਲਈ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਡਾ. ਰਾਜਬੀਰ ਸਿੰਘ ਨੇ ਨਾਸ਼ਪਤੀ ਦੇ ਫਲ ਟੁੱਟਣ ਤੋਂ ਬਾਅਦ ਬੋਰਡੋ ਮਿਸ਼ਰਣ ਦਾ ਛਿੜਕਾਅ ਕਰਨ ਅਤੇ ਉਸ ਵਕਤ ਹੀ ਸੁੱਕੀਆਂ ਟਾਹਣੀਆਂ ਕੱਟਣ ਸਬੰਧੀ ਕਿਸਾਨਾਂ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ਡਿਪਟੀ ਡਾਇਰੈਕਟਰ ਤਜਿੰਦਰ ਸਿੰਘ ਨੇ ਕਿਸਾਨਾਂ ਨੂੰ ਨਵੇਂ ਬਾਗ ਲਗਾਉਣ ਅਤੇ ਉਨ੍ਹਾਂ ਤੇ ਸਰਕਾਰ ਵੱਲੋਂ ਦਿੱਤੀ ਜਾ ਰਹੀ ਸਬਸਿਡੀ ਬਾਰੇ ਜਾਣਕਾਤਰੀ ਦਿੰਦਿਆਂ ਦੱਸਿਆ ਕਿ ਨਵੇਂ ਬਾਗ ਲਗਾਉਣ 'ਤੇ 50% ਸਬਸਿਡੀ, ਪੋਲੀਹਾਊਸ ਤੇ 50%, ਮਧੂ ਮੱਖੀ ਪਾਲਣ ਤੇ 40%, ਸ਼ਹਿਦ ਕੱਢਣ ਵਾਲੀ ਮਸ਼ੀਨ ਤੇ 40%, ਛੋਟਾ ਟਰੈਕਟਰ 20 ਐਚਪੀ ਤੱਕ 25 %, ਰੋਟਰੀ ਵੀਡਰ 8 ਐਚਪੀ ਤੱਕ ਤੇ40%, ਰੋਟਰੀ ਵੀਡਰ 8 ਐਚਪੀ ਤੋਂ ਵੱਧ 40%, ਪਾਵਰ ਨੈਪਸੈਕ (8 ਤੋਂ 12 ਲੀਟਰ ਟੈਂਕ)40%, ਪਾਵਰ ਨੈਪਸੈਕ (12 ਤੋਂ 16 ਲੀਟਰ ਟੈਂਕ) 40%,ਪਾਵਰ ਨੈਪਸੈਕ (16 ਤੋਂ 25 ਲੀਟਰ ਟੈਂਕ)ਤੇ 40%, ਟਰੈਕਟਰ ਓਪਰੇਟਡ ਪਾਵਰ ਸਪਰੇ ਪੰਪ 35 ਐਚਪੀ ਤੋਂ ਜ਼ਿਆਦਾ)40%, ਕੋਲਡ ਸਟੋਰ ਟਾਈਪ 2 ਦੇ ਲਾਗਤ ਪ੍ਰੋਜੈਕਟ ਤੇ 35%, ਕੋਲਡ ਰੂਮ ਲਾਗਤ ਪ੍ਰੋਜੈਕਟ ਤੇ 35% ਅਤੇ ਰਾਈਪਨਿੰਗ ਚੈਂਬਰ ਦੇ ਲਾਗਤ ਪ੍ਰੋਜੈਕਟ ਤੇ 35% ਸਬਸਿਡੀ ਦਿੱਤੀ ਜਾ ਰਹੀ ਹੈ। ਇਸ ਮੌਕੇ ਡਾ, ਬਿਕਰਮਜੀਤ ਸਿੰਘ ਨੇ ਬਾਗਾਂ ਦੇ ਕਾਸ਼ਤਕਾਰਾਂ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਇਸ ਵਾਰ ਮੀਂਹ ਜ਼ਿਆਦਾ ਪੈ ਰਹੇ ਹਨ। ਬਾਗਾਂ ਨੂੰ ਸੰਜਮ ਨਾਲ ਪਾਣੀ ਲਗਾਇਆ ਜਾਵੇ।ਕਿਉਂਕਿ ਜਿਆਦਾ ਪਾਣੀ ਲਗਾਉਣ ਨਾਲ ਤੇਜ ਹਵਾਵਾਂ ਨਾਲ ਪੌਦੇ ਡਿੱਗਣ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਕਾਸ਼ਤਕਾਰਾਂ ਨੂੰ ਅਪੀਲ ਕੀਤੀ ਕਿ ਫਲਾਂ ਵਾਲੀਆਂ ਟਾਹਣੀਆ ਦੇ ਥੱਲੇ ਵਾਂਸ ਤਰਤੀਬ ਨਾਲ ਲਗਾਏ ਜਾਣ ਤਾਂ ਕਿ ਫਲਾਂ ਵਾਲੀਆ ਟਾਹਣੀਆ ਨੂੰ ਟੁੱਟਣ ਤੋਂ ਬਚਾਇਆ ਜਾ ਸਕੇ।

# ਪੰਜ ਲੱਖ ਦੀ ਲਾਗਤ ਨਾਲ ਹੋਵੇਗਾ ਸ਼ਹੀਦ ਭਗਤ ਸਿੰਘ ਪਾਰਕ ਦਾ ਸੁੰਦਰੀਕਰਨ : ਡਾ. ਸੋਹਲ

**ਤਰਨ ਤਾਰਨ (ਸਾਗਰਦੀਪ ਸਿੰਘ ਅਰੋੜਾ)**-ਗੁਰੂ ਨਗਰੀ ਤਰਨ ਤਾਰਨ ਨੂੰ ਸੁੰਦਰ ਬਣਾਉਣ ਲਈ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਵੱਲੋਂ ਵਿਕਾਸ ਕੰਮਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਅਤੇ ਸੜਕਾਂ ਦਾ ਨਵੀਨੀਕਰਨ ਵੀ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਅੱਜ ਵਿਧਾਇਕ ਸੋਹਲ ਵੱਲੋਂ ਨੂਰਦੀ ਚੌਕ ਵਿਖੇ ਸ਼ਹੀਦ ਭਗਤ ਸਿੰਘ ਪਾਰਕ ਦੇ ਸੁੰਦਰੀਕਰਨ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਕਿਹਾ ਕਿ ਗੁਰੂ ਨਗਰੀ ਤਰਨ ਤਾਰਨ ਨੂੰ ਸੁੰਦਰ ਬਣਾਉਣ ਲਈ ਉਨ੍ਹਾ ਵੱਲੋਂ ਕਈ ਤਰ੍ਹਾਂ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਨੂਰਦੀ ਚੌਕ ਵਿਖੇ ਸ਼ਹੀਦ ਭਗਤ ਸਿੰਘ ਪਾਰਕ ਦਾ ਉਦਘਾਟਨ ਕੀਤਾ ਗਿਆ ਅਤੇ ਇਸ ਪਾਰਕ ਨੂੰ 5 ਲੱਖ ਦੀ ਲਾਗਤ ਨਾਲ ਸੁੰਦਰ ਬਣਾਇਆ ਜਾਵੇਗਾ ਤੇ ਇਲਾਕਾ ਵਾਸੀਆਂ ਨੂੰ ਇਸ ਪਾਰਕ ਵਿੱਚ ਕਈ ਪ੍ਰਕਾਰ ਦੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ। ਸ਼ਾਮ ਵੇਲੇ ਪਾਰਕ ਵਿੱਚ ਨਸ਼ੇੜੀਆਂ ਅਤੇ ਜੁਆਰੀਆ ਵੱਲੋਂ ਆਪਣੀਆਂ ਟੋਲੀਆਂ ਬਣਾ ਕੇ ਬੈਠਣ 'ਤੇ ਪੱਤਰਕਾਰਾਂ ਵੱਲੋਂ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਵਿਧਾਇਕ ਸੋਹਲ ਨੇ ਕਿਹਾ ਕਿ ਪਾਰਕ ਵਿੱਚ ਕਿਸੇ ਵੀ ਨਸ਼ੇੜੀ ਅਤੇ ਜੁਆਰੀ ਨੂੰ ਬੈਠਣ ਨਹੀਂ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਪੁਲਸ ਨੂੰ ਹਦਾਇਤ ਕਰ ਦਿੱਤੀ ਜਾਵੇਗੀ ਕਿ ਕੋਈ ਵੀ ਸ਼ਰਾਰਤੀ ਅਨਸਰ ਪਾਰਕ ਵਿਚ ਆ ਕੇ ਨਾ ਬੈਠੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸ਼ਹਿਰ ਨੂੰ ਸੁੰਦਰ ਬਣਾਉਣ ਲਈ ਸਰਕਾਰ ਦਾ ਸਾਥ ਦੇਣ। ਇਸ ਮੌਕੇ ਮਾਸਟਰ ਤਸਵੀਰ ਸਿੰਘ, ਗੁਰਵੰਤ ਸਿੰਘ, ਐਡਵੋਕੇਟ ਗੁਰਮਿੰਦਰ ਸਿੰਘ ਵਾਲੀਆ, ਬਲਵਿੰਦਰ ਕੌਰ ਆਦਿ ਤੋਂ ਇਲਾਵਾ ਹੋਰ ਵੀ ਇਲਾਕਾ ਵਾਸੀ ਮੌਜੂਦ ਸਨ।

ਨਵਾਂ ਜ਼ਮਾਨਾ
ਸ਼ਨੀਵਾਰ, 17 ਜੂਨ 2023

# ਭਾਰਤ ਇੰਟਰਨੈੱਟ ਬੰਦੀ 'ਚ ਵਿਸ਼ਵ ਗੁਰੂ

*ਭਾਰਤ ਆਰਥਕ ਵਿਵਸਥਾ ਪੱਖੋਂ ਵਿਸ਼ਵ ਗੁਰੂ ਤਾਂ ਨਹੀਂ ਬਣ ਸਕਿਆ, ਪਰ ਇੰਟਰਨੈੱਟ ਬੰਦੀ ਵਿੱਚ ਵਿਸ਼ਵ ਗੁਰੂ ਬਣ ਚੁੱਕਾ ਹੈ।*

*ਹਿਊਮਨ ਰਾਈਟਸ ਵਾਚ ਦੀ ਇੱਕ ਰਿਪੋਰਟ ਮੁਤਾਬਕ ਭਾਰਤ ਵਿੱਚ 2019 ਤੋਂ 2022 ਤੱਕ ਘੱਟੋ-ਘੱਟ 127 ਵਾਰ ਇੰਟਰਨੈੱਟ ਬੰਦੀ ਕੀਤੀ ਗਈ ਸੀ। ਇਸ ਅਰਸੇ ਦੌਰਾਨ 18 ਸੂਬਿਆਂ ਵਿੱਚ ਘੱਟੋ-ਘੱਟ ਇੱਕ ਵਾਰ ਇੰਟਰਨੈੱਟ ਬੰਦ ਕੀਤਾ ਗਿਆ ਸੀ। ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਨ੍ਹਾਂ ਦਾਅਵਿਆਂ ਦੇ ਉਲਟ ਹੈ, ਜਿਨ੍ਹਾਂ ਵਿੱਚ ਉਹ ਹਰ ਨਾਗਰਿਕ ਤੱਕ ਇੰਟਰਨੈੱਟ ਪੁਚਾਉਣ ਦੀ ਗੱਲ ਕਰਦੇ ਹਨ। ਇੰਟਰਨੈੱਟ ਬੰਦ ਹੋਣ ਦਾ ਸਭ ਤੋਂ ਵੱਡਾ ਨੁਕਸਾਨ ਗਰੀਬ ਵਰਗ ਉੱਤੇ ਪੈਂਦਾ ਹੈ। ਇਸ ਨਾਲ ਰੁਜ਼ਗਾਰ ਘਟਦਾ ਹੈ, ਬੈਂਕ ਪ੍ਰਨਾਲੀ ਬੰਦ ਹੋਣ ਨਾਲ ਰਾਸ਼ਨ ਦੀ ਸੁਵਿਧਾ ਪ੍ਰਭਾਵਤ ਹੁੰਦੀ ਹੈ ਤੇ ਬੁਨਿਆਦੀ ਲੋੜਾਂ ਜਨਤਾ ਤੋਂ ਦੂਰ ਹੋ ਜਾਂਦੀਆਂ ਹਨ।*

*ਇੰਟਰਨੈੱਟ ਬੰਦੀ ਨੂੰ ਭਾਰਤ ਵਿੱਚ ਪੁਲਸ ਲਈ ਇੱਕ ਹਥਿਆਰ ਬਣਾ ਦਿੱਤਾ ਗਿਆ ਹੈ। ਪੂਰੀ ਦੁਨੀਆਂ ਵਿੱਚ ਇੰਟਰਨੈੱਟ ਬੰਦੀ ਸਰਕਾਰ ਲਈ ਆਖਰੀ ਕਦਮ ਹੁੰਦਾ ਹੈ, ਪਰ ਭਾਰਤ ਵਿੱਚ ਕਿਸੇ ਵੀ ਘਟਨਾ ਤੋਂ ਬਾਅਦ ਪੁਲਸ ਸਭ ਤੋਂ ਪਹਿਲਾਂ ਇੰਟਰਨੈੱਟ ਬੰਦ ਕਰ ਦਿੰਦੀ ਹੈ। ਮਾਹਰਾਂ ਮੁਤਾਬਕ ਇਹ ਗੈਰ-ਕਾਨੂੰਨੀ ਤੇ ਖਤਰਨਾਕ ਪ੍ਰੰਪਰਾ ਹੈ।*

*ਦੇਸ਼ ਵਿੱਚ ਸਭ ਤੋਂ ਵੱਧ ਇੰਟਰਨੈੱਟ ਬੰਦੀ ਦਾ ਸ਼ਿਕਾਰ ਜੰਮੂ ਤੇ ਕਸ਼ਮੀਰ ਰਿਹਾ ਹੈ। ਸਾਲ 2019 ਵਿੱਚ ਧਾਰਾ 370 ਹਟਾ ਦੇਣ ਬਾਅਦ ਉੱਥੇ ਲਗਾਤਾਰ 550 ਦਿਨ ਇੰਟਰਨੈੱਟ ਬੰਦ ਰਿਹਾ ਸੀ। ਇਸ ਨਾਲ ਰਾਜ ਨੂੰ 2.4 ਅਰਬ ਡਾਲਰ ਦਾ ਨੁਕਸਾਨ ਹੋਇਆ ਸੀ ਤੇ 5 ਲੱਖ ਨੌਜਵਾਨਾਂ ਦਾ ਰੁਜ਼ਗਾਰ ਖੁੱਸਿਆ ਸੀ। ਪੱਤਰਕਾਰਾਂ ਦਾ ਕੰਮ ਠੱਪ ਹੋ ਗਿਆ ਸੀ। ਸਰਕਾਰ ਨੇ ਇਸ ਦੌਰ ਵਿੱਚ 300 ਪੱਤਰਕਾਰਾਂ ਲਈ ਮੀਡੀਆ ਸੈਂਟਰ ਖੋਲ੍ਹਿਆ, ਪਰ ਉਥੇ ਸਿਰਫ਼ 4 ਕੰਪਿਊਟਰ ਟਰਮੀਨਲ ਸਨ।*

*ਇਹ ਹਾਸੋਹੀਣੀ ਗੱਲ ਹੈ ਕਿ ਸਾਡੇ ਦੇਸ਼ ਵਿੱਚ 38 ਇੰਟਰਨੈੱਟ ਬੰਦੀਆਂ ਸਿਰਫ਼ ਇਮਤਿਹਾਨਾਂ ਵਿੱਚ ਵਿਦਿਆਰਥੀਆਂ ਵੱਲੋਂ ਕੀਤੀ ਜਾਣ ਵਾਲੀ ਨਕਲ ਨੂੰ ਰੋਕਣ ਲਈ ਕੀਤੀਆਂ ਗਈਆਂ ਸਨ। ਜਾਤੀਗਤ ਹਿੰਸਾ ਨੂੰ ਰੋਕਣ ਲਈ 18 ਤੇ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣ ਦੇ ਨਾਂਅ ਉੱਤੇ ਵੀ ਏਨੇ ਵਾਰ ਹੀ ਇੰਟਰਨੈੱਟ ਬੰਦੀ ਕੀਤੀ ਗਈ ਸੀ। ਕਾਨੂੰਨ ਅਨੁਸਾਰ ਇੰਟਰਨੈੱਟ ਬੰਦੀ ਲਈ ਸਰਕਾਰ ਨੂੰ ਪਹਿਲਾਂ ਅਖਬਾਰਾਂ ਵਿੱਚ ਇਸ਼ਤਿਹਾਰ ਦੇਣਾ ਪੈਂਦਾ ਹੈ, ਪਰ ਇੰਜ ਨਹੀਂ ਕੀਤਾ ਜਾਂਦਾ। ਸੁਪਰੀਮ ਕੋਰਟ ਵਿੱਚ ਇੱਕ ਮੁਕੱਦਮੇ ਦੀ ਸੁਣਵਾਈ ਦੌਰਾਨ 18 ਵਿੱਚੋਂ 11 ਰਾਜਾਂ ਨੇ ਕੋਈ ਇਸ਼ਤਿਹਾਰ ਨਹੀਂ ਸੀ ਦਿੱਤਾ। ਬਾਕੀ ਰਾਜ ਵੀ ਅਦਾਲਤ ਵਿੱਚ ਇੰਟਰਨੈੱਟ ਬੰਦੀ ਦੀ ਲੋੜ ਬਾਰੇ ਕੋਈ ਸੰਤੋਸ਼ਜਨਕ ਜਵਾਬ ਨਹੀਂ ਦੇ ਸਕੇ ਸਨ।*

*ਇਹ ਆਪਾਵਿਰੋਧੀ ਤੱਥ ਹੈ ਕਿ 2014 ਤੋਂ ਕੇਂਦਰੀ ਸੱਤਾ ਉੱਤੇ ਕਾਬਜ਼ ਭਾਜਪਾ ਸਰਕਾਰ ਸਾਰੀਆਂ ਸਰਕਾਰੀ ਯੋਜਨਾਵਾਂ ਤੇ ਸਰਕਾਰੀ ਸੇਵਾਵਾਂ ਆਨਲਾਈਨ ਕਰ ਚੁੱਕੀ ਹੈ ਜਾਂ ਕਰ ਰਹੀ ਹੈ, ਪਰ ਦੂਜੇ ਪਾਸੇ ਉਸ ਨੇ ਇੰਟਰਨੈੱਟ ਬੰਦੀ ਵਿੱਚ ਦੇਸ਼ ਨੂੰ ਵਿਸ਼ਵ ਗੁਰੂ ਬਣਾ ਦਿੱਤਾ ਹੈ। ਇਹੋ ਨਹੀਂ ਇਹ ਸਰਕਾਰ ਅਦਾਲਤੀ ਹੁਕਮਾਂ ਦੀਆਂ ਵੀ ਧੱਜੀਆਂ ਉਡਾ ਰਹੀ ਹੈ। ਸੁਪਰੀਮ ਕੋਰਟ ਨੇ 2020 ਵਿੱਚ ਕਿਹਾ ਸੀ ਕਿ ਇੰਟਰਨੈਟ ਸੇਵਾ ਨਾਗਰਿਕਾਂ ਦਾ ਮੌਲਿਕ ਅਧਿਕਾਰ ਹੈ ਤੇ ਬਿਨਾਂ ਕਿਸੇ ਠੀਕ ਕਾਰਨ ਦੇ ਇਸ ਨੂੰ ਠੱਪ ਨਹੀਂ ਕੀਤਾ ਜਾ ਸਕਦਾ, ਪਰ ਸਰਕਾਰ ਅਜਿਹਾ ਆਏ ਦਿਨ ਕਰ ਰਹੀ ਹੈ।*

*ਸਾਡਾ ਦੇਸ਼ ਉਨ੍ਹਾਂ 18 ਦੇਸ਼ਾਂ ਵਿੱਚ ਸ਼ਾਮਲ ਹੈ, ਜਿੱਥੇ ਇੰਟਰਨੈੱਟ ਬੰਦੀ ਕੀਤੀ ਜਾਂਦੀ ਹੈ। ਸਾਡੇ ਦੇਸ਼ ਵਿੱਚ 2012 ਤੋਂ 2022 ਤੱਕ 683 ਵਾਰ ਇੰਟਰਨੈੱਟ ਬੰਦੀ ਕੀਤੀ ਗਈ ਸੀ। ਇਹ ਦੁਨੀਆ ਦੇ ਕਿਸੇ ਵੀ ਮੁਲਕ ਨਾਲੋਂ ਵੱਧ ਹੈ। ਸਾਲ 2022 ਦੇ ਪਹਿਲੇ 6 ਮਹੀਨਿਆਂ ਦੌਰਾਨ ਦੁਨੀਆ-ਭਰ ਵਿੱਚ ਕੀਤੀ ਗਈ ਇੰਟਰਨੈੱਟ ਬੰਦੀ ਦੇ ਕੇਸਾਂ ਵਿੱਚੋਂ 85 ਫ਼ੀਸਦੀ ਇਕੱਲੇ ਭਾਰਤ ਦੇ ਸਨ।*

*ਸਾਡੇ ਦੇਸ਼ ਵਿੱਚ ਇੰਟਰਨੈੱਟ ਬੰਦੀ ਚੋਣਾਂ, ਧਾਰਮਕ ਉਤਸਵਾਂ, ਅੰਦੋਲਨਾਂ ਤੇ ਇੱਥੋਂ ਤੱਕ ਕਿ ਇਮਤਿਹਾਨਾਂ ਦੇ ਨਾਂਅ ਉੱਤੇ ਵੀ ਕਰ ਦਿੱਤੀ ਜਾਂਦੀ ਹੈ। ਹਾਲੇ ਤੱਕ ਕਿਸੇ ਅਧਿਐਨ ਰਾਹੀਂ ਇਹ ਪਤਾ ਨਹੀਂ ਲਾਇਆ ਜਾ ਸਕਿਆ ਕਿ ਇਸ ਦਾ ਅਮਨ-ਕਾਨੂੰਨ ਦੀ ਹਾਲਤ ਉੱਤੇ ਕੀ ਅਸਰ ਪੈਂਦਾ ਹੈ। ਇਨ੍ਹੀਂ ਦਿਨੀਂ ਮਣੀਪੁਰ ਵਿੱਚ ਇੰਟਰਨੈੱਟ ਬੰਦ ਹੈ, ਪਰ ਹਾਲਾਤ ਦਿਨੋ-ਦਿਨ ਵਿਗੜਦੇ ਜਾ ਰਹੇ ਹਨ। ਹਕੀਕਤ ਇਹ ਹੈ ਕਿ ਇੰਟਰਨੈੱਟ ਬੰਦੀ ਨੂੰ ਸਰਕਾਰ ਵੱਲੋਂ ਜਨਤਾ ਵਿਰੁੱਧ ਇੱਕ ਹਥਿਆਰ ਵਜੋਂ ਵਰਤਿਆ ਜਾਂਦਾ ਹੈ।*

# ਡਿਜੀਟਲ ਕਰੰਸੀ ਨਿੱਜੀ ਅਜ਼ਾਦੀ ਉਪਰ ਹਮਲਾ


ਪਵਨ ਕੁਮਾਰ ਕੌਸ਼ਲ

ਵਿਸ਼ਵ ਦੇ ਚੋਟੀ ਦੇ ਕੁਲੀਨ ਵਰਗ ਦੀ ਸੰਸਥਾ ਵਿਸ਼ਵ ਆਰਥਕ ਮੰਚ ਦੇ ਮਨਸੂਬਿਆਂ ਤਹਿਤ ਵਿਸ਼ਵ ਭਰ 'ਚ ਏਕਾ-ਅਧਿਕਾਰਵਾਦੀ ਰਾਜ ਪ੍ਰਬੰਧ ਸਥਾਪਤ ਕਰਨ ਲਈ ਅਤੇ ਸਮੁੱਚੀ ਮਾਨਵਤਾ ਨੂੰ ਗੁਲਾਮ ਬਨਾਉਣ ਲਈ ਪੂੰਜੀਵਾਦ ਵੱਲੋਂ ਵਰਤੇ ਜਾਂਦੇ ਵੱਖ-ਵੱਖ ਢੰਗ-ਤਰੀਕਿਆਂ ਵਿੱਚ ਸਭ ਤੋਂ ਅਧੁਨਿਕ ਰੂਪ ਹੈ ਡਿਜੀਟਲ ਕਰੰਸੀ, ਜਿਹੜਾ ਸਾਡੀ ਨਿੱਜੀ ਅਜ਼ਾਦੀ ਉਪਰ ਸਿੱਧਾ ਹਮਲਾ ਹੈ।

ਭਾਰਤੀ ਰਿਜ਼ਰਵ ਬੈਂਕ ਨੇ 30 ਮਈ 2023 ਨੂੰ ਕਿਹਾ ਕਿ ਪਾਇਲਟ ਆਧਾਰ 'ਤੇ ਜਾਰੀ ਕੀਤੀ ਕੇਂਦਰੀ ਬੈਂਕ ਡਿਜੀਟਲ ਕਰੰਸੀ ਨੂੰ ਹੋਰ ਬੈਂਕਾਂ ਅਤੇ ਸਥਾਨਾਂ ਨੂੰ ਸ਼ਾਮਲ ਕਰਨ ਲਈ ਹੌਲੀ-ਹੌਲੀ ਵਧਾਇਆ ਜਾ ਰਿਹਾ ਹੈ। ਪਾਇਲਟ-ਅਧਾਰਤ ਡਿਜੀਟਲ ਰੁਪਿਆ 1 ਨਵੰਬਰ, 2022 ਨੂੰ ਥੋਕ ਪੱਧਰ 'ਤੇ ਵਰਤੋਂ ਲਈ ਲਾਂਚ ਕੀਤਾ ਗਿਆ ਸੀ। ਇਸ ਤੋਂ ਬਾਅਦ, 1 ਦਸੰਬਰ, 2022 ਨੂੰ ਪ੍ਰਚੂਨ ਖੇਤਰ ਵਿੱਚ ਡਿਜੀਟਲ ਰੁਪਏ ਦੀ ਵਰਤੋਂ ਦਾ ਐਲਾਨ ਕੀਤਾ ਗਿਆ ਸੀ।

ਇਸ ਕਾਰਜ ਨੂੰ ਨੇਪਰੇ ਚਾੜ੍ਹਣ ਲਈ ਡਿਜੀਟਲ ਕਰੰਸੀ/ਮੁਦਰਾ ਖੇਤਰ ਨੂੰ ਵਿਸ਼ਾਲ ਰੂਪ ਵਿੱਚ ਵਧਾਇਆ ਜਾ ਰਿਹਾ ਹੈ। ਡਿਜੀਟਲ ਪੈਸੇ ਦਾ ਇੱਕ ਸ਼ੁਰੂਆਤੀ ਰੂਪ ਬੈਂਕ ਖਾਤਿਆਂ ਵਿਚਕਾਰ ਨਕਦੀ ਦਾ ਇਲੈਕਟ੍ਰਾਨਿਕ ਅਦਾਨ-ਪ੍ਰਦਾਨ ਸੀ ਜਾਂ ਕ੍ਰੈਡਿਟ ਦੀ ਵਰਤੋਂ ਕਰਦੇ ਹੋਏ ਇਲੈਕਟ੍ਰਾਨਿਕ ਭੁਗਤਾਨ। ਇਹ ਅਜੇ ਵੀ (ਜ਼ਿਆਦਾਤਰ ਡੈਬਿਟ ਜਾਂ ਕ੍ਰੈਡਿਟ ਕਾਰਡ ਦੁਆਰਾ) ਬੈਂਕ ਤੋਂ ਬੈਂਕ ਇਲੈਕਟ੍ਰਾਨਿਕ, ਇੱਕ ਆਨਲਾਈਨ ਭੁਗਤਾਨ ਪ੍ਰਣਾਲੀ ਜਾਂ ਇੱਕ ਸਮਾਰਟਫੋਨ ਦੀ ਵਰਤੋਂ ਨਾਲ ਹੁੰਦਾ ਹੈ, ਜੋ ਉਪਭੋਗਤਾ ਦੀ ਭੁਗਤਾਨ ਦੀ ਜਾਣਕਾਰੀ ਰੱਖਦਾ ਹੈ।

ਆਖਰਕਾਰ, ਰਾਜ ਦੀਆਂ ਵਿੱਤੀ ਨੀਤੀਆਂ, ਸਿਰਜਣਾ, ਵੰਡ, ਅਤੇ ਪੈਸੇ ਦਾ ਮੁੱਲ ਪ੍ਰਾਈਵੇਟ ਬੈਂਕਰਾਂ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ ਜਾਂ ਖਜ਼ਾਨਾ ਵਿਭਾਗ ਦੇ ਸਰਕਾਰੀ ਅਧਿਕਾਰੀਆਂ ਦੁਆਰਾ ਜਾਂ ਬੈਂਕਾਂ ਦੁਆਰਾ ਉਭਾਰਿਆ ਜਾਂਦਾ ਹੈ, ਜੋ ਉਨ੍ਹਾਂ ਪ੍ਰਤੀ ਵਫਾਦਾਰ ਹਨ, ਆਮ ਲੋਕਾਂ ਲਈ ਨਹੀਂ। ਅੱਜ ਲਗਭਗ ਸਾਰੇ ਲੈਣ-ਦੇਣ ਕੇਂਦਰੀ ਬੈਂਕ ਦੁਆਰਾ ਨਿਯੰਤਰਿਤ ਪੈਸੇ ਵਿੱਚ ਕੀਤੇ ਜਾਂਦੇ ਹਨ, ਭਾਵ, ਬਹੁ-ਰਾਸ਼ਟਰੀ ਕਾਰਪੋਰੇਸ਼ਨਾਂ ਅਤੇ ਬੈਂਕਾਂ ਦੁਆਰਾ ਨਿਯੰਤਰਿਤ ਪੈਸਾ ਅਤੇ ਉਹਨਾਂ ਦੇ ਪਿੱਛੇ ਲੁਕਿਆ ਹੋਇਆ ਬਹੁਤ ਅਮੀਰ ਕੁਲੀਨ ਵਰਗ।

ਡਿਜੀਟਲ ਮੁਦਰਾਵਾਂ ਉਹ ਮੁਦਰਾਵਾਂ ਹਨ, ਜੋ ਸਿਰਫ਼ ਕੰਪਿਊਟਰਾਂ ਜਾਂ ਮੋਬਾਈਲ ਫ਼ੋਨਾਂ ਨਾਲ ਪਹੁੰਚਯੋਗ ਹੁੰਦੀਆਂ ਹਨ, ਕਿਉਂਕਿ ਉਹ ਸਿਰਫ਼ ਇਲੈਕਟ੍ਰਾਨਿਕ ਰੂਪ ਵਿੱਚ ਮੌਜੂਦ ਹੁੰਦੀਆਂ ਹਨ, ਜਦੋਂ ਕਿ ਉਹਨਾਂ ਨੂੰ ਜੇਬੀ ਬਟੂਏ ਦੀ ਲੋੜ ਨਹੀਂ ਹੁੰਦੀ, ਡਿਜੀਟਲ ਮੁਦਰਾਵਾਂ ਕੋਲ ਰੱਖ- ਰਖਾਵ ਅਤੇ ਕਾਰਜ ਲਈ ਉਹਨਾਂ ਦੀਆਂ ਆਪਣੀਆਂ ਲੋੜਾਂ ਦਾ ਸੈੱਟ ਹੁੰਦਾ ਹੈ। ਉਦਾਹਰਨ ਲਈ ਇੱਕ ਇੰਟਰਨੈਟ ਕੁਨੈਕਸ਼ਨ ਜ਼ਰੂਰੀ ਹੈ, ਜਿਵੇਂ ਕਿ ਸਮਾਰਟ ਫ਼ੋਨ ਅਤੇ ਸੇਵਾਵਾਂ ਉਹਨਾਂ ਦੇ ਪ੍ਰਬੰਧ ਨਾਲ ਸੰਬੰਧਤ ਹਨ।

ਹੈਕਿੰਗ ਲਈ ਡਿਜੀਟਲ ਮੁਦਰਾਵਾਂ ਨੂੰ ਸੰਵੇਦਨਸ਼ੀਲ ਹੁੰਦੀਆਂ ਹਨ। ਹੈਕਰ ਆਨਲਾਈਨ ਵਾਲਿਟ/ਬਟੂਏ ਤੋਂ ਡਿਜੀਟਲ ਮੁਦਰਾਵਾਂ ਚੋਰੀ ਕਰ ਸਕਦੇ ਹਨ ਜਾਂ ਡਿਜੀਟਲ ਮੁਦਰਾਵਾਂ ਲਈ ਪ੍ਰੋਟੋਕੋਲ ਬਦਲ ਸਕਦੇ ਹਨ, ਜਿਸ ਨਾਲ ਉਹਨਾਂ ਨੂੰ ਵਰਤੋਂਯੋਗ ਨਹੀਂ ਬਣਾਇਆ ਜਾ ਸਕਦਾ। ਤਸਕਰ ਆਪਣੇ ਗੈਰ-ਕਾਨੂੰਨੀ ਮੁਨਾਫ਼ਿਆਂ ਨੂੰ ਖਰਚਣ, ਟ੍ਰਾਂਸਫਰ ਕਰਨ ਅਤੇ ਕਾਲੇ ਧਨ ਨੂੰ ਚਿੱਟਾ ਕਰਨ ਲਈ ਰਵਾਇਤੀ ਬੈਂਕਿੰਗ ਪ੍ਰਣਾਲੀਆਂ ਦਾ ਸ਼ੋਸ਼ਣ ਕਰਦੇ ਹਨ।

ਹਾਲ ਹੀ ਵਿੱਚ ਮਨੁੱਖੀ ਤਸਕਰੀ ਵਿੱਚ ਸ਼ਾਮਲ ਅਪਰਾਧੀ ਰਵਾਇਤੀ ਬੈਂਕਿੰਗ ਪ੍ਰਣਾਲੀਆਂ ਦੇ ਸਖਤ ਨਿਯੰਤਰਣ ਤੋਂ ਬਚਣ ਅਤੇ ਸੈਕਸ ਤਸਕਰੀ ਅਤੇ ਬਾਲ ਪੋਰਨੋਗ੍ਰਾਫੀ ਲਈ ਹਨੇਰੇ ਬਜ਼ਾਰਾਂ ਦਾ ਸ਼ੋਸ਼ਣ ਕਰਨ ਦੀ ਕੋਸ਼ਿਸ਼ ਵਿੱਚ ਕ੍ਰਿਪਟੋ ਕਰੰਸੀ ਵੱਲ ਮੁੜ ਗਏ ਹਨ, ਕਿਉਂਕਿ ਵਰਤਮਾਨ ਵਿੱਚ ਉਪਭੋਗਤਾਵਾਂ ਕੋਲ ਉਹਨਾਂ ਦੇ ਡੇਟਾ 'ਤੇ ਜਾਇਦਾਦ ਦੇ ਅਧਿਕਾਰ ਨਹੀਂ ਹਨ, ਉਹ ਆਮ ਤੌਰ 'ਤੇ ਨਹੀਂ ਜਾਣਦੇ ਕਿ ਉਹਨਾਂ ਦੀ ਜਾਣਕਾਰੀ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ। ਉਹ ਹੇਰਾਫੇਰੀ ਵਾਲੇ ਇਸ਼ਤਿਹਾਰਾਂ ਦੇ ਅਧੀਨ ਹਨ, ਜੋ ਉਹਨਾਂ ਦੇ ਡੇਟਾ ਦਾ ਸ਼ੋਸ਼ਣ ਕਰਦੇ ਹਨ। ਉਹ ਹੈਕਰਾਂ ਦੁਆਰਾ ਹਮਲੇ ਲਈ ਕਮਜ਼ੋਰ ਹਨ। ਉਹ ਗਲੋਬਲ ਡਿਜੀਟਲ ਏਕਾਧਿਕਾਰ ਦੇ ਹੱਥਾਂ ਵਿੱਚ ਵੱਡੇ ਪੱਧਰ 'ਤੇ ਸ਼ਕਤੀਹੀਣ ਹਨ। ਕ੍ਰਿਪਟੋ ਕਰੰਸੀ ਇੱਕ ਡਿਜੀਟਲ ਪੈਸਾ ਹੈ, ਜਿਸ ਨੂੰ ਲੈਣ-ਦੇਣ ਦੀ ਪੁਸ਼ਟੀ ਕਰਨ ਲਈ ਕਿਸੇ ਬੈਂਕ ਜਾਂ ਵਿੱਤੀ ਸੰਸਥਾ ਦੀ ਲੋੜ ਨਹੀਂ ਹੁੰਦੀ ਅਤੇ ਇਸ ਦੀ ਵਰਤੋਂ ਖਰੀਦਦਾਰੀ ਜਾਂ ਨਿਵੇਸ਼ ਵਜੋਂ ਕੀਤੀ ਜਾ ਸਕਦੀ ਹੈ।

ਇਹ ਕੇਂਦਰੀ ਬੈਂਕ ਡਿਜੀਟਲ ਕਰੰਸੀ ਪਰੇਸ਼ਾਨ ਕਰਨ ਵਾਲੀ ਹੈ। ਜੇਕਰ ਇੱਕ ਦਿਨ ਤੁਹਾਡੇ ਦੇਸ਼ ਵਿੱਚ ਕੋਈ ਨੌਕਰਸ਼ਾਹ ਤੁਹਾਡੀ ਨਿਕਾਸੀ ਨੂੰ ਗੰਭੀਰਤਾ ਨਾਲ ਸੀਮਤ ਕਰਨ ਜਾਂ ਇੱਥੋਂ ਤੱਕ ਕਿ ਰੱਦ ਕਰਨ ਦਾ ਇੱਕ ਬਟਨ ਦਬਾ ਕੇ ਫੈਸਲਾ ਕਰਦਾ ਹੈ, ਕਿਉਂਕਿ ਤੁਸੀਂ ਇੱਕ ਚੰਗੇ ਨਾਗਰਿਕ ਨਹੀਂ ਹੋ, ਤੁਸੀਂ ਆਪਣੇ ਟੈਕਸਾਂ ਦਾ ਸਹੀ ਭੁਗਤਾਨ ਨਹੀਂ ਕੀਤਾ ਹੈ, ਤੁਸੀਂ ਸਰਕਾਰ ਪ੍ਰਤੀ ਅਸਹਿਮਤੀ ਜ਼ਾਹਰ ਕੀਤੀ ਹੈ, ਤੁਹਾਡੀ ਸੋਚ ਵੱਖਰੀ ਹੈ। ਮੁੱਖ ਧਾਰਾ ਨਾਲੋਂ ਰਾਜਨੀਤਿਕ ਰਾਏ ਜਾਂ ਤੁਸੀਂ ਆਪਣੇ ਸਾਰੇ ਟੀਚਿਆਂ ਨਾਲ ਅੱਪ ਟੂ ਡੇਟ ਨਹੀਂ ਹੋ, ਕਿਉਂਕਿ ਮਨੁੱਖੀ ਤਜਰਬੇ ਦੇ ਸਾਰੇ ਪਹਿਲੂਆਂ ਨੂੰ ਐਮਾਜ਼ਾਨ, ਵਾਲਮਾਰਟ, ਗੂਗਲ, ਮਾਈਕ੍ਰੋਸਾਫਟ, ਫੇਸਬੁਕ ਅਤੇ ਡਿਜ਼ਨੀ ਵਰਗੀਆਂ ਬਹੁ-ਰਾਸ਼ਟਰੀ ਕਾਰਪੋਰੇਸ਼ਨਾਂ ਲਈ ਤਿਆਰ ਕੀਤਾ ਗਿਆ ਹੈ, ਉਹ ਸੰਸਥਾਵਾਂ ਜੋ ਸਰਕਾਰਾਂ ਵਾਂਗ ਕੰਮ ਕਰਦੀਆਂ ਹਨ, ਪਰ ਜੋ ਸੰਵਿਧਾਨ ਦੇ ਅਧੀਨ ਨਹੀਂ ਹਨ, ਉਹ ਸੰਸਥਾਵਾਂ ਜੋ ਆਪਣੇ ਵਿੱਤ ਨੂੰ ਆਫਸੋਰ/ਸਮੁੰਦਰੀ ਕਿਨਾਰੇ 'ਤੇ ਰੱਖਦੀਆਂ ਹਨ, ਸਾਡੇ ਕੋਲ ਹਨ। ਸੱਚ ਕੀ ਹੈ, ਦਾ ਮੁਲਾਂਕਣ ਕਰਨ ਦੀ ਯੋਗਤਾ ਗੁਆ ਦਿੱਤੀ, ਅਸੀਂ ਸਰੀਰਕ ਅਤੇ ਅਧਿਆਤਮਿਕ ਤੌਰ 'ਤੇ ਅੰਨ੍ਹੇ ਹੋ ਗਏ ਹਾਂ।

ਇੱਕ ਕੇਂਦਰੀ ਬੈਂਕ ਡਿਜੀਟਲ ਕਰੰਸੀ ਇੱਕ ਡਿਜੀਟਲ ਰੂਪ ਵਿੱਚ ਇੱਕ ਕਾਨੂੰਨੀ ਟੈਂਡਰ ਹੈ, ਜੋ ਇੱਕ ਕੇਂਦਰੀ ਬੈਂਕ ਦੁਆਰਾ ਜਾਰੀ ਕੀਤਾ ਜਾਂਦਾ ਹੈ। ਇਹ ਰਵਾਇਤੀ ਪੈਸੇ ਵਾਂਗ ਕੰਮ ਕਰਦਾ ਹੈ, ਪਰ ਇਹ ਡਿਜੀਟਲ ਹੈ। ਕਾਗਜ਼ ਦੇ ਬਿੱਲਾਂ ਅਤੇ ਸਿੱਕਿਆਂ ਦੇ ਨਾਲ-ਨਾਲ ਚੈੱਕ, ਜ਼ਮਾਨਤਨਾਮਾ/ਸਕਿਊਰਿਟੀ ਅਤੇ ਬਾਂਡ ਵਰਗੇ ਸਾਰੇ ਆਦੇਸ਼ ਪੈਸੇ ਨੂੰ ਕੇਂਦਰੀ ਬੈਂਕ ਡਿਜੀਟਲ ਕਰੰਸੀ ਮੰਨਿਆ ਜਾ ਸਕਦਾ ਹੈ।

ਕੇਂਦਰੀ ਬੈਂਕ ਡਿਜੀਟਲ ਮੁਦਰਾਵਾਂ ਅਤੇ ਆਜ਼ਾਦੀ ਅਸੰਗਤ (ਅਢੁੱਕਵੀਆਂ) ਹਨ। ਸੱਚਾਈ ਇਹ ਹੈ ਕਿ ਸੈਂਟਰਲ ਬੈਂਕ ਡਿਜੀਟਲ ਕਰੰਸੀ ਸਰਕਾਰ ਦੀ ਆਪਣੀ ਵਿਸ਼ੇਸ਼ ਅਧਿਕਾਰ ਵਾਲੀ ਸਥਿਤੀ ਦੀ ਰੱਖਿਆ ਕਰਨ ਅਤੇ ਲੋਕਾਂ ਦੇ ਪੈਸੇ 'ਤੇ ਵਧੇਰੇ ਨਿਯੰਤਰਣ ਪਾਉਣ ਦੀ ਕੋਸ਼ਿਸ਼ ਹੈ।

ਇਹ ਸੰਭਵ ਹੈ, ਬੇਸ਼ੱਕ ਸਿਰਫ਼ ਇੱਕ ਧਮਕੀ ਹੀ ਕਾਫੀ ਹੋਵੇਗੀ। ਫੈੱਡ (ਫੈਡਰਲ ਰਿਜ਼ਰਵ-ਅਮਰੀਕਨ ਬੈਂਕ) ਦਾ ਮੰਨਣਾ ਹੈ ਕਿ ਜੇ ਮੰਗ/ਖਪਤ ਦੀ ਘਾਟ ਹੈ ਅਤੇ ਲੋਕਾਂ ਨੂੰ ਵਧੇਰੇ ਖਰਚ ਕਰਨਾ ਚਾਹੀਦਾ ਹੈ, ਤਾਂ ਲੋਕਾਂ ਦੇ ਪੈਸੇ ਨੂੰ ਦੂਰ ਕਰਨ ਦੀ ਧਮਕੀ ਉਹਨਾਂ ਨੂੰ ਖਰਚ ਕਰਨ ਲਈ ਕਾਫ਼ੀ ਹੋ ਸਕਦੀ ਹੈ। ਭਾਰਤੀ ਬੈਂਕਿੰਗ ਪ੍ਰਣਾਲੀ ਅਧੀਨ ਬੈਂਕ ਦੇ ਦਿਵਾਲੀਆ ਹੋ ਜਾਣ ਦੀ ਹਾਲਤ ਵਿੱਚ ਬੈਂਕ ਕੇਵਲ ਪੰਜ ਲੱਖ ਦੀ ਜਾਮਨੀ ਦਿੰਦਾ ਹੈ, ਖਾਤਾ ਧਾਰਕ ਦਾ ਇਸ ਤੋਂ ਉਪਰ ਦਾ ਪੈਸਾ ਡੁੱਬ ਜਾਵੇਗਾ, ਜਿਸ ਕਾਰਨ ਖਾਤਾ ਧਾਰਕ ਬੈਂਕ ਵਿੱਚ ਪੈਸਾ ਘੱਟ ਰੱਖੇਗਾ ਅਤੇ ਪੈਸੇ ਦੀ ਆਈ-ਚਲਾਈ ਨੂੰ ਵਧੇਰੇ ਕਰੇਗਾ।

ਸੈਂਟਰਲ ਬੈਂਕ ਡਿਜੀਟਲ ਕਰੰਸੀ ਪੈਸੇ ਦੇ ਹਥਿਆਰੀਕਰਨ ਦੁਆਰਾ ਵਿਸ਼ਵ ਸਿਹਤ ਸੰਸਥਾ ਦਾ ਸਿਹਤ ਅੱਤਿਆਚਾਰ ਇੱਕ ਤਾਨਾਸ਼ਾਹੀ ਵਿਸ਼ਵ ਸਰਕਾਰ ਵੱਲ ਵਧ ਰਿਹਾ ਕਦਮ ਹੈ। ਯੋਜਨਾਬੱਧ ਢੰਗ ਨਾਲ ਸੈਂਟਰਲ ਬੈਂਕ ਡਿਜੀਟਲ ਕਰੰਸੀ ਦੁਆਰਾ ਇੱਕ ਸੰਭਾਵੀ ਤੌਰ 'ਤੇ ਡਬਲਯੂ ਐੱਚ ਓ ਦੁਆਰਾ ਇੱਕ ਸਰਵ-ਦਮਨਕਾਰੀ ਸਿਹਤ ਅੱਤਿਆਚਾਰ, ਰਾਸ਼ਟਰੀ ਸੰਵਿਧਾਨਕ ਅਧਿਕਾਰਾਂ ਅਤੇ ਰਾਸ਼ਟਰੀ ਪ੍ਰਭੂਸੱਤਾ ਉਪੱਰ ਪੂਰਾ ਨਿਯੰਤਰਣ ਕਰਨਾ ਹੈ, ਪੈਸੇ ਨੂੰ ਇਸ ਗੱਲ 'ਤੇ ਯੋਜਨਾਬੱਧ ਕੀਤਾ ਜਾ ਸਕਦਾ ਹੈ ਕਿ ਇਹ ਕਿਸੇ ਵਿਅਕਤੀ ਦੁਆਰਾ ਕਿਵੇਂ ਖਰਚ ਕਰਨਾ ਹੈ, ਜਾਂ ਰੋਕਿਆ ਜਾ ਸਕਦਾ ਹੈ ਜਾਂ ਮਿਆਦ ਪੁੱਗਣ ਲਈ ਬਣਾਇਆ ਜਾ ਸਕਦਾ ਹੈ ਜਾਂ ਕੁਝ ਚੀਜ਼ਾਂ ਜਾਂ ਸੇਵਾਵਾਂ ਲਈ ਵਰਤਿਆ ਜਾ ਸਕਦਾ ਹੈ ਜਾਂ ਇਸ 'ਤੇ ਨਿਰਭਰ ਕਰਦਿਆਂ ਇਸ ਨੂੰ ਪੂਰੀ ਤਰ੍ਹਾਂ ਰੋਕਿਆ ਜਾ ਸਕਦਾ ਹੈ।

ਡਿਜੀਟਲ ਪੈਸੇ ਦੀ ਅਦਾਇਗੀ ਕਰਨ ਲਈ ਅਸੀਂ ਅਕਸਰ ਕਿਊ ਆਰ ਕੋਡ ਦੀ ਵਰਤੋਂ ਕਰਦੇ ਹਾਂ, ਜਿਹੜਾ ਸਾਡੇ ਨਿੱਜੀ ਜੀਵਨ ਉਪਰ ਬੰਦਿਸ਼ ਲਗਾਉਂਦਾ ਹੈ। ਕਿਊ ਆਰ ਕੋਡ ਇੱਕ ਜਸੂਸ ਦੀ ਤਰ੍ਹਾਂ ਕੰਮ ਕਰਦਾ ਹੈ। ਇੱਕ ਕਿਊ ਆਰ ਕੋਡ (ਤਤਕਾਲ ਜਵਾਬੀ ਕੋਡ) ਦੋ-ਅਯਾਮੀ ਮੈਟ੍ਰਿਕਸ ਬਾਰਕੋਡ ਦੀ ਇੱਕ ਕਿਸਮ ਹੈ, ਜਿਸ ਦੀ ਖੋਜ 1994 ਵਿੱਚ ਜਾਪਾਨੀ ਕੰਪਨੀ ਡੇਨਸੋ ਵੇਵ ਦੁਆਰਾ ਆਟੋਮੋਬਾਈਲ ਪਾਰਟਸ ਨੂੰ ਲੇਬਲ ਕਰਨ ਲਈ ਕੀਤੀ ਗਈ ਸੀ। ਇੱਕ ਬਾਰਕੋਡ ਇੱਕ ਮਸ਼ੀਨ ਦੁਆਰਾ ਪੜ੍ਹਨਯੋਗ ਆਪਟੀਕਲ ਚਿੱਤਰ ਹੈ, ਜਿਸ ਵਿੱਚ ਲੇਬਲ ਕੀਤੀ ਆਈਟਮ ਲਈ ਵਿਸ਼ੇਸ਼ ਜਾਣਕਾਰੀ ਸ਼ਾਮਲ ਹੁੰਦੀ ਹੈ। ਅਭਿਆਸ ਵਿੱਚ ਕਿਊ ਆਰ ਕੋਡਾਂ ਵਿੱਚ ਇੱਕ ਲੋਕੇਟਰ, ਇੱਕ ਪਛਾਣਕਰਤਾ ਅਤੇ ਇੱਕ ਵੈੱਬਸਾਈਟ ਵਿਜ਼ਟਰ ਟਰੈਕਿੰਗ ਲਈ ਡੇਟਾ ਹੁੰਦਾ ਹੈ।

ਜਿਸ ਦਾ ਅਸੀਂ ਹੁਣ ਸਾਹਮਣਾ ਕਰ ਰਹੇ ਹਾਂ, ਉਹ ਬਹੁਤ ਮਾਰੂ ਹੈ। ਇਹ ਸਟੀਰੌਇਡਜ਼ ਵਾਂਗ 'ਤੇ ਏਜੰਡਾ 2020 ਹੈ। ਇਹ ਵਿਸ਼ਵ-ਵਿਆਪੀ ਹਮਲਾ ਹੈ। ਹਰ ਚੀਜ਼ ਦੀ ਕਿਊ ਆਰ ਕੋਡਿੰਗ - ਅਤੇ ਤੁਹਾਡਾ ਸਭ ਤੋਂ ਗੂੜ੍ਹਾ ਡੇਟਾ, ਸਿਹਤ, ਨਿੱਜੀ ਵਿਵਹਾਰ, ਆਦਤਾਂ ਅਸੀਂ ਕਿੱਥੇ ਰਹੇ ਹਾਂ ਅਤੇ ਇੱਥੋਂ ਤੱਕ ਕਿ ਅਸੀਂ ਕਿੱਥੇ ਜਾਣ ਦੀ ਯੋਜਨਾ ਬਣਾ ਰਹੇ ਹਾਂ ਦੇ ਰਿਕਾਰਡਾਂ ਨੂੰ ਟਰੈਕ ਕਰਦਾ ਹੈ। ਕਿਊ ਆਰ ਕੋਡ ਤੋਂ ਕੁਝ ਵੀ ਨਹੀਂ ਬਚੇਗਾ। ਕੋਈ ਵੀ ਇਸ ਬਾਰੇ ਗੱਲ ਨਹੀਂ ਕਰਦਾ।

ਕਿਊ ਆਰ ਕੋਡ ਸ਼ਾਬਦਿਕ ਤੌਰ 'ਤੇ ਸਾਰੀ ਜਾਣਕਾਰੀ ਨੂੰ ਅਨੁਕੂਲਿਤ ਕਰ ਸਕਦਾ ਹੈ, ਜੋ ਤੁਹਾਡੀ ਜ਼ਿੰਦਗੀ ਨੇ ਕਦੇ ਵੀ ਇੱਕ ਵਰਗ ਕੋਡ ਵਿੱਚ ਪੈਦਾ ਕੀਤੀ ਹੈ ਜਾਂ ਇਕੱਠੀ ਕੀਤੀ ਹੈ, ਜੋ ਕਿ ਨੰਗੀ ਅੱਖ ਲਈ ਪੜ੍ਹਨਯੋਗ ਨਹੀਂ ਹੈ। ਇਸ ਨੂੰ ਸਿਰਫ਼ ਇਲੈਕਟ੍ਰਾਨਿਕ ਤੌਰ 'ਤੇ ਡਿਜੀਟਾਈਜ਼ਡ ਕਿਊ ਆਰ ਕੋਡ ਰੀਡਰ ਦੁਆਰਾ ਪੜ੍ਹਿਆ ਜਾ ਸਕਦਾ ਹੈ, ਜੋ ਕਿ ਸੰਬੰਧਤ ਅਥਾਰਟੀ ਦੁਆਰਾ ਲੋੜ ਅਨੁਸਾਰ ਸਿਰਫ਼ ਖਾਸ ਡੇਟਾ ਨੂੰ ਪੜ੍ਹਨ ਲਈ ਸੈੱਟ ਕੀਤਾ ਗਿਆ ਹੈ। ਸਿਰਫ਼ ਕਿਊ ਆਰ ਕੋਡ ਕੇਂਦਰੀ ਪ੍ਰਬੰਧਨ ਸਿਸਟਮ ਹੀ ਸਾਰਾ ਡਾਟਾ ਪੜ੍ਹ ਸਕਦਾ ਹੈ।

ਜ਼ਿਆਦਾਤਰ ਲੋਕ ਇਹ ਨਹੀਂ ਸਮਝਦੇ ਕਿ ਹਰ ਵਾਰ ਜਦੋਂ ਤੁਸੀਂ ਕਿਊ ਆਰ ਕੋਡ ਨੂੰ ਸਕੈਨ ਕਰਦੇ ਹੋ, ਤਾਂ ਇਹ ਤੁਹਾਡੇ ਵਿਅਕਤੀਗਤ ਕਿਊ ਆਰ ਕੋਡ 'ਤੇ ਰਜਿਸਟਰ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ ਤੁਸੀਂ ਜਿੱਥੇ ਵੀ ਜਾਂਦੇ ਹੋ, ਤੁਹਾਨੂੰ ਲੱਭਿਆ ਜਾ ਸਕਦਾ ਹੈ। ਤੁਸੀਂ ਕਿੱਥੇ ਹੋ, ਤੁਸੀਂ ਕੀ ਕਰ ਰਹੇ ਹੋ, ਤੁਸੀਂ ਕੀ ਖਰੀਦ ਰਹੇ ਹੋ, ਕੀ ਤੁਸੀਂ ਹਵਾਈ ਟਿਕਟ ਖਰੀਦਦੇ ਹੋ। ਯਾਦ ਰੱਖੋ, ਇੱਕ ਨਵਉਦਾਰਵਾਦੀ ਸੰਸਾਰ ਵਿੱਚ ਆਊਟਸੋਰਸਿੰਗ ਜਾਂ ਜਿਸ ਨੂੰ ਸੁਖਦ ਤੌਰ 'ਤੇ ਜਨਤਕ-ਨਿੱਜੀ-ਭਾਈਵਾਲੀ ਕਿਹਾ ਜਾਂਦਾ ਹੈ, ਅੱਜ ਦਾ ਕ੍ਰਮ ਬਣ ਗਿਆ ਹੈ।

ਅੱਜ ਆਪਣੀ ਨਿੱਜੀ ਅਜ਼ਾਦੀ ਨੂੰ ਬਚਾਉਣ ਲਈ ਇਸ ਅਧੁਨਿਕ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਸਾਨੂੰ ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਤੋਂ ਖਹਿੜਾ ਛੁਡਾਉਣ ਲਈ ਪੂੰਜੀਵਾਦ ਦਾ ਖਾਤਮਾ ਜ਼ਰੂਰੀ ਹੈ।

**# ਸੰਪਰਕ : 98550-04500**

# ਵਾਤਾਵਰਨ, ਭ੍ਰਿਸ਼ਟਾਚਾਰ ਅਤੇ ਮਨੁੱਖ


ਚਰਨਜੀਤ ਸਿੰਘ ਰਾਜੌਰ

ਵਾਤਾਵਰਨ ਦਿਵਸ ਨਾਲ ਸੰਬੰਧਤ ਕਵਿਤਾਵਾਂ, ਭਾਸ਼ਣਾਂ ਅਤੇ ਨਾਟਕਾਂ ਵਿੱਚ ਪ੍ਰਦੂਸ਼ਣ ਦੀਆਂ ਕਿਸਮਾਂ, ਕਾਰਨ ਅਤੇ ਪ੍ਰਦੂਸ਼ਣ ਤੋਂ ਹੋਣ ਵਾਲੇ ਦੁਸ਼ਪ੍ਰਭਾਵਾਂ ਬਾਰੇ ਸੰਸਥਾ ਦੇ ਵਿਦਿਆਰਥੀ ਬਹੁਤ ਸੂਝਵਾਨ ਤਰੀਕੇ ਨਾਲ ਆਪਣੇ ਵਿਚਾਰ ਪੇਸ਼ ਕਰ ਰਹੇ ਸਨ। ਵਿਦਿਆਰਥੀਆਂ ਅਨੁਸਾਰ ਸਾਡੇ ਵਾਤਾਵਰਣ ਨੂੰ ਪਾਣੀ ਪ੍ਰਦੂਸ਼ਣ, ਹਵਾ ਪ੍ਰਦੂਸ਼ਣ, ਧਰਤੀ ਪ੍ਰਦੂਸ਼ਣ ਅਤੇ ਧੁਨੀ ਪ੍ਰਦੂਸ਼ਣ ਲਗਾਤਾਰ ਪ੍ਰਦੂਸ਼ਿਤ ਕਰ ਰਹੇ ਹਨ, ਇੱਕ ਸਮਾਂ ਇਹੋ ਜਿਹਾ ਵੀ ਆਵੇਗਾ ਕਿ ਇਹ ਪ੍ਰਦੂਸ਼ਣ ਏਨਾ ਜ਼ਿਆਦਾ ਵਧ ਜਾਵੇਗਾ ਕਿ ਮਨੁੱਖ ਦਾ ਇੱਥੇ ਰਹਿਣਾ ਅਸੰਭਵ ਹੋ ਜਾਵੇਗਾ। ਭਾਸ਼ਣ ਅਤੇ ਕਵਿਤਾ ਲਗਾਤਾਰ ਚੱਲ ਰਹੇ ਸਨ, ਪ੍ਰੋਗਰਾਮ ਆਪਣੇ ਸਿਖਰਾਂ 'ਤੇ ਸੀ ਕਿ 'ਮਨੁੱਖ' ਸ਼ਬਦ ਸੁਣ ਕੇ ਮੈਂ ਸੋਚਣ ਲਈ ਮਜਬੂਰ ਹੋ ਗਿਆ ਕਿ 'ਕੀ ਕੇਵਲ ਮਨੁੱਖ!' ਕੀ ਵਾਤਾਵਰਨ ਵਿੱਚ ਦਿਨ-ਬ-ਦਿਨ ਵਧ ਰਹੇ ਪ੍ਰਦੂਸ਼ਣ ਕਰਕੇ ਕੇਵਲ ਮਨੁੱਖ ਦਾ ਹੀ ਜੀਣਾ ਮੁਸ਼ਕਲ ਹੋ ਜਾਵੇਗਾ।

ਕੀ ਪਸ਼ੂ, ਪੰਛੀ, ਜਾਨਵਰ, ਰੁੱਖ, ਬੂਟੇ, ਹਵਾ, ਪਾਣੀ ਅਤੇ ਧਰਤੀ ਉੱਤੇ ਇਸ ਸਭ ਦਾ ਕੋਈ ਪ੍ਰਭਾਵ ਨਹੀਂ ਪੈ ਰਿਹਾ ਜਾਂ ਆਉਣ ਵਾਲੇ ਸਮੇਂ ਵਿੱਚ ਨਹੀਂ ਪਵੇਗਾ। ਇਹ ਸਭ ਸੋਚਦਿਆਂ ਮੈਨੂੰ ਸਵੇਰ ਵੇਲੇ ਵਾਪਰੀ ਆਪਣੇ ਨਾਲ ਸੰਬੰਧਤ ਇੱਕ ਘਟਨਾ ਯਾਦ ਆ ਗਈ ਕਿ ਕਿਵੇਂ ਮੈਂ ਖੇਤਾਂ ਵਿੱਚ ਲੱਗੀ ਅੱਗ ਦੇ ਧੂੰਏਂ ਕਰਕੇ ਕੁੱਝ ਨਾ ਦਿਸਣ ਕਾਰਨ ਆਪਣੀ ਗੱਡੀ ਖੇਤਾਂ ਵਿੱਚ ਪਲਟਾ ਦੇਣੀ ਸੀ, ਮੈਂ ਉਦੋਂ ਬਾਲ-ਬਾਲ ਬਚਿਆ। ਜੇਕਰ ਇਹ ਘਟਨਾ ਵਾਪਰ ਜਾਂਦੀ ਤਾਂ ਹੋ ਸਕਦਾ ਸੀ ਕਿ ਮੇਰੀ ਗੱਡੀ ਵੀ ਅੱਗ ਦੀ ਚਪੇਟ ਵਿੱਚ ਆ ਜਾਂਦੀ, ਪਰ ਚਲੋ ਪ੍ਰਮਾਤਮਾ ਦਾ ਸ਼ੁਕਰ ਹੈ ਕਿ ਮੇਰੀ ਗੱਡੀ ਤੇਜ਼ ਨਹੀਂ ਸੀ ਅਤੇ ਮੇਰਾ ਬਚਾਅ ਹੋ ਗਿਆ, ਮੇਰਾ ਤਾਂ ਬਚਾਅ ਹੋ ਗਿਆ, ਪਰ ਉੱਥੇ ਚਿੜੀਆਂ ਦੀ ਕੁਰਲਾਹਟ ਨੂੰ, ਟਟੀਹਰੀਆਂ ਦੀ ਟੈਂ-ਟੈਂ ਨੂੰ ਸੁਣ ਕੇ ਅਤੇ ਪਤਝੜ ਤੋਂ ਬਾਅਦ ਬਹਾਰ ਵਿੱਚ ਨਵੇਂ ਉਪਜੇ ਰੁੱਖਾਂ ਦੇ ਮਨ ਨੂੰ ਸਕੂਨ ਦੇਣ ਵਾਲੇ ਹਰੇ-ਹਰੇ ਪੱਤਿਆਂ ਨੂੰ ਝੁਲਸਦਿਆਂ ਵੇਖ ਕੇ ਮੇਰਾ ਮਨ ਬਹੁਤ ਖਰਾਬ ਹੋਇਆ, ਇਹ ਸਭ ਮੰਜ਼ਰ ਵੇਖ ਕੇ ਮੇਰਾ ਮਨ ਅੰਦਰੋਂ ਝੰਜੋੜਿਆ ਗਿਆ ਕਿ ਇਹਨਾਂ ਬਜ਼ੁਬਾਨਾਂ ਦੀ ਜ਼ਿੰਦਗੀ ਜ਼ਿੰਦਗੀ ਨਹੀਂ, ਇਹ ਤਾਂ ਅਣਆਈ ਮੌਤ ਮਰ ਰਹੇ ਹਨ ਜਾਂ ਸ਼ਾਇਦ ਮਾਰੇ ਹੀ ਜਾ ਰਹੇ ਹਨ, ਪਰ ਮੈਂ ਕਿਸ ਮੂਹਰੇ ਸ਼ਿਕਵਾ ਕਰਾਂ, ਕਿਉਂਕਿ ਇਸ ਵਿੱਚ ਕਸੂਰ ਪੰਛੀ, ਜਾਨਵਰਾਂ, ਧਰਤੀ ਜਾਂ ਪਾਣੀ ਦਾ ਨਹੀਂ ਸੀ, ਇਸ ਵਿੱਚ ਕਸੂਰ ਤਾਂ ਮੇਰੀ ਮਨੁੱਖ ਜਾਤੀ ਦਾ ਹੀ ਸੀ। ਅੱਜ ਦੇ ਸਮੇਂ ਵਿੱਚ ਧਰਤੀ, ਅਕਾਸ਼, ਪਾਣੀ, ਹਵਾ ਅਤੇ ਮਨੁੱਖ ਜਾਤੀ ਆਪ ਵੀ ਪ੍ਰਦੂਸ਼ਿਤ ਹੋ ਚੁੱਕੀ ਹੈ।

ਹੁਣ ਸਵਾਲ ਇਹ ਉੱਠਦਾ ਹੈ ਕਿ ਇਹਨਾਂ ਸਭ ਨੂੰ ਪ੍ਰਦੂਸ਼ਿਤ ਕਰ ਕੌਣ ਰਿਹਾ ਹੈ। ਇਸ ਸਵਾਲ ਦਾ ਜਵਾਬ ਜਾਨਣ ਲਈ ਮੈਨੂੰ ਜ਼ਿਆਦਾ ਸੋਚਣ ਦੀ ਲੋੜ ਨਹੀਂ ਪਈ, ਕਿਉਂਕਿ ਮੈਂ ਆਪਣੇ-ਆਪ ਨੂੰ ਮਨੁੱਖ ਹੋਣ 'ਤੇ ਬਹੁਤ ਜ਼ਿਆਦਾ ਸ਼ਰਮਿੰਦਗੀ ਮਹਿਸੂਸ ਕਰ ਰਿਹਾ ਸੀ। ਹੋਰ ਕਿਸ ਹੱਦ ਤੱਕ ਜਾਵਾਂਗੇ ਅਸੀਂ, ਆਪਣੇ ਥੋੜ੍ਹੇ ਜਿਹੇ ਮੁਨਾਫੇ ਲਈ ਪਰਮਾਤਮਾ ਦੁਆਰਾ ਬਣਾਈ ਇਸ ਅਮੁੱਲ ਕੁਦਰਤ ਨੂੰ ਤਬਾਹ ਕਰਨ ਲਈ ਅੱਜ ਅਸੀਂ ਹਰ ਹੱਥਕੰਡਾ ਅਪਣਾ ਰਹੇ ਹਾਂ। ਕੀ ਸਾਡੇ ਗੁਰੂਆਂ ਵੱਲੋਂ ਦਿੱਤੀ ਸਿੱਖਿਆ 'ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਨੂੰ ਅਸੀਂ ਸਿਰਫ ਕੰਠ ਯਾਦ ਕਰਨ ਜਾਂ ਮੋਬਾਇਲਾਂ 'ਤੇ ਸਟੇਟਸ ਪਾਉਣ ਤੱਕ ਹੀ ਸੀਮਿਤ ਰੱਖ ਦਿੱਤਾ ਹੈ। ਅਸੀਂ ਆਪਣੀ ਧਰਤੀ ਮਾਂ ਨੂੰ ਅੱਜ ਨਸ਼ੇੜੀ ਹੀ ਬਣਾ ਛੱਡਿਆ ਹੈ। ਪਾਣੀ ਦੀ ਵਰਤੋਂ ਅਸੀਂ ਅੰਨ੍ਹੇਵਾਹ ਕਰ ਰਹੇ ਹਾਂ। ਫਸਲ ਵੱਢਣ ਤੋਂ ਬਾਅਦ ਬਚੀ ਰਹਿੰਦ-ਖੂੰਹਦ ਨੂੰ ਅੱਗ ਲਾ ਰਹੇ ਹਾਂ। ਚਲੋ ਮਨੁੱਖ ਦੇ ਪੱਖ ਤੋਂ ਸੋਚਿਆ ਜਾਵੇ ਤਾਂ ਇਸ ਤੋਂ ਬਿਨਾਂ ਕੋਈ ਹੋਰ ਹੱਲ ਨਹੀਂ ਹੈ, ਪਰ ਮੂਰਖ ਇਨਸਾਨੋਂ ਪਹਿਲਾਂ ਤਾਂ ਗੱਲ ਫਸਲ ਵੱਢਣ ਤੋਂ ਬਾਅਦ ਰਹਿੰਦ ਨੂੰ ਅੱਗ ਲਾਉਣ ਦੀ ਸੀ, ਪਰ ਹੁਣ ਤਾਂ ਇਹ ਸੁਆਰਥੀ ਲੋਕ ਖੇਤਾਂ ਨੂੰ ਅੱਗ ਲਗਾ ਕੇ ਘਰ ਜਾ ਕੇ ਬਹਿ ਜਾਂਦੇ ਹਨ ਅਤੇ ਗਰਮੀ ਦਾ ਮੌਸਮ ਹੋਣ ਕਰਕੇ ਅੱਗ ਦਾ ਵਹਾਅ ਤੇਜ਼ ਹੋਣ ਕਾਰਨ ਇਹ ਅੱਗ ਸੜਕਾਂ ਤੱਕ ਵੀ ਪਹੁੰਚ ਜਾਂਦੀ ਹੈ ਅਤੇ ਜਿਸ ਦੇ ਨਤੀਜੇ ਵਜੋਂ ਸੜਕ ਕਿਨਾਰੇ ਖੜ੍ਹੇ ਰੁੱਖ ਤਬਾਹ ਹੋ ਜਾਂਦੇ ਹਨ।

ਇਹਨਾਂ ਰੁੱਖਾਂ 'ਤੇ ਬਣੇ ਪੰਛੀਆਂ ਦੇ ਆਲ੍ਹਣੇ ਸੜ ਜਾਂਦੇ ਹਨ, ਆਲ੍ਹਣਿਆਂ ਵਿੱਚ ਪਏ ਇਹਨਾਂ ਪੰਛੀਆਂ ਦੇ ਅੰਡੇ ਅਤੇ ਨਾ ਉੱਡ ਸਕਣ ਵਾਲੇ ਨੰਨ੍ਹੇ ਬੱਚੇ ਸੜ ਕੇ ਸਵਾਹ ਹੋ ਜਾਂਦੇ ਹਨ। ਅੱਜ-ਕੱਲ੍ਹ ਸੋਸ਼ਲ ਮੀਡੀਆ 'ਤੇ ਇਹਨਾਂ ਸਭ ਨਾਲ ਸੰਬੰਧਤ ਵੀਡੀਓ ਆਮ ਵੇਖਣ ਨੂੰ ਮਿਲ ਰਹੀਆਂ ਹਨ। ਇੱਥੇ ਹੀ ਬਸ ਨਹੀਂ, ਇਸ ਅੱਗ ਨਾਲ ਕਈ ਗਰੀਬ ਲੋਕਾਂ ਦੇ ਘਰ ਤੱਕ ਸੜ ਕੇ ਸਵਾਹ ਹੋ ਚੁੱਕੇ ਹਨ, ਸੜਕਾਂ 'ਤੇ ਧੂੰਏਂ ਕਰਕੇ ਕੁੱਝ ਵੀ ਨਾ ਦਿਖਣ ਕਰਕੇ ਹਾਦਸੇ ਵੀ ਬਹੁਤ ਹੋ ਰਹੇ ਹਨ, ਪਰ ਫਿਰ ਵੀ ਇਹਨਾਂ ਸਵਾਰਥੀ ਲੋਕਾਂ ਦੇ ਸਿਰ 'ਤੇ ਜੂੰ ਤੱਕ ਨਹੀਂ ਸਰਕ ਰਹੀ। ਇਹੋ ਜਿਹੇ ਘਟੀਆ ਮਾਨਸਿਕਤਾ ਵਾਲੇ ਲੋਕ ਸਾਰੇ ਤਾਂ ਨਹੀਂ ਹਨ, ਪਰ ਇਹਨਾਂ ਦੀ ਗਿਣਤੀ ਬਹੁਤੀ ਹੈ। ਫੈਕਟਰੀਆਂ ਵਿੱਚੋਂ ਨਿਕਲਦਾ ਜ਼ਹਿਰੀਲਾ ਪਾਣੀ, ਧੂੰਆਂ ਅਤੇ ਨਾ ਸਹਿਣਯੋਗ ਸ਼ੋਰ ਮਨੁੱਖ ਦੀ ਹੀ ਦੇਣ ਹੈ ਅਤੇ ਜਿਸ ਦੇ ਨਤੀਜੇ ਭੁਗਤ ਵੀ ਮਨੁੱਖ ਹੀ ਰਿਹਾ ਹੈ। ਪੈਸੇ ਦੇ ਲਾਲਚ ਵਿੱਚ ਮਨੁੱਖ ਐਨਾ ਅੰਨ੍ਹਾ ਹੋ ਗਿਆ ਹੈ ਕਿ ਉਹ ਸਹੀ-ਗਲਤ ਦੀ ਪਛਾਣ ਕਰਨੋਂ ਹੀ ਹਟ ਗਿਆ ਹੈ। ਮੈਂ ਆਪਣੀਆਂ ਹੀ ਸੋਚਾਂ ਦੇ ਵਿਸ਼ਾਲ ਸਮੁੰਦਰ ਵਿੱਚ ਸਭ ਕੁੱਝ ਜਾਣਦਿਆਂ ਵੀ ਗੁੰਮਨਾਮ ਤੈਰ ਰਿਹਾ ਸੀ, ਤੇ ਇਹਨਾਂ ਸਭ ਗੱਲਾਂ ਤੋਂ ਮੇਰਾ ਧਿਆਨ ਉਦੋਂ ਟੁੱਟਿਆ, ਜਦੋਂ ਵਿਦਿਆਰਥੀਆਂ ਵੱਲੋਂ ਵਾਤਾਵਰਨ ਦੀ ਸੰਭਾਲ ਨਾਲ ਸੰਬੰਧਤ ਨਾਟਕ ਦੇ ਖਤਮ ਹੋਣ ਤੋਂ ਬਾਅਦ ਦਰਸ਼ਕ ਵਿਦਿਆਰਥੀਆਂ ਨੇ ਜ਼ੋਰਦਾਰ ਤਾਲੀਆਂ ਵਜਾਈਆਂ, ਪਰ ਹੁਣ ਵੀ ਮੇਰੇ ਕੰਨਾਂ ਵਿੱਚ ਪਾਣੀ ਪ੍ਰਦੂਸ਼ਣ, ਹਵਾ ਪ੍ਰਦੂਸ਼ਣ, ਧਰਤੀ ਪ੍ਰਦੂਸ਼ਣ ਅਤੇ ਧੁਨੀ ਪ੍ਰਦੂਸ਼ਣ ਜਿਹੇ ਸ਼ਬਦ ਵਾਰ-ਬਾਰ ਗੂੰਜ ਰਹੇ ਸਨ ਅਤੇ ਮੈਨੂੰ ਇਹ ਵੀ ਪਤਾ ਸੀ ਕੀ ਇਸ ਸਭ ਦੇ ਜ਼ਿੰਮੇਵਾਰ ਮੇਰੀ ਮਨੁੱਖ ਜਾਤੀ ਦੇ ਹੀ ਮੇਰੇ ਸਾਥੀ ਹਨ।

ਮੇਰੇ ਇਹ ਸਾਥੀ ਵੀ ਤਾਂ ਲਿਪਤ ਹਨ ਪ੍ਰਦੂਸ਼ਣ ਦੀ ਇੱਕ ਹੋਰ ਕਿਸਮ ਕਹਿ ਲਓ ਜਾਂ ਪ੍ਰਦੂਸ਼ਣ ਦੀ ਜੜ੍ਹ ਨੂੰ ਉਤਸ਼ਾਹਿਤ ਕਰਨ ਵਿੱਚ, ਜਿਸ ਦੇ ਸਿੱਟੇ ਵਜੋਂ ਇਹ ਸਾਰੇ ਪ੍ਰਦੂਸ਼ਣ ਹੋਂਦ ਵਿੱਚ ਆਏ ਹਨ, ਜਿਸ ਨੇ ਇਹਨਾਂ ਸਭਨਾਂ ਪ੍ਰਦੂਸ਼ਣਾਂ ਦਾ ਮੁੱਢ ਬੰਨ੍ਹਿਆ ਹੈ। ਹਾਂ ਉਹ ਪ੍ਰਦੂਸ਼ਣ ਭ੍ਰਿਸ਼ਟਾਚਾਰ ਦਾ ਹੈ ਮੇਰੇ ਸਾਥੀਓ। ਭ੍ਰਿਸ਼ਟਾਚਾਰ ਨਾਂਅ ਦੇ ਇਸ ਕਲੰਕ ਨੇ ਹੀ ਮਨੁੱਖ ਜਾਤੀ ਅੰਦਰ ਮੁਨਾਫਾਖੋਰੀ, ਜਮ੍ਹਾਂਖੋਰੀ, ਠੱਗੀ, ਚੋਰੀ, ਰਿਸ਼ਵਤ ਅਤੇ ਲਾਲਚ ਜਹੀਆਂ ਪ੍ਰਵਿਰਤੀਆਂ ਪੈਦਾ ਕੀਤੀਆਂ ਹਨ। ਇਹ ਸਾਰੀਆਂ ਹੀ ਭ੍ਰਿਸ਼ਟਾਚਾਰ ਦੀਆਂ ਉਹ ਸ਼ਾਖਾਵਾਂ ਹਨ, ਜਿਹੜੀਆਂ ਵਾਤਾਵਰਨ ਵਿੱਚ ਅਤੇ ਸਾਡੇ ਸਮਾਜ ਵਿੱਚ ਫੈਲ ਰਹੇ ਪ੍ਰਦੂਸ਼ਣ ਦਾ ਮੁੱਖ ਕਾਰਨ ਬਣਦੀਆਂ ਹਨ। ਅਜੇ ਵੀ ਸਮਾਂ ਹੈ ਆਓ ਅਸੀਂ ਇਸ ਭ੍ਰਿਸ਼ਟਾਚਾਰੀ ਦੇ ਪ੍ਰਦੂਸ਼ਣ ਨੂੰ ਖਤਮ ਕਰਨ ਲਈ ਮਜ਼ਬੂਤ ਅਤੇ ਇਮਾਨਦਾਰ ਯੋਜਨਾਵਾਂ ਬਣਾਈਏ ਅਤੇ ਵਾਤਾਵਰਨ ਵਿੱਚ ਫੈਲ ਰਹੇ ਹਰ ਤਰ੍ਹਾਂ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਲੋਕਾਂ ਨੂੰ ਜਾਗਰੂਕ ਕਰੀਏ।

**# ਸੰਪਰਕ : 84279-29558**

# ਸੜਕ ਹਾਦਸੇ ਤੇ ਟਰੌਮਾ ਕੇਅਰ ਸੈਂਟਰ


ਡਾ. ਗੁਰਤੇਜ ਸਿੰਘ

ਵਿਗਿਆਨਕ ਯੁੱਗ 'ਚ ਤਕਨਾਲੋਜੀ ਦੇ ਬੇਹੱਦ ਵਿਕਾਸ ਨੇ ਬਿਹਤਰ ਜ਼ਿੰਦਗੀ ਜਿਉਣ ਦੇ ਹੀਲੇ ਜੁਟਾਏ ਹਨ। ਹੋਰ ਸੁੱਖ-ਸਹੂਲਤਾਂ ਦੇ ਨਾਲ ਮਹੀਨਿਆਂ ਦੇ ਸਫ਼ਰ ਨੂੰ ਘੰਟਿਆਂ 'ਚ ਸਮੇਟ ਦਿੱਤਾ ਹੈ। ਇਸ ਸਹੂਲਤ ਦੇ ਨਾਲ ਸੜਕ ਹਾਦਸਿਆਂ ਨੂੰ ਜਨਮ ਵੀ ਦਿੱਤਾ ਹੈ। ਤੇਜ਼ ਰਫ਼ਤਾਰ, ਅਣਗਹਿਲੀ, ਟ੍ਰੈਫ਼ਿਕ ਨਿਯਮਾਂ ਪ੍ਰਤੀ ਅਗਿਆਨਤਾ, ਨਸ਼ੇ ਦੀ ਹਾਲਤ 'ਚ ਵਾਹਨ ਚਲਾਉਣਾ, ਸੜਕਾਂ ਦੀ ਬੁਰੀ ਹਾਲਤ, ਜੁਗਾੜੂ ਵਾਹਨ, ਸੜਕਾਂ 'ਤੇ ਰੋਸ਼ਨੀ ਦਾ ਤਸੱਲੀਬਖਸ਼ ਪ੍ਰਬੰਧ ਨਾ ਹੋਣਾ, ਟ੍ਰੈਫਿਕ ਚਿੰਨ੍ਹਾਂ ਦੀ ਅਣਹੋਂਦ, ਆਪਣੀ ਸੁੱਖ-ਸਹੂਲਤ ਲਈ ਸੜਕਾਂ 'ਤੇ ਗੈਰ-ਵਾਜਿਬ ਜਗ੍ਹਾ 'ਤੇ ਰਸਤੇ ਬਣਾਉਣਾ ਤੇ ਗਲਤ ਦਿਸ਼ਾ 'ਚ ਵਾਹਨ ਚਲਾਉਣਾ ਆਦਿ ਕਾਰਨਾਂ ਨੇ ਅਜੋਕੇ ਦੌਰ ਅੰਦਰ ਹਾਲਾਤ ਨੂੰ ਹੋਰ ਵੀ ਖ਼ਤਰਨਾਕ ਬਣਾ ਦਿੱਤਾ ਹੈ। ਸੜਕ 'ਤੇ ਚੱਲਦੇ ਸਮੇਂ ਹਰ ਵੇਲੇ ਦਿਲ ਡਰਿਆ ਮਹਿਸੂਸ ਕਰਦਾ ਹੈ ਕਿ ਕਿਤੇ ਕੋਈ ਅਣਜਾਣ ਵਿਅਕਤੀ ਹੀ ਫੇਟ ਨਾ ਮਾਰ ਦੇਵੇ। ਅਣਸਿੱਖਿਅਤ ਔਰਤਾਂ ਸੁਰੱਖਿਆ ਨਿਯਮਾਂ ਨੂੰ ਛਿੱਕੇ ਟੰਗ ਕੇ ਸੜਕਾਂ 'ਤੇ ਮਸਤੀ ਨਾਲ ਘੁੰਮਦੇ ਦੇਖੇ ਜਾ ਸਕਦੇ ਹਨ। ਹੋਰ ਕਾਰਨ ਜਿਵੇਂ ਕਿ ਨਿੱਜੀ ਟਰਾਂਸਪੋਰਟ ਕੰਪਨੀਆਂ ਮੁਨਾਫ਼ੇ ਦੀ ਖ਼ਾਤਰ ਅਨਜਾਣ ਲੋਕਾਂ ਨੂੰ ਭਰਤੀ ਕਰਦੀਆਂ ਹਨ ਤੇ ਉਹ ਭਾਰੇ ਵਾਹਨਾਂ ਨੂੰ ਸੜਕਾਂ 'ਤੇ ਬੇਖੌਫ਼ ਦੌੜਾਉਂਦੇ ਹਨ ਤੇ ਮੌਤ ਦਾ ਨਾਚ ਸਰੇਆਮ ਹੁੰਦਾ ਹੈ। ਇਨ੍ਹਾਂ ਦੀ ਸਾਰ ਲੈਣ ਵਾਲਾ ਕੋਈ ਨਹੀਂ ਹੁੰਦਾ ਤੇ ਟ੍ਰੈਫਿਕ ਪੁਲਸ ਦੇ ਅਧਿਕਾਰੀ ਇਹ ਸਭ ਦੇਖ ਕੇ ਅਣਡਿੱਠਾ ਕਰ ਦਿੰਦੇ ਹਨ ਜਾਂ ਫਿਰ ਚੰਦ ਸਿੱਕਿਆਂ 'ਤੇ ਆਪਣਾ ਜ਼ਮੀਰ ਵੇਚ ਕੇ ਲੋਕਾਂ ਦੀ ਮੌਤ ਲਈ ਯਮਰਾਜ ਨਾਲ ਸੰਪਰਕ ਸਾਧਦੇ ਹਨ।

ਸਾਡੇ ਸੂਬੇ ਪੰਜਾਬ ਵਿੱਚ ਹਰ ਰੋਜ਼ ਕਿਤੋਂ ਨਾ ਕਿਤੋਂ ਚਾਰ-ਪੰਜ ਵਾਪਰੇ ਵੱਡੇ ਸੜਕ ਹਾਦਸੇ ਰੋਜ਼ਾਨਾ ਅਖ਼ਬਾਰਾਂ ਦੀ ਸੁਰਖੀ ਬਣਦੇ ਹਨ। ਇਨ੍ਹਾਂ ਹਾਦਸਿਆਂ ਦੀ ਤਸਵੀਰ ਏਨੀ ਭਿਆਨਕ ਹੁੰਦੀ ਹੈ ਕਿ ਦੇਖ ਕੇ ਹਰ ਕਿਸੇ ਦਾ ਸਿਰ ਚਕਰਾਅ ਜਾਂਦਾ ਹੈ। ਇੱਕ ਰਿਪੋਰਟ ਅਨੁਸਾਰ ਪੰਜਾਬ ਵਿੱਚ ਦੁਰਘਟਨਾ ਦੇ ਕੇਸਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਜਿਸ ਨੇ ਵਸਦੇ ਘਰਾਂ ਦੇ ਚਿਰਾਗ ਬੁਝਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਹੈ। 4500 ਤੋਂ ਵੱਧ ਹਰ ਸਾਲ ਲੋਕਾਂ ਦੀ ਸੜਕ ਹਾਦਸਿਆਂ ਦੌਰਾਨ ਮੌਤ ਹੁੰਦੀ ਹੈ, ਜੋ ਪ੍ਰਤੀ ਦਿਨ 12 ਲੋਕ ਬਣਦੇ ਹਨ, ਜੋ ਇਨ੍ਹਾਂ ਸੜਕ ਦੁਰਘਟਨਾਵਾਂ ਦੌਰਾਨ ਅਣਆਈ ਮੌਤ ਮਰਦੇ ਹਨ। ਇੱਥੇ ਇਹ ਪੱਖ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ ਕਿ ਅਜੋਕੇ ਦੌਰ ਅੰਦਰ ਵਾਪਰ ਰਹੇ ਇਨ੍ਹਾਂ ਸੜਕ ਹਾਦਸਿਆਂ ਵਿੱਚ 15 ਤੋਂ 25 ਸਾਲ ਉਮਰ ਦੇ ਬੱਚੇ ਆਪਣੀਆਂ ਕੀਮਤੀ ਜਾਨਾਂ ਗਵਾ ਰਹੇ ਹਨ, ਜੋ ਮਾਪਿਆਂ ਲਈ ਅਸਹਿ ਸਦਮਾ ਹੁੰਦਾ ਹੈ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ ਪਿਛਲੇ ਸਾਲ ਦੇਸ਼ ਵਿੱਚ 440042 ਸੜਕ ਹਾਦਸੇ ਹੋਏ ਅਤੇ 139091 ਲੋਕ ਸੜਕ ਹਾਦਸਿਆਂ ਦੌਰਾਨ ਮਾਰੇ ਗਏ। ਦੇਸ਼ ਪੱਧਰ 'ਤੇ ਸੜਕ ਹਾਦਸਿਆਂ 'ਚ ਮੌਤ ਦਰ 32.6 ਫ਼ੀਸਦੀ ਹੈ, ਜਦਕਿ ਪੰਜਾਬ ਵਿੱਚ ਇਹ ਦਰ 75.8 ਫ਼ੀਸਦੀ ਹੈ। ਇਨ੍ਹਾਂ ਹਾਦਸਿਆਂ ਵਿੱਚ ਡਰਾਈਵਰ ਦੀ ਲਾਪਰਵਾਹੀ, ਟ੍ਰੈਫਿਕ ਨਿਯਮਾਂ ਪ੍ਰਤੀ ਉਦਾਸੀਨਤਾ, ਬਹੁਤੇ ਵਾਹਨਾਂ ਦੀ ਤਰਸਯੋਗ ਹਾਲ਼ਤ ਅਤੇ ਜਲਦਬਾਜ਼ੀ ਮੁੱਖ ਕਾਰਨ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਏ ਹਨ।

ਇਹ ਦੁੱਖ ਦੀ ਗੱਲ ਹੈ ਕਿ ਸਰਕਾਰੀ ਸਿਹਤ ਖੇਤਰ ਦੀਆਂ ਜ਼ਿਆਦਾਤਰ ਵੱਡੀਆਂ ਸਿਹਤ ਸੰਸਥਾਵਾਂ ਕੋਲ ਅਜੇ ਤੱਕ ਨਿਊਰੋਸਰਜਨ (ਦਿਮਾਗ ਦੇ ਅਪ੍ਰੇਸ਼ਨਾਂ ਦਾ ਮਾਹਿਰ) ਉਪਲੱਬਧ ਨਹੀਂ ਹੋ ਸਕਿਆ, ਜੋ ਸਿਰ ਦੀ ਸੱਟ ਵਾਲੇ ਮਰੀਜ਼ ਦਾ ਸਹੀ ਦਿਸ਼ਾ 'ਚ ਇਲਾਜ ਕਰਕੇ ਉਸ ਦੀ ਜ਼ਿੰਦਗੀ ਬਚਾਉਣ ਦੇ ਸਮਰੱਥ ਹੁੰਦਾ ਹੈ। ਉਕਤ ਇਨ੍ਹਾਂ ਨਾਮੀ ਸੰਸਥਾਵਾਂ ਨੂੰ ਇਸ ਕਰਕੇ ਸਿਰ ਦੀ ਸੱਟ ਵਾਲੇ ਮਰੀਜ਼ ਨੂੰ ਰੈਫ਼ਰ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਹੀ ਨਹੀਂ ਬਚਦਾ। ਇਸ ਦੌਰਾਨ ਅਕਸਰ ਹੀ ਮਰੀਜ਼ ਰਸਤੇ ਵਿੱਚ ਦਮ ਤੋੜ ਜਾਂਦੇ ਹਨ।

ਸੜਕ ਦੁਰਘਟਨਾ ਤੋਂ ਬਾਅਦ ਇਲਾਜ ਲਈ ਲਿਆਂਦੇ ਮਰੀਜ਼ ਦਾ ਸਾਰੇ ਸਿਹਤ ਕੇਂਦਰ ਟਰੌਮਾ ਕੇਅਰ (ਦੁਰਘਟਨਾ ਸਮੇਂ ਲੱਗੀ ਸੱਟ ਦਾ ਸਹੀ ਇਲਾਜ ਕੇਂਦਰ) ਨਹੀਂ ਦੇ ਪਾਉਂਦੇ ਜਾਂ ਇੰਝ ਕਹਿ ਲਈਏ ਕਿ ਉਨ੍ਹਾਂ ਕੋਲ ਉਸ ਸਮੇਂ ਲੋੜੀਂਦੀਆਂ ਉਹ ਸਾਰੀਆਂ ਸਿਹਤ ਸਹੂਲਤਾਂ ਜਿਵੇਂ ਪੂਰੀ ਤਰ੍ਹਾਂ ਸਿੱਖਿਅਤ ਨਰਸਿੰਗ ਸਟਾਫ਼, ਡਾਕਟਰਾਂ ਦੀ ਟੀਮ, ਐਮਰਜੈਂਸੀ ਦੌਰਾਨ ਵਰਤੀਆਂ ਜਾਣ ਵਾਲੀਆਂ ਜ਼ਰੂਰੀ ਦਵਾਈਆਂ, ਆਧੁਨਿਕ ਉਪਕਰਨਾਂ ਨਾਲ ਲੈਸ ਓਪਰੇਸ਼ਨ ਥੀਏਟਰ, ਐਕਸਰੇ, ਸੀ.ਟੀ. ਸਕੈਨ, ਅਲਟਰਾਸਾਊਂਡ, ਦੁਰਘਟਨਾ ਦੌਰਾਨ ਵਹੇ ਖ਼ੂਨ ਦੀ ਪੂਰਤੀ ਲਈ ਬਲੱਡ ਬੈਂਕ, ਆਈ.ਸੀ.ਯੂ., ਤੇ ਹੋਰ ਡਾਕਟਰੀ ਸਾਜ਼ੋ-ਸਾਮਾਨ ਅਤੇ ਆਦਿ ਮੌਜੂਦ ਹੀ ਨਹੀਂ ਹੁੰਦੀਆਂ। ਦੁਰਘਟਨਾ ਹੋਣ ਤੋਂ ਬਾਅਦ ਮਰੀਜ਼ ਦੀ ਜ਼ਿੰਦਗੀ ਉਸ ਸਿਹਤ ਕੇਂਦਰ/ਹਸਪਤਾਲ ਦੇ ਸਟਾਫ਼ ਦੇ ਹੱਥਾਂ ਵਿੱਚ ਹੁੰਦੀ ਹੈ। ਜੇਕਰ ਉਨ੍ਹਾਂ ਉਸ ਸਮੇਂ ਸਹੀ ਦਿਸ਼ਾ ਵਿੱਚ ਇਲਾਜ ਕੀਤਾ ਤਾਂ ਮਰੀਜ਼ ਦੀ ਜਾਨ ਬਚ ਜਾਂਦੀ ਹੈ ਨਹੀਂ ਤਾਂ ਇਸ ਨੂੰ ਰੱਬ ਦੀ ਕਰਨੀ ਸਮਝ ਕੇ ਭਾਣਾ ਮੰਨ ਲਿਆ ਜਾਂਦਾ ਹੈ। ਇਸੇ ਕਰਕੇ ਅੱਜ ਦੇ ਸਮੇਂ ਵਿੱਚ ਟਰੌਮਾ ਕੇਅਰ ਕੇਂਦਰਾਂ ਦੀ ਮਹੱਤਤਾ ਵਧ ਗਈ ਹੈ, ਜੋ ਸੜਕ ਦੁਰਘਟਨਾ ਦੌਰਾਨ ਮਰੀਜ਼ ਨੂੰ ਨਵਾਂ ਜੀਵਨ ਦੇਣ ਦੇ ਸਮਰੱਥ ਹੁੰਦੇ ਹਨ ਅਤੇ ਇਨ੍ਹਾਂ ਦੀ ਸੁਚੱਜੀ ਵਰਤੋਂ ਸਮਾਜ ਲਈ ਵਰਦਾਨ ਹੋ ਨਿੱਬੜੀ ਹੈ।

ਉਹ ਸੰਸਥਾ ਜਿਸ ਕੋਲ ਚੌਵੀ ਘੰਟੇ ਉਪਲੱਬਧ ਤੇ ਮਰੀਜ਼ਾਂ ਨੂੰ ਸਮਰਪਿਤ ਨਿਊਰੋਸਰਜਨ, ਹੱਡੀਆਂ ਦੇ ਮਾਹਿਰ, ਹਰ ਤਰ੍ਹਾਂ ਦੇ ਆਪ੍ਰੇਸ਼ਨਾਂ ਦੇ ਮਾਹਿਰ, ਕੰਨ, ਨੱਕ, ਗਲੇ ਦੇ ਮਾਹਿਰ, ਅੱਖਾਂ ਦੇ ਮਾਹਰ ਡਾਕਟਰ, ਦੰਦਾਂ ਦਾ ਵਿਭਾਗ, ਮੈਡੀਕਲ ਸਪੈਸ਼ਲਿਸਟ, ਔਰਤ ਰੋਗਾਂ ਦੇ ਮਾਹਿਰ, ਬੱਚਿਆਂ ਦੇ ਸਪੈਸ਼ਲਿਸਟ, ਫਿਜ਼ਿਓਥਰੈਪੀ ਵਿਭਾਗ ਮੌਜੂਦ ਹੋਣ। ਇਨ੍ਹਾਂ ਸਪੈਸ਼ਲਿਸਟ ਡਾਕਟਰਾਂ ਦੇ ਨਾਲ ਸਾਰੇ ਐਮਰਜੈਂਸੀ ਮੈਡੀਕਲ ਅਫ਼ਸਰ ਆਪਣੇ ਕੰਮ ਵਿੱਚ ਨਿਪੁੰਨ ਤੇ ਫੁਰਤੀਲੇ ਹੋਣ ਦੇ ਨਾਲ ਮਰੀਜ਼ ਦੀ ਬਿਹਤਰੀ ਲਈ ਆਪਣੇ ਮਾਹਿਰ ਡਾਕਟਰਾਂ ਦੀ ਸਲਾਹ ਨਾਲ ਜਲਦੀ ਫ਼ੈਸਲੇ ਲੈਣ ਦੇ ਯੋਗ ਹੋਣੇ ਚਾਹੀਦੇ ਹਨ। ਐਮਰਜੈਂਸੀ ਮੈਡੀਕਲ ਅਫ਼ਸਰ ਅਤੇ ਮੈਡੀਕਲ ਅਫ਼ਸਰਾਂ ਦੀਆਂ ਅਣਥੱਕ ਸੇਵਾਵਾਂ ਮਰੀਜ਼ ਨੂੰ ਬਚਾਉਣ ਦਾ ਕਾਰਜ ਕਰਦੀਆਂ ਹਨ।

ਗੁਰੂ ਨਾਨਕ ਮਿਸ਼ਨ ਹਸਪਤਾਲ, ਢਾਹਾਂ ਕਲੇਰਾਂ (ਸ਼ਹੀਦ ਭਗਤ ਸਿੰਘ ਨਗਰ) ਦੇ ਨਿਊਰੋਸਰਜਨ ਡਾ. ਜਸਦੀਪ ਸਿੰਘ ਸੈਣੀ ਦਾ ਮੰਨਣਾ ਹੈ, 'ਅਜੋਕੇ ਆਧੁਨਿਕ ਵਾਹਨਾਂ ਦੀ ਰਫ਼ਤਾਰ ਤੇਜ਼ ਹੋਣ ਕਾਰਨ ਸੜਕ ਦੁਰਘਟਨਾ ਸਮੇਂ ਸਿਰ ਅਤੇ ਰੀੜ੍ਹ ਦੀ ਹੱਡੀ ਦੀ ਸੱਟ ਦਾ ਸਹੀ ਸਮੇਂ ਸਹੀ ਇਲਾਜ ਨਾ ਮਿਲਣ ਕਰਕੇ ਇਹ ਅਕਸਰ ਜਾਨਲੇਵਾ ਹੁੰਦੀ ਹੈ, ਜਿਸ ਕਾਰਨ ਮਰੀਜ਼ ਦਾ ਸਰਵਾਈਵਲ (ਜਿਉਣਾ) ਔਖਾ ਹੋ ਜਾਂਦਾ ਹੈ।' ਉਨ੍ਹਾਂ ਦੀ ਗੱਲ ਬਿਲਕੁਲ ਸੱਚੀ ਹੈ, ਜਿਸ ਦੀ ਗਵਾਹੀ ਰੋਜ਼ਾਨਾ ਹਾਦਸਿਆਂ ਦੌਰਾਨ ਹੁੰਦੀਆਂ ਮੌਤਾਂ ਹਨ।

ਸਾਰੀ ਚਰਚਾ ਤੋਂ ਬਾਅਦ ਇਹ ਗੱਲ ਸਾਫ ਹੋ ਜਾਂਦੀ ਹੈ ਕਿ ਅਜੋਕੇ ਦੌਰ ਅੰਦਰ ਟਰੌਮਾ ਕੇਅਰ ਸੈਂਟਰਾਂ ਦੀ ਕਿੰਨੀ ਮਹੱਤਤਾ ਹੈ। ਪੰਜਾਬ ਦੇ ਬਹੁਤੇ ਇਲਾਕੇ ਇਸ ਸਹੂਲਤ ਨੂੰ ਤਰਸ ਰਹੇ ਹਨ, ਜੋ ਅਜੋਕੇ ਸਮੇਂ ਦੀ ਮੁੱਖ ਲੋੜ ਹੈ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਸਭ ਤੋਂ ਪਹਿਲਾਂ ਕੁੱਲ ਬਜਟ ਦਾ ਦਸ ਫ਼ੀਸਦੀ ਸਿਹਤ ਦਾ ਬੱਜਟ ਹੋਵੇ। ਸੂਬੇ ਦੀਆਂ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਜੋ ਜ਼ਿਲ੍ਹਾ ਪੱਧਰ 'ਤੇ ਹਨ, ਉੱਥੇ ਤਾਂ ਲਾਜ਼ਮੀ ਹੋਵੇ ਖਾਸ ਕਰਕੇ ਹਰ ਸਮੁਦਾਇਕ ਸਿਹਤ ਕੇਂਦਰ ਦੇ ਨਾਲ ਟਰੌਮਾ ਕੇਅਰ ਕੇਂਦਰ ਬਣਾਉਣਾ ਯਕੀਨੀ ਬਣਾਇਆ ਜਾਵੇ ਤੇ ਸੁਚਾਰੂ ਢੰਗ ਨਾਲ ਚਲਾਉਣ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

ਮੁੱਢਲੇ ਸਿਹਤ ਕੇਂਦਰਾਂ ਨੂੰ ਵੀ ਵਧੇਰੇ ਵਿਕਸਿਤ ਕੀਤਾ ਜਾਵੇ। ਨਿਊਰੋਸਰਜਨ ਡਾਕਟਰਾਂ ਦੇ ਨਾਲ ਹੋਰਨਾਂ ਵਿਭਾਗਾਂ ਦੇ ਮਾਹਿਰ ਡਾਕਟਰਾਂ, ਜੂਨੀਅਰ ਡਾਕਟਰਾਂ ਤੇ ਪੈਰਾਮੈਡੀਕਲ ਕਾਮਿਆਂ ਨੂੰ ਸਮੇਂ ਸਿਰ ਰੈਗੂਲਰ ਭਰਤੀ ਕੀਤਾ ਜਾਵੇ ਤੇ ਉਸ ਵਿਸ਼ੇਸ਼ ਸਿਖਲਾਈ ਪ੍ਰਾਪਤ ਸਟਾਫ ਨੂੰ ਹੋਰ ਕਿਸੇ ਜਗ੍ਹਾ ਤਬਦੀਲ ਨਾ ਕੀਤਾ ਜਾਵੇ। ਉਕਤ ਟਰੌਮਾ ਕੇਂਦਰਾਂ ਨੂੰ ਲੋੜੀਂਦੇ ਸਾਰੇ ਸਾਧਨ ਜਿਵੇਂ ਆਧੁਨਿਕ ਰੇਡੀਓਲੌਜੀ ਵਿਭਾਗ, ਹੋਰਨਾਂ ਵਿਭਾਗਾਂ ਦੇ ਤਾਲਮੇਲ ਦੇ ਨਾਲ ਜੂਨੀਅਰ ਡਾਕਟਰਾਂ ਅਤੇ ਸਿਖਲਾਈ ਪ੍ਰਾਪਤ ਨਰਸਿੰਗ ਸਟਾਫ ਦੀ ਟੀਮ, ਅਤਿ-ਆਧੁਨਿਕ ਓਪਰੇਸ਼ਨ ਥੀਏਟਰ, ਆਈ.ਸੀ.ਯੂ. ਦੇ ਉਪਕਰਨ ਵੈਂਟੀਲੇਟਰ ਆਦਿ ਨੂੰ ਚਲਾਉਣ ਤੇ ਸਾਂਭ-ਸੰਭਾਲ ਲਈ ਸਟਾਫ, ਦਵਾਈਆਂ ਦੀ ਉਪਲੱਬਧਤਾ ਨੂੰ ਯਕੀਨੀ ਬਣਾਉਣ ਦੀ ਲੋੜ ਹੈ। ਇਨ੍ਹਾਂ ਤੋਂ ਬਗੈਰ ਤਾਂ ਟਰੌਮਾ ਸੈਂਟਰ ਚਿੱਟੇ ਹਾਥੀ ਸਾਬਿਤ ਹੋਣਗੇ। ਜੇਕਰ ਸੂਬਾ ਸਰਕਾਰ ਆਮ ਆਦਮੀ ਕਲੀਨਿਕ ਦੇ ਨਾਲ ਹੁਣ ਇਸ ਪਾਸੇ ਪਹਿਲਕਦਮੀ ਕਰੇ ਤਾਂ ਰੋਜ਼ਾਨਾ ਸੜਕ ਹਾਦਸਿਆਂ ਵਿੱਚ ਵੇਲੇ ਸਿਰ ਸਹੀ ਇਲਾਜ ਨਾ ਮਿਲਣ ਕਰਕੇ ਮਰਦੇ ਲੋਕਾਂ ਦੀਆਂ ਕੀਮਤੀ ਜਾਨਾਂ ਕਾਫੀ ਹੱਦ ਤੱਕ ਬਚਾਈਆਂ ਜਾ ਸਕਦੀਆਂ ਹਨ।

**# ਸੰਪਰਕ: 95173-96001**

# ਬਿਨਾਂ ਵਜ੍ਹਾ ਬਦਲੀਆਂ ਕਰਨ ਦੇ ਵਿਰੋਧ 'ਚ ਪੀ ਆਰ ਟੀ ਸੀ ਵਰਕਰਾਂ ਵੱਲੋਂ ਮੈਨੇਜਮੈਂਟ ਖਿਲਾਫ ਪ੍ਰਦਰਸ਼ਨ



**ਬਠਿੰਡਾ (ਪਰਵਿੰਦਰ ਜੀਤ ਸਿੰਘ)**
ਪੀ ਆਰ ਟੀ ਸੀ ਮੈਨੇਜਮੈਂਟ ਵਿਭਾਗ ਵਿੱਚ ਕਿਲੋਮੀਟਰ ਬੱਸਾਂ ਪਾਉਣ ਲਈ ਵੱਖ ਵੱਖ ਤਰੀਕੇ ਅਪਣਾ ਰਹੀ ਹੈ, ਪਹਿਲਾਂ ਬਠਿੰਡਾ ਡਿੱਪੂ ਦੇ ਕੁਝ ਵਰਕਰਾਂ ਦੀਆਂ ਬਦਲੀਆਂ ਬਿਨਾਂ ਵਜ੍ਹਾ ਵੱਖ ਵੱਖ ਡਿੱਪੂਆਂ ਵਿੱਚ ਕਰ ਦਿੱਤੀਆਂ ਅਤੇ ਬਾਅਦ ਵਿੱਚ ਬਠਿੰਡਾ ਡਿੱਪੂ ਦੇ ਇਮਾਨਦਾਰ ਜਰਨਲ ਮੈਨੇਜਰ ਸ੍ਰੀ ਅਮਨਵੀਰ ਟਿਵਾਣਾ ਦੀ ਬਦਲੀ ਬਿਨਾਂ ਕਿਸੇ ਕਾਰਨ ਬੁਢਲਾਡਾ ਡਿੱਪੂ ਵਿਖੇ ਕਰ ਦਿੱਤੀ ਗਈ। ਮੈਨੇਜਮੈਂਟ ਵਾਰ ਵਾਰ ਇਹੋ ਜਿਹੇ ਕੰਮ ਕਰਕੇ ਜਥੇਬੰਦੀ ਵੱਲੋਂ ਉਲੀਕੇ ਗਏ ਸੰਘਰਸ਼ ਨੂੰ ਕਮਜ਼ੋਰ ਕਰਨਾ ਚਾਹੁਦੀ ਹੈ। ਬਠਿੰਡਾ ਡਿੱਪੂ ਵਿੱਚ ਵਧੀਆ ਢੰਗ ਨਾਲ ਕੰਮ ਕਰ ਰਹੇ ਜਰਨਲ ਮੈਨੇਜਰ ਸ੍ਰੀ ਅਮਨਵੀਰ ਟਿਵਾਣਾ ਨੂੰ ਬਦਲ ਕੇ ਬੁਢਲਾਡਾ ਡਿੱਪੂ ਵਿੱਚ ਭੇਜ ਦਿੱਤਾ ਗਿਆ, ਜਿਸ ਦੇ ਰੋਸ ਵਜੋਂ ਬਠਿੰਡਾ ਦੇ ਸਮੂਹ ਸਟਾਫ ਨੇ ਪਹਿਲੇ ਟਾਇਮ ਤੋਂ ਬੱਸਾਂ ਬੰਦ ਕਰਕੇ ਮੈਨੇਜਮੈਂਟ ਤੋਂ ਬਦਲੀ ਰੋਕਣ ਦੀ ਮੰਗ ਕੀਤੀ ਗਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਠਿੰਡਾ ਡਿੱਪੂ ਦੇ ਆਗੂ ਕੁਲਵੰਤ ਸਿੰਘ, ਸੰਦੀਪ ਗਰੇਵਾਲ ਤੇ ਕੁਲਦੀਪ ਬਾਦਲ ਨੇ ਦੱਸਿਆ ਕਿ ਕਿਲੋਮੀਟਰ ਬੱਸਾਂ ਦਾ ਟੈਂਡਰ ਰੱਦ ਕਰਵਾਉਣ ਲਈ ਜਥੇਬੰਦੀ ਨੇ 18 ਜੂਨ ਨੂੰ ਪਟਿਆਲਾ ਹੈੱਡ ਆਫਿਸ ਦਾ ਘੇਰਾਓ ਕਰਨ ਦਾ ਪ੍ਰੋਗਰਾਮ ਉਲੀਕਿਆ ਹੋਇਆ ਹੈ ਤੇ ਇਸ ਪ੍ਰੋਗਰਾਮ ਤੋਂ ਵਰਕਰਾਂ ਦਾ ਧਿਆਨ ਭੜਕਾਉਣ ਲਈ ਹੀ ਮੈਨੇਜਮੈਂਟ ਕਦੇ ਵਰਕਰਾਂ ਦੀਆਂ ਬਦਲੀਆਂ ਕਰ ਰਹੀ ਹੈ ਤੇ ਕਦੇ ਜਰਨਲ ਮੈਨੇਜਰ ਦੀ ਬਦਲੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜਰਨਲ ਮੈਨੇਜਰ ਦੀ ਬਦਲੀ ਦਾ ਬਠਿੰਡਾ ਡਿੱਪੂ ਦੇ ਸਮੂਹ ਵਰਕਰਾਂ ਤੇ ਅਧਿਕਾਰੀਆਂ ਵਿੱਚ ਭਾਰੀ ਰੋਸ ਸੀ ਤੇ ਸਾਰਿਆਂ ਜਥੇਬੰਦੀਆਂ ਦੇ ਆਗੂਆਂ ਨੇ ਇਹ ਫੈਸਲਾ ਲਿਆ ਕੇ ਪਹਿਲੇ ਟਾਇਮ ਤੋਂ ਬੱਸਾਂ ਬੰਦ ਕਰਕੇ ਜਰਨਲ ਮੈਨੇਜਰ ਦੀ ਬਦਲੀ ਰੁਕਵਾਈ ਜਾਵੇਗੀ।

ਇਸ ਮੌਕੇ ਪੀ ਆਰ ਟੀ ਸੀ ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਬਠਿੰਡਾ ਡਿੱਪੂ ਵਿੱਚ ਪਹੁੰਚ ਕੇ ਸਾਰੀਆਂ ਜਥੇਬੰਦੀਆਂ ਨਾਲ ਮੀਟਿੰਗ ਕੀਤੀ ਤੇ ਵਿਸ਼ਵਾਸ ਦਿਵਾਇਆ ਕਿ ਲੱਗਭੱਗ ਇੱਕ ਮਹੀਨੇ ਬਾਅਦ ਸ੍ਰੀ ਅਮਨਵੀਰ ਸਿੰਘ ਟਿਵਾਣਾ ਨੂੰ ਜੀ ਐੱਮ ਪ੍ਰਸ਼ਾਸਨ ਦੀ ਸੀਟ 'ਤੇ ਲਾ ਕੇ ਪਟਿਆਲਾ ਹੈੱਡ ਆਫਿਸ ਵਿਖੇ ਤਾਇਨਾਤ ਕੀਤਾ ਜਾਵੇਗਾ। ਜਥੇਬੰਦੀਆਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਜੇਕਰ ਸਰਕਾਰ ਨੇ ਆਉਣ ਵਾਲੀ 19 ਜੂਨ ਨੂੰ ਖੋਲ੍ਹਿਆ ਜਾਣ ਵਾਲਾ ਕਿਲੋਮੀਟਰ ਬੱਸਾਂ ਦਾ ਟੈਂਡਰ ਰੱਦ ਨਾ ਕੀਤਾ ਤਾਂ ਸਮੂਹ ਜਥੇਬੰਦੀਆਂ ਇਕੱਠੀਆਂ ਹੋ ਕੇ ਵੱਡੇ ਪੱਧਰ 'ਤੇ ਸੰਘਰਸ਼ ਕਰਨ ਲਈ ਵੀ ਤਿਆਰ ਹਨ ਤੇ 18 ਜੂਨ ਨੂੰ ਹੈੱਡ ਆਫਿਸ ਦਾ ਘਿਰਾਓ ਕਰਨ ਲਈ ਰੱਖੇ ਪ੍ਰੋਗਰਾਮ ਵਿੱਚ ਸਮੂਹ ਜਥੇਬੰਦੀਆਂ ਸ਼ਮੂਲੀਅਤ ਕਰਨ ਲਈ ਵੀ ਤਿਆਰ ਹਨ। ਚੇਅਰਮੈਨ ਸਾਹਬ ਨਾਲ ਇਨ੍ਹਾਂ ਗੱਲਾਂ 'ਤੇ ਸਹਿਮਤੀ ਬਣਨ ਤੋਂ ਬਾਅਦ ਬਠਿੰਡਾ ਡਿੱਪੂ ਦੀਆਂ ਸਮੂਹ ਜਥੇਬੰਦੀਆਂ ਤੇ ਵਰਕਰਾਂ ਨੇ ਡਿੱਪੂ ਖੋਲ੍ਹਣ ਦਾ ਫੈਸਲਾ ਲਿਆ ਤੇ ਬੱਸ ਸਰਵਿਸ ਬਹਾਲ ਕੀਤੀ ਗਈ। ਇਸ ਮੌਕੇ ਪਨਬੱਸ ਪੀ ਆਰ ਟੀ ਸੀ ਯੂਨੀਅਨ 25/11 ਤੋਂ ਸੈਕਟਰੀ ਕੁਲਦੀਪ ਸਿੰਘ ਬਾਦਲ, ਏਟਕ ਤੋਂ ਜਸਕਰਨ ਸਿੰਘ ਪਥਰਾਲਾ, ਇੰਟਕ ਤੋਂ ਹਰਜੀਤ ਸਿੰਘ ਬਾਦਲ, ਕਰਮਚਾਰੀ ਦਲ ਤੋਂ ਅਜੀਤ ਸਿੰਘ, ਸੀਟੂ ਤੋਂ ਸੁਖਵਿੰਦਰ ਸਿੰਘ ਮਿੱਡਾ, ਐੱਸ ਸੀ/ਬੀ ਸੀ ਤੋਂ ਹਰਮੰਦਰ ਸਿੰਘ ਪਥਰਾਲਾ, ਅਜ਼ਾਦ ਯੂਨੀਅਨ ਤੋਂ ਵਰਿੰਦਰ ਸਿੰਘ ਪੱਟੂ ਮੌਜੂਦ ਰਹੇ।

# ਮ੍ਰਿਤਕ ਊਸ਼ਾ ਰਾਣੀ ਦੇ ਵਾਰਿਸਾਂ ਵੱਲੋਂ ਨੈਸ਼ਨਲ ਹਾਈਵੇ ਜਾਮ



ਮ੍ਰਿਤਕ ਊਸ਼ਾ ਰਾਣੀ ਦੀ ਲਾਸ਼ ਨੈਸ਼ਨਲ ਹਾਈਵੇ-54 'ਤੇ ਰੱਖ ਕੇ ਜਾਮ ਕਰਦਾ ਪੇਕਾ ਪਰਵਾਰ।

**ਮੱਖੂ (ਰਛਪਾਲ ਸਿੰਘ ਸੰਧੂ)**
ਬੀਤੇ ਦਿਨੀਂ ਬਲਾਕ ਮੱਖੂ ਦੇ ਪਿੰਡ ਕੁੱਸੂਵਾਲਾ ਦੇ ਵਾਸੀ ਭਜਨ ਸਿੰਘ ਪੁੱਤਰ ਕਰਨੈਲ ਸਿੰਘ ਵੱਲੋਂ ਆਪਣੀ ਪਤਨੀ ਊਸ਼ਾ ਰਾਣੀ ਦਾ ਕਤਲ ਕੀਤਾ ਗਿਆ ਸੀ। ਥਾਣਾ ਮੱਖੂ ਦੇ ਪੁਲਸ ਪ੍ਰਸ਼ਾਸਨ ਦੇ ਅਧਿਕਾਰੀਆਂ ਵੱਲੋਂ ਭਜਨ ਸਿੰਘ ਨੂੰ ਗ੍ਰਿਫਤਾਰ ਕਰਕੇ ਕਰਵਾਈ ਕੀਤੀ ਜਾ ਰਹੀ ਹੈ, ਪਰ ਅੱਜ ਮ੍ਰਿਤਕ ਊਸ਼ਾ ਰਾਣੀ ਦੇ ਪੇਕੇ ਪਰਿਵਾਰ ਵਾਲਿਆਂ ਵੱਲੋਂ ਨੈਸ਼ਨਲ ਹਾਈਵੇ-54 'ਤੇ ਬਿਜਲੀ ਘਰ ਕੋਲ ਮ੍ਰਿਤਕ ਊਸ਼ਾ ਰਾਣੀ ਦੀ ਲਾਸ਼ ਰੱਖ ਕੇ ਨੈਸ਼ਨਲ ਹਾਈਵੇ ਜਾਮ ਕਰਕੇ ਧਰਨਾ ਲਗਾ ਕੇ ਮੰਗ ਕੀਤੀ ਜਾ ਰਹੀ ਸੀ ਕਿ ਮ੍ਰਿਤਕ ਊਸ਼ਾ ਰਾਣੀ ਦੇ ਕਤਲ ਦੇ ਮਾਮਲੇ ਵਿੱਚ ਮ੍ਰਿਤਕ ਊਸ਼ਾ ਰਾਣੀ ਦੇ ਪਤੀ ਭਜਨ ਸਿੰਘ ਦੇ ਨਾਲ ਭਜਨ ਸਿੰਘ ਦੀ ਮਾਤਾ, ਨਨਾਣ, ਦਿਉਰ ਤੇ ਦਰਾਣੀ ਨੂੰ ਵੀ ਗ੍ਰਿਫਤਾਰ ਕੀਤਾ ਜਾਵੇ। ਮ੍ਰਿਤਕ ਊਸ਼ਾ ਰਾਣੀ ਦੇ ਪੇਕੇ ਪਰਿਵਾਰ ਵਾਲਿਆਂ ਵੱਲੋਂ ਨੈਸ਼ਨਲ ਹਾਈਵੇ-54 'ਤੇ ਲਗਾਏ ਧਰਨੇ ਵਾਲੀ ਜਗ੍ਹਾ 'ਤੇ ਡੀ ਐੱਸ ਪੀ ਜ਼ੀਰਾ ਪਲਵਿੰਦਰ ਸਿੰਘ ਸੰਧੂ, ਥਾਣਾ ਮੱਖੂ ਦੇ ਮੁਖੀ ਜਤਿੰਦਰ ਸਿੰਘ ਪੁਲਸ ਪਾਰਟੀ ਨਾਲ ਪਹੁੰਚੇ ਕੇ ਮ੍ਰਿਤਕ ਊਸ਼ਾ ਰਾਣੀ ਦੇ ਪੇਕੇ ਪਰਿਵਾਰ ਵਾਲਿਆਂ ਨਾਲ ਗੱਲਬਾਤ ਕੀਤੀ। ਮ੍ਰਿਤਕ ਊਸ਼ਾ ਰਾਣੀ ਦੇ ਪਰਿਵਾਰ ਵਾਲਿਆਂ ਵੱਲੋਂ ਦੋਸ਼ ਲਗਾਇਆ ਜਾ ਰਿਹਾ ਹੈ ਕਿ ਮ੍ਰਿਤਕ ਊਸ਼ਾ ਰਾਣੀ ਦੇ ਦਿਉਰ ਵੱਲੋਂ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ। ਇਸ ਮੌਕੇ ਡੀ ਐੱਸ ਪੀ ਜ਼ੀਰਾ ਪਲਵਿੰਦਰ ਸਿੰਘ ਸੰਧੂ ਨੇ ਮ੍ਰਿਤਕ ਊਸ਼ਾ ਰਾਣੀ ਦੇ ਪਰਿਵਾਰ ਵਾਲਿਆਂ ਨੂੰ ਵਿਸ਼ਵਾਸ ਦਿਵਾਇਆ ਕਿ ਮ੍ਰਿਤਕ ਊਸ਼ਾ ਰਾਣੀ ਦੇ ਕਤਲ ਦੇ ਮਾਮਲੇ ਵਿੱਚ ਭਜਨ ਸਿੰਘ ਵਿਰੁੱਧ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਮ੍ਰਿਤਕ ਊਸ਼ਾ ਰਾਣੀ ਦੇ ਦਿਉਰ, ਦਰਾਣੀ, ਨਨਾਣ ਤੇ ਸੱਸ ਵਿਰੁੱਧ ਵੀ ਬਣਦੀ ਕਾਰਵਾਈ ਕੀਤੀ ਜਾਵੇਗੀ। ਡੀ ਐੱਸ ਪੀ ਜ਼ੀਰਾ ਪਲਵਿੰਦਰ ਸਿੰਘ ਸੰਧੂ ਦੇ ਵਿਸ਼ਵਾਸ ਦਿਵਾਉਣ 'ਤੇ ਮ੍ਰਿਤਕ ਊਸ਼ਾ ਰਾਣੀ ਦੇ ਪੇਕੇ ਪਰਿਵਾਰ ਵਾਲਿਆਂ ਵੱਲੋਂ ਨੈਸ਼ਨਲ ਹਾਈਵੇ-54 ਤੋਂ ਧਰਨਾ ਖਤਮ ਕੀਤਾ ਗਿਆ।

# ਤਿੰਨ ਵਾਰ ਬੋਲੀ ਰੱਦ ਹੋਣ ਮਗਰੋਂ ਮਜ਼ਦੂਰਾਂ ਦੀ ਹੋਈ ਜਿੱਤ

## ਖੇਤ ਮਜ਼ਦੂਰ ਹਿੱਸੇ ਦੀ ਜ਼ਮੀਨ ਲੈਣ 'ਚ ਸਫਲ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਪਿੰਡ ਧੂਹੜ ਦੇ ਖੇਤ ਮਜ਼ਦੂਰ ਪੰਚਾਇਤੀ ਜ਼ਮੀਨ ਵਿੱਚੋਂ ਆਪਣੇ ਹਿੱਸੇ ਦੀ ਜ਼ਮੀਨ ਲੈਣ 'ਚ ਕਾਮਯਾਬ ਹੋ ਗਏ ਹਨ, ਜਦੋਂਕਿ ਇਸ ਤੋਂ ਪਹਿਲਾਂ ਤਿੰਨ ਵਾਰ ਜਥੇਬੰਦੀ ਤੇ ਖੇਤ ਮਜ਼ਦੂਰਾਂ ਬੋਲੀ ਰੱਦ ਕਰਵਾਉਣੀ ਪਈ ਸੀ। ਜ਼ਮੀਨੀ ਘੋਲ ਜਿੱਤਣ ਬਾਅਦ ਖੇਤ ਮਜ਼ਦੂਰਾਂ ਨੇ ਜੇਤੂ ਰੈਲੀ ਕਰਕੇ ਸਹਿਯੋਗ ਦੇਣ ਵਾਲਿਆਂ ਦਾ ਧੰਨਵਾਦ ਕੀਤਾ ਹੈ।

ਜੇਤੂ ਰੈਲੀ ਨੂੰ ਸੰਬੋਧਨ ਕਰਦਿਆਂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਸਕੱਤਰ ਧਰਮਪਾਲ ਸਿੰਘ ਤੇ ਬਲਜੀਤ ਸਿੰਘ ਨੇ ਕਿਹਾ ਕਿ ਪਿੰਡ 'ਚ ਪਿਛਲੇ ਡੇਢ ਮਹੀਨੇ ਤੋਂ ਘੱਟ ਰੇਟ ਤੇ ਸਾਂਝੇ ਤੌਰ 'ਤੇ ਜ਼ਮੀਨ ਲੈਣ ਲਈ ਸੰਘਰਸ਼ ਚੱਲ ਰਿਹਾ ਸੀ। ਬੀਡੀਪੀਓ ਵੱਲੋਂ ਰੱਖੀ ਗਈ ਬੋਲੀ ਵਿੱਚ ਖੇਤ ਮਜ਼ਦੂਰਾਂ ਦੇ ਹਿੱਸੇ ਆਉਂਦੀ ਜ਼ਮੀਨ ਦੀ ਬੋਲੀ ਪੰਚਾਇਤ ਤੇ ਪੰਚਾਇਤ ਸੈਕਟਰੀ ਦੀ ਹਾਜ਼ਰੀ 'ਚ ਹੋਈ। ਐੱਸ ਸੀ ਭਾਈਚਾਰੇ ਵੱਲੋਂ ਚੁਣੇ ਦੋ ਬੰਦਿਆਂ ਸਮਸ਼ੇਰ ਸਿੰਘ ਤੇ ਪਿਆਰਾ ਸਿੰਘ ਵੱਲੋਂ ਸਕਿਓਰਟੀ ਜਮ੍ਹਾਂ ਕਰਵਾਈ ਗਈ। ਪਿਛਲੇ ਸਾਲ ਕੁੱਲ ਜ਼ਮੀਨ ਦਾ ਠੇਕਾ ਤਿੰਨ ਲੱਖ ਪੰਜਾਹ ਹਜ਼ਾਰ ਤੋਂ ਉੱਪਰ ਸੀ, ਇਸ ਸਾਲ ਛੇ ਏਕੜ ਜ਼ਮੀਨ ਦੀ ਬੋਲੀ ਤਿੰਨ ਲੱਖ ਤੇਰਾਂ ਹਜ਼ਾਰ ਰੁਪਏ 'ਚ ਪੰਚਾਇਤ ਤੇ ਮਜ਼ਦੂਰ ਭਾਈਚਾਰੇ ਦੀ ਸਹਿਮਤੀ ਨਾਲ ਹੋਈ। ਜ਼ਮੀਨ ਪ੍ਰਾਪਤ ਕਰਨ ਤੋਂ ਬਾਅਦ ਮਜ਼ਦੂਰ ਭਾਈਚਾਰੇ ਅੰਦਰ ਖ਼ੁਸ਼ੀ ਦੀ ਲਹਿਰ ਹੈ, ਕਿਉਂਕਿ ਉਨ੍ਹਾਂ ਦੇ ਪਸ਼ੂਆਂ ਲਈ ਹਰੇ ਚਾਰੇ ਦਾ ਪ੍ਰਬੰਧ ਹੋ ਗਿਆ ਹੈ। ਰੈਲੀ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਆਗੂਆਂ ਨੇ ਕਿਹਾ ਕਿ ਧੂੜ ਦੀ ਪੰਚਾਇਤੀ ਜ਼ਮੀਨ ਵਿੱਚੋਂ ਮਜ਼ਦੂਰਾਂ ਦੇ ਹਿੱਸੇ ਆਉਂਦ ਜ਼ਮੀਨ ਮਿਲਣੀ ਮਜ਼ਦੂਰ ਸੰਘਰਸ਼ ਦੀ ਵੱਡੀ ਜਿੱਤ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭਜਨ ਸਿੰਘ, ਰਾਮ ਸਿੰਘ, ਸਤਪਾਲ ਸਿੰਘ, ਛਿੰਦਰਪਾਲ ਸਿੰਘ ਆਦਿ ਹਾਜ਼ਰ ਸਨ।



## ਕਾਤਰਾਂ

### ਔਰਤ ਦੀ ਛੱਤ ਤੋਂ ਡਿੱਗਣ ਕਾਰਨ ਮੌਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਫਤਹਿਗੜ੍ਹ ਬੇਟ ਦੇ ਵਾਸੀ ਕੇਵਲ ਕੁਮਾਰ ਦੀ ਪਤਨੀ ਮਨਦੀਪ ਕੌਰ (30) ਦੀ ਛੱਤ ਤੋਂ ਡਿੱਗਣ ਕਾਰਨ ਮੌਤ ਹੋ ਗਈ। ਮ੍ਰਿਤਕਾ ਦੇ ਪਤੀ ਕੇਵਲ ਕੁਮਾਰ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਸ ਦੀ ਪਤਨੀ ਮਨਦੀਪ ਕੌਰ ਘਰ ਦੀ ਛੱਤ 'ਤੇ ਕੁਝ ਕੰਮ ਕਰ ਰਹੀ ਸੀ ਅਤੇ ਜਦੋਂ ਕਿਨਾਰੇ ਨੇੜੇ ਆਈ ਤਾਂ ਪੈਰ ਫਿਸਲਣ ਕਾਰਨ ਉਹ ਜ਼ਮੀਨ 'ਤੇ ਆ ਗਿਰੀ। ਉਸ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ, ਪਰ ਉੱਥੇ ਉਹ ਦਮ ਤੋੜ ਗਈ। ਪੁਲਸ ਵੱਲੋਂ ਲਾਸ਼ ਕਬਜ਼ੇ 'ਚ ਕਰ ਪੋਸਟ ਮਾਰਟਮ ਲਈ ਭੇਜ ਦਿੱਤੀ। ਮ੍ਰਿਤਕ ਵਿਆਹੁਤਾ ਮਨਦੀਪ ਕੌਰ ਆਪਣੇ ਪਿੱਛੇ 3 ਛੋਟੇ-ਛੋਟੇ ਬੱਚੇ ਛੱਡ ਗਈ।

### ਐਕਟਿਵਾ ਤੇ ਸਕੂਟਰੀ ਮੋਟਰਸਾਇਕਲ ਸਣੇ 3 ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਪੁਲਸ ਵੱਲੋਂ ਚੋਰੀ ਦਾ ਇਕ ਮੋਟਰ ਸਾਇਕਲ ਅਤੇ ਇਕ ਸਕੂਟੀ ਐਕਟੀਵਾ ਸਣੇ 3 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸਤਨਾਮ ਦਾਸ ਨੇ ਦੱਸਿਆ ਕਿ ਸਾਥੀ ਕ੍ਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਬਾਹਮਣੀਵਾਲਾ ਚੌਕ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਰਮਨ ਸਿੰਘ ਵਗੈਰਾ ਮੋਟਰ ਸਾਇਕਲ ਹੀਰੋ ਸਪਲੈਂਡਰ ਰੰਗ ਕਾਲਾ ਬਿਨਾਂ ਨੰਬਰ ਤੇ ਸਕੂਟੀ ਐਕਟਿਵਾ ਰੰਗ ਲਾਲ ਬਿਨਾਂ ਨੰਬਰ ਚੋਰੀ ਕਰਕੇ ਵੇਚਣ ਲਈ ਫਲੀਆਂਵਾਲਾ ਤੋਂ ਚੱਲ ਕੇ ਜਲਾਲਾਬਾਦ ਸ਼ਹਿਰ ਨੂੰ ਆਉਣ ਦੀ ਤਿਆਰੀ ਵਿੱਚ ਹਨ ਤੇ ਜੇਕਰ ਹੁਣੇ ਹੀ ਬਾਹਮਣੀਵਾਲਾ ਚੌਕ ਜਲਾਲਾਬਾਦ ਵਿਖੇ ਨਾਕਾਬੰਦੀ ਕੀਤੀ ਜਾਵੇ ਤਾਂ ਰੰਗੇ ਹੱਥੀਂ ਕਾਬੂ ਆ ਸਕਦੇ ਹਨ। ਜਿਸ 'ਤੇ ਪੁਲਸ ਪਾਰਟੀ ਨੇ ਬਾਹਮਣੀਵਾਲੀ ਚੁੰਗੀ ਚੌਕ ਜਲਾਲਾਬਾਦ ਵਿਖੇ ਨਾਕਾਬੰਦੀ ਕਰਕੇ ਇਕ ਮੋਟਰ ਸਾਇਕਲ ਅਤੇ ਇਕ ਐਕਟੀਵਾ ਸਕੂਟੀ ਸਣੇ 3 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਥਾਣਾ ਸਿਟੀ ਦੀ ਪੁਲਸ ਨੇ ਰਮਨ ਸਿੰਘ ਉਰਫ ਰਮਨੀ ਪੁੱਤਰ ਅਸ਼ੋਕ ਸਿੰਘ ਵਾਸੀ ਬੱਲੂਆਣਾ, ਬਿਕਰਮਜੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਫ਼ਲੀਆਂਵਾਲਾ ਤੇ ਸੁੱਖਾ ਸਿੰਘ ਪੁੱਤਰ ਵੀਰ ਸਿੰਘ ਵਾਸੀ ਜੰਡਵਾਲਾ ਦੇ ਖਿਲਾਫ਼ ਧਾਰਾ 379 ਤੇ 411 ਆਈਪੀਸੀ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

### ਸਾਧੂ ਵੱਲੋਂ ਸਾਧੂ ਦੀ ਖੂੰਡਾ ਮਾਰ ਕੇ ਹੱਤਿਆ

**ਮਲੋਟ (ਗੁਰਮੀਤ ਸਿੰਘ ਮੱਕੜ)**-ਸ਼ਹਿਰ ਨੇੜਲੇ ਪਿੰਡ ਤਰਖਾਣਵਾਲਾ ਵਿਖੇ ਇੱਕ ਡੇਰੇ ਵਿੱਚ ਰਹਿੰਦ ਦੋ ਸਾਧੂ ਆਪਸ ਵਿੱਚ ਲੜ ਪਏ ਤੇ ਇਸ ਦੌਰਾਨ ਇੱਕ ਨੇ ਦੂਜੇ ਸਾਧੂ ਦਾ ਖੂੰਡਾ ਮਾਰ ਕੇ ਕਤਲ ਕਰ ਦਿੱਤਾ। ਜ਼ਿਕਰਯੋਗ ਹੈ ਕਿ ਪਿੰਡ ਤਰਖਾਣਵਾਲਾ ਵਿਖੇ ਬਾਬਾ ਚਾਂਦੀ ਨਾਥ ਦੇ ਡੇਰੇ ਵਿਚ ਤੋਤਾ ਨਾਥ 40 ਸਾਲ ਦਾ ਪਿੰਡ ਦੇ ਹੀ ਇੱਕ ਡੇਰੇ ਵਿੱਚ ਰਹਿਣ ਵਾਲੇ ਗੌਰਵ ਉਰਫ ਗੋਗਾ ਦਾ ਕਿਸੇ ਗੱਲ ਨੂੰ ਲੈ ਕੇ ਤੋਤਾ ਨਾਥ ਨਾਲ ਝਗੜਾ ਹੋ ਗਿਆ। ਇਹ ਝਗੜਾ ਇੰਨਾ ਵਧ ਗਿਆ ਕਿ ਉਸ ਨੇ ਤੋਤਾ ਨਾਥ ਦਾ ਖੂੰਡਾ ਮਾਰ ਕੇ ਕਤਲ ਕਰ ਦਿੱਤਾ।ਮੌਕੇ 'ਤੇ ਪਹੁੰਚੇ ਡੀ.ਐੱਸ.ਪੀ. ਬਲਕਾਰ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਮਾਮਲਾ ਦਰਜ ਕਰਕੇ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ।

# ਜੇ ਐੱਨ ਇੰਟਰਨੈਸ਼ਨਲ ਸਕੂਲ ਦੇ ਹੋਣਹਾਰ ਵਿਦਿਆਰਥੀ ਤੇ ਅਧਿਆਪਕ ਸੀ ਟੀ 'ਵਰਸਿਟੀ ਵੱਲੋਂ ਸਨਮਾਨਤ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**
ਜੇ. ਐੱਨ. ਇੰਟਰਨੈਸ਼ਨਲ ਸਕੂਲ ਸੈਦੇ ਕੇ ਮੋਹਨ ਦੇ ਮਿਹਨਤੀ ਅਧਿਆਪਕਾਂ ਤੇ ਹੋਣਹਾਰ ਵਿਦਿਆਰਥੀਆਂ ਨੂੰ ਸੀ ਟੀ ਯੂਨੀਵਰਸਿਟੀ (ਪੰਜਾਬ) ਵੱਲੋਂ ਸਨਮਾਨਤ ਕੀਤਾ ਗਿਆ। ਬਾਰਵੀਂ ਜਮਾਤ ਦੇ ਨਤੀਜਿਆਂ ਵਿੱਚੋਂ ਜਿਹੜੇ ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਦੀ ਯੋਗ ਅਗਵਾਈ ਤੇ ਮਾਪਿਆਂ ਦੇ ਸਹਿਯੋਗ ਨਾਲ ਬਾਰਵੀਂ ਜਮਾਤ ਵਿੱਚੋਂ 70% ਤੋਂ ਵੱਧ ਅੰਕ ਹਾਸਲ ਕੀਤੇ ਹਨ, ਉਨ੍ਹਾਂ ਵਿਦਿਆਰਥੀਆਂ ਦੀ ਹੌਂਸਲਾ ਅਫ਼ਜ਼ਾਈ ਤੇ ਸਨਮਾਨਤ ਕਰਨ ਲਈ ਇੱਕ ਪ੍ਰੋਗਰਾਮ ਰੱਖਿਆ ਗਿਆ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸ੍ਰੀ ਚਰਨਜੀਤ ਸਿੰਘ ਚੰਨੀ ਚਾਂਸਲਰ ਸੀ ਟੀ ਯੂਨੀਵਰਸਿਟੀ ਵਿਸ਼ੇਸ਼ ਤੌਰ 'ਤੇ ਪੁਹੰਚੇ। ਉਨ੍ਹਾਂ ਵਿਦਿਆਰਥੀਆਂ ਨੂੰ ਯਾਦਗਾਰੀ ਮੋਮੈਂਟੋ ਵੰਡੇ ਤੇ ਅਧਿਆਪਕਾਂ ਨੂੰ ਵੀ ਸਨਮਾਨਤ ਕੀਤਾ। ਜੇ. ਐੱਨ. ਸਕੂਲ ਦੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪ੍ਰੀਖਿਆ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਲਈ ਸਨਮਾਨਤ ਕੀਤਾ ਗਿਆ। ਅਧਿਆਪਕ ਮਨਪ੍ਰੀਤ ਹਾਂਡਾ ਤੇ ਅਧਿਆਪਕਾ ਸ਼ਿਖਾ ਨਰੂਲਾ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਸਕੂਲ ਦੇ ਚੇਅਰਮੈਨ ਜਨਕ ਰਾਜ ਮੁੰਜਾਲ, ਮੈਨੇਜਿੰਗ ਡਾਇਰੈਕਟਰ ਅਰਜੁਨ ਮੁੰਜਾਲ, ਮੈਨੇਜਮੈਂਟ ਮੈਂਬਰ ਏਕਤਾ ਮੁੰਜਾਲ, ਮੈਨੇਜਮੈਂਟ ਮੈਂਬਰ ਅੰਜਲੀ ਚਾਨਣਾ ਤੇ ਪ੍ਰਿੰਸੀਪਲ ਰਵਿੰਦਰ ਕੁਮਾਰ ਨੇ ਵਿਦਿਆਰਥੀਆਂ ਨੂੰ ਇਨ੍ਹਾਂ ਯਾਦਗਾਰੀ ਪਲਾਂ ਲਈ ਵਧਾਈਆਂ ਦਿੱਤੀਆਂ। ਸਕੂਲ ਦੇ ਪ੍ਰਿੰਸੀਪਲ ਰਵਿੰਦਰ ਕੁਮਾਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੜ੍ਹਾਈ 'ਚ ਚੰਗੀ ਕਾਰਗੁਜ਼ਾਰੀ ਲਈ ਸਕੂਲ ਦੇ ਮਿਹਨਤੀ ਸਟਾਫ਼, ਇਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਦੇ ਸਹਿਯੋਗ ਲਈ ਅਸੀਂ ਸਾਰੇ ਵਧਾਈ ਦੇ ਪਾਤਰ ਹਾਂ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਤੇ ਚੰਗੇ ਅੰਕਾਂ ਲਈ ਇਨ੍ਹਾਂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਨ ਤੇ ਮਾਪਿਆਂ ਦਾ ਨਾਮ ਰੌਸ਼ਨ ਕਰਨ ਲਿਆ ਪ੍ਰੇਰਿਤ ਕੀਤਾ। ਪ੍ਰਿੰਸੀਪਲ ਨੇ ਸਕੂਲ ਮੈਨੇਜਮੈਂਟ ਤੇ ਸਮੂਹ ਸਕੂਲ ਸਟਾਫ ਨੂੰ ਵਧਾਈਆਂ ਦਿੱਤੀਆਂ।

# ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਦੀ ਯਾਦ 'ਚ ਸਮਾਗਮ ਭਲਕੇ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮਹਾਨ ਪਰਉਪਕਾਰੀ, ਸ਼ਾਂਤੀ ਦੇ ਸੋਮੇ, ਸੇਵਾ ਦੇ ਪੁੰਜ ਸੰਤ ਬਾਬਾ ਨਛੱਤਰ ਸਿੰਘ ਜੀ ਚੰਦਪੁਰਾਣਾ ਵਾਲਿਆਂ ਦੀ ਯਾਦ ਵਿੱਚ ਸਾਲਾਨਾ ਸਮਾਗਮ 18 ਜੂਨ ਨੂੰ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਚੰਦ ਪੁਰਾਣਾ ਵਿੱਚ ਕਰਵਾਏ ਜਾ ਰਹੇ ਹਨ। ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਜੀ ਨੇ ਆਪਣੇ ਜੀਵਨ ਦੇ ਦੌਰਾਨ ਅਨੇਕਾਂ ਹੀ ਗੁਰਮਤਿ ਅਨੁਸਾਰ ਅਜਿਹੇ ਕਾਰਜ ਕੀਤੇ, ਜੋ ਅੱਜ ਵੀ ਜਾਰੀ ਹਨ। ਉਨ੍ਹਾਂ ਆਪਣੇ ਜੀਵਨ ਵਿੱਚ ਅਜਿਹੀ ਘਾਲਣਾ ਘਾਲੀ ਕਿ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਚੰਦ ਪੁਰਾਣਾ ਮਨੁੱਖਤਾ ਦੀ ਸੇਵਾ ਦੇ ਕੇਂਦਰ ਵਜੋਂ ਦੇਸ਼ਾਂ ਵਿਦੇਸ਼ਾਂ ਵਿੱਚ ਵਿਕਸਤ ਹੋ ਚੁੱਕਾ ਹੈ। ਇਸ ਸੰਬੰਧੀ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ ਵਾਲਿਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਾਬਾ ਜੀ ਦੀ ਯਾਦ ਵਿੱਚ ਅਖੰਡ ਪਾਠਾਂ ਦੀ ਲੜੀ ਸ਼ੁਰੂ ਕੀਤੀ ਗਈ ਹੈ, ਜਿਨ੍ਹਾਂ ਦੇ ਭੋਗ 18 ਜੂਨ ਨੂੰ ਪਾਏ ਜਾਣਗੇ। ਉਪਰੰਤ ਧਾਰਮਿਕ ਦੀਵਾਨ ਸਜਣਗੇ, ਜਿਸ ਵਿੱਚ ਪ੍ਰਸਿੱਧ ਰਾਗੀ ਜਥੇ ਕਥਾ ਕੀਰਤਨ ਰਾਹੀਂ ਬਾਬਾ ਜੀ ਦੇ ਜੀਵਨ ਬਾਰੇ ਸੰਗਤਾਂ ਨੂੰ ਚਾਨਣਾ ਪਾਉਣਗੇ। ਇਸ ਮੌਕੇ ਬਾਬਾ ਗੁਰਦੀਪ ਸਿੰਘ ਨੇ ਸੰਗਤਾਂ ਨੂੰ ਵੱਧ ਤੋਂ ਵੱਧ ਸਮਾਗਮ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ।

# ਨਸ਼ਾ ਵੇਚਣ ਤੋਂ ਰੋਕਣ 'ਤੇ ਬਜ਼ੁਰਗ ਦੀ ਕੀਤੀ ਕੁੱਟਮਾਰ, ਵੀਡੀਓ ਵਾਇਰਲ



ਪੱਤਰਕਾਰਾਂ ਨੂੰ ਜਾਣਕਾਰੀ ਦਿੰਦਾ ਹੋਇਆ ਮਨਜੀਤ ਸਿੰਘ ਤੇ ਹੋਰ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਦੇ ਨਿਵਾਸੀ ਮਨਜੀਤ ਸਿੰਘ ਵੱਲੋਂ ਜਦੋਂ ਨੌਜਵਾਨਾਂ ਨੂੰ ਨਸ਼ਾ ਵੇਚਣ ਤੋਂ ਰੋਕਿਆ ਗਿਆ ਤਾਂ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ ਅਤੇ ਜੁੱਤੀਆਂ, ਡੰਡਿਆਂ ਨਾਲ ਕੁੱਟਦਿਆਂ ਦੀ ਵੀਡੀਓ ਵਾਈਰਲ ਹੋ ਗਈ, ਜਿਸ 'ਤੇ ਪੁਲਸ ਵੱਲੋਂ ਸ਼ਿਕਾਇਤਕਰਤਾ ਦੇ ਬਿਆਨਾਂ ਦੇ ਅਧਾਰ 'ਤੇ ਕਾਨੂੰਨੀ ਕਾਰਵਾਈ ਆਰੰਭ ਕਰ ਦਿੱਤੀ ਹੈ। ਮਨਜੀਤ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ੀਲਾ, ਗੋਗੜ ਤੇ ਜੱਸੂ ਨਾਮ ਦੇ ਨੌਜਵਾਨ ਦੇਰ ਰਾਤ ਉਸ ਦੇ ਘਰ ਆਏ ਤੇ ਬਾਹਰ ਖਿੱਚ ਕੇ ਉਸ ਦੀ ਕੁੱਟਮਾਰ ਕਰਨ ਲੱਗ ਪਏ। ਇਹ ਨੌਜਵਾਨ ਉਸ ਨੂੰ ਘਸੀੜਦੇ ਹੋਏ ਨਾਲ ਲੱਗਦੀ ਕਾਲੋਨੀ ਵਿੱਚ ਲੈ ਗਏ ਅਤੇ ਉੱਥੇ ਜਾ ਕੇ ਵੀ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੰਦੇ ਰਹੇ। ਸ਼ਿਕਾਇਤਕਰਤਾ ਮਨਜੀਤ ਸਿੰਘ ਨੇ ਦੱਸਿਆ ਕਿ ਕੁੱਟਮਾਰ ਦੀ ਰੰਜਿਸ਼ ਇਹ ਸੀ ਕਿ ਉਹ ਉਨ੍ਹਾਂ ਨੂੰ ਨਸ਼ਾ ਕਰਨ ਤੇ ਵੇਚਣ ਤੋਂ ਰੋਕਦਾ ਸੀ, ਜਿਸ ਕਾਰਨ ਉਨ੍ਹਾਂ ਨੇ ਉਸ ਦੀ ਕੁੱਟਮਾਰ ਕੀਤੀ। ਨੌਜਵਾਨਾਂ ਵੱਲੋਂ ਮਨਜੀਤ ਸਿੰਘ ਦੀ ਕੁੱਟਮਾਰ ਕਰਨ ਦੀ ਵੀਡੀਓ ਵੀ ਬਣਾ ਲਈ, ਜਿਸ 'ਤੇ ਸੜਕ ਵਿਚਕਾਰ ਉਸ ਨੂੰ ਬੁਰੀ ਤਰ੍ਹਾਂ ਕੁੱਟ ਰਹੇ ਹਨ, ਜੋ ਵਾਈਰਲ ਵੀ ਹੋ ਗਈ। ਡੀ ਐੱਸ ਪੀ ਮਨਦੀਪ ਕੌਰ ਨੇ ਦੱਸਿਆ ਕਿ ਸ਼ਿਕਾਇਤਕਰਤਾ ਮਨਜੀਤ ਸਿੰਘ ਦੇ ਬਿਆਨ ਦਰਜ ਕਰ ਲਏ ਹਨ ਤੇ ਉਸ ਤਹਿਤ ਸ਼ੀਲਾ, ਗੋਗੜ ਤੇ ਜੱਸੂ ਨਾਮ ਦੇ ਨੌਜਵਾਨਾਂ ਖਿਲਾਫ਼ ਮਾਮਲਾ ਦਰਜ ਕਰ ਇੱਕ ਨੂੰ ਗ੍ਰਿਫ਼ਤਾਰ ਵੀ ਕਰ ਲਿਆ ਹੈ।

# ਲੋਕ ਵਿਰੋਧੀ ਫੈਸਲਾ ਤੁਰੰਤ ਵਾਪਸ ਲਵੇ : ਗੁਰਦੀਪ ਹੀਰਾ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਭਾਰਤ ਮੁਕਤੀ ਮੋਰਚਾ ਪੰਜਾਬ ਤੇ ਮਜ਼ਦੂਰ ਅਜ਼ਾਦੀ ਮੋਰਚਾ ਪੰਜਾਬ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਹੁਣ ਪੰਜਾਬ ਸਰਕਾਰ ਵੱਲੋਂ ਜਾਰੀ ਨਵੇਂ ਪੱਤਰ ਅਨੁਸਾਰ ਹੁਣ ਬੁਢਾਪਾ ਪੈਨਸ਼ਨ ਦਾ ਲਾਭ ਲੈਣ ਲਈ ਜਨਮ ਸਰਟੀਫ਼ਿਕੇਟ ਤੇ ਦਸਵੀਂ ਦਾ ਜਾਂ ਸਕੂਲ ਛੱਡਣ ਦਾ ਸਰਟੀਫ਼ਿਕੇਟ ਦੇਣਾ ਪਵੇਗਾ। ਭਾਰਤ ਮੁਕਤੀ ਮੋਰਚਾ ਪੰਜਾਬ ਦੇ ਜਨਰਲ ਸਕੱਤਰ ਸ੍ਰੀ ਗੁਰਦੀਪ ਹੀਰਾ ਨੇ ਕਿਹਾ ਕਿ ਕਈ ਅੱਜ ਦੇ ਸਮੇਂ ਬੁਢਾਪਾ ਪੈਨਸ਼ਨ ਲੈਣ ਦੇ ਯੋਗ ਵਿਅਕਤੀ 90% ਅਨਪੜ੍ਹ ਹਨ ਜਾਂ ਪਹਿਲਾਂ ਕੋਈ ਵੀ ਜਨਮ ਦੀ ਤਾਰੀਖ ਦਰਜ ਕਰਵਾਉਣ ਜਾਂਦਾ ਨਹੀਂ ਸੀ, ਪਿੰਡ ਸ਼ਹਿਰ 'ਚ ਕੋਈ ਕੋਈ ਦਾਈ ਜਾਂ ਪਿੰਡ ਦਾ ਚੌਕੀਦਾਰ ਹੀ ਹੁੰਦਾ ਸੀ, ਜਿਹੜਾ ਕਿ ਮਰਜ਼ੀ ਨਾਲ ਜਾ ਕੇ ਨਾਮ ਲਿਖਾ ਆਉਂਦਾ ਸੀ, ਅੱਜ ਜੋ ਲੋਕ 60 ਸਾਲ ਦੇ ਕਰੀਬ ਹਨ, ਉਨ੍ਹਾਂ ਲੋਕਾਂ ਵਿੱਚੋਂ ਲਗਭਗ 99% ਲੋਕਾਂ ਦੇ ਜਨਮ ਸਰਟੀਫ਼ਿਕੇਟ 'ਤੇ ਨਾਮ ਗ਼ਲਤ ਹਨ ਜਾਂ ਪਿੰਡਾਂ ਦੇ ਲੋਕ ਬਹੁਤ ਘੱਟ ਪੜ੍ਹੇ ਲਿਖੇ ਹਨ, ਜਿਨ੍ਹਾਂ ਵਿੱਚ ਵੱਡੀ ਗਿਣਤੀ ਔਰਤਾਂ ਅਨਪੜ੍ਹ ਹਨ। ਉਨ੍ਹਾ ਕਿਹਾ ਕਿ ਮੁੱਕਦੀ ਗੱਲ ਇਹ ਹੈ ਕਿ ਜਿਹੜੀ ਸਰਕਾਰ ਔਰਤਾਂ ਨੂੰ 1000 ਰੁਪਏ ਮਹੀਨਾ ਮਾਣ ਭੱਤਾ ਦੇਣ ਦਾ ਲਾਲੀ-ਪੌਪ ਦੇ ਕੇ ਸੱਤਾ 'ਚ ਆਈ ਸੀ, ਅੱਜ ਉਹ ਗਰੀਬ ਲਾਚਾਰ ਬਜ਼ੁਰਗਾਂ ਦਾ ਆਖਰੀ ਸਹਾਰਾ ਬੁਢਾਪਾ ਪੈਨਸ਼ਨ ਵੀ ਖੋਹਣਾ ਚਾਹੁੰਦੀ ਹੈ ਤੇ ਸਰਕਾਰ ਵੱਲੋਂ ਇੱਕ ਦੇ ਬਾਅਦ ਇੱਕ ਹਰ ਵਰਗ ਨਾਲ ਧੱਕੇਸ਼ਾਹੀ ਕਰਦੇ ਹੋਏ ਮਿਲਦੀਆਂ ਸਹੂਲਤਾਂ ਵੀਂ ਟੇਢੇ ਢੰਗ ਨਾਲ ਖੋਹੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਆਪਣਾ ਇਹ ਫੈਸਲਾ ਵਾਪਸ ਨਹੀਂ ਲੈਂਦੀ ਤਾਂ ਭਵਿੱਖ ਵਿੱਚ ਲੋਕਾਂ ਦੇ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹੇ ਤੇ ਸਾਡੇ ਵੱਲੋਂ ਇਸ ਮਾਮਲੇ 'ਤੇ ਸਾਰੇ ਜ਼ਿਲ੍ਹਿਆਂ 'ਚ ਮੀਟਿੰਗਾਂ ਕਰਕੇ ਪੰਜਾਬ ਸਰਕਾਰ ਦੇ ਇਸ ਅਖੌਤੀ ਹੁਕਮ ਵਿਰੁੱਧ ਲੋਕ ਲਾਮਬੰਦੀ ਕੀਤੀ ਜਾਵੇਗੀ।

# ਚੇਅਰਮੈਨ ਸੁਰਿੰਦਰ ਸ਼ਰਮਾ ਨੇ ਕੈਬਨਿਟ ਮੰਤਰੀ ਬਲਕਾਰ ਸਿੰਘ ਨਾਲ ਕੀਤੀ ਮੁਲਾਕਾਤ

## ਸ਼ਹਿਰ 'ਚ ਹੋਣ ਵਾਲੇ ਵਿਕਾਸ ਕਾਰਜਾਂ ਬਾਰੇ ਕੀਤਾ ਵਿਚਾਰ-ਵਟਾਂਦਰਾ



**ਨਾਭਾ (ਵਰਿੰਦਰ ਵਰਮਾ)**-ਇੰਪਰੂਵਮੈਂਟ ਟਰੱਸਟ ਨਾਭਾ ਚੇਅਰਮੈਨ ਸੁਰਿੰਦਰ ਸ਼ਰਮਾ ਨੇ ਚੰਡੀਗੜ੍ਹ ਵਿਖੇ ਸਥਾਨਕ ਸਰਕਾਰ ਸੰਸਦੀ ਮਾਮਲੇ ਦੇ ਕੈਬਨਿਟ ਮੰਤਰੀ ਪੰਜਾਬ ਬਲਕਾਰ ਸਿੰਘ ਨਾਲ ਮੀਟਿੰਗ ਕੀਤੀ। ਇਸ ਮੌਕੇ ਚੇਅਰਮੈਨ ਸੁਰਿੰਦਰ ਸ਼ਰਮਾ ਨੇ ਨਵ-ਨਿਯੁਕਤ ਕੈਬਨਿਟ ਮੰਤਰੀ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਵਧਾਈਆਂ ਦਿੱਤੀਆਂ। ਮੀਟਿੰਗ ਦੌਰਾਨ ਸ਼ਹਿਰ ਨਾਭਾ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਨੂੰ ਲੈ ਕੇ ਕਈ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ। ਨਵ-ਨਿਯੁਕਤ ਕੈਬਨਿਟ ਮੰਤਰੀ ਬਲਕਾਰ ਸਿੰਘ ਨੇ ਚੇਅਰਮੈਨ ਸੁਰਿੰਦਰ ਸ਼ਰਮਾ ਨੂੰ ਵਿਸ਼ਵਾਸ ਦਿਵਾਇਆ ਕਿ ਹਲਕੇ ਦੇ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਹਲਕੇ 'ਚ ਵੱਡੇ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਜਾਣਗੇ। ਚੇਅਰਮੈਨ ਸੁਰਿੰਦਰ ਸ਼ਰਮਾ ਨੇ ਕਿਹਾ ਕਿ ਜਦੋਂ ਤੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਉਦੋਂ ਤੋਂ ਹਰੇਕ ਵਰਗ ਨੂੰ ਨਾਲ ਲੈ ਕੇ ਮਾਨ ਸਰਕਾਰ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਜਾ ਰਿਹਾ, ਜਿਸ ਦੇ ਤਹਿਤ ਕੈਬਨਿਟ ਮੰਤਰੀ ਬਲਕਾਰ ਸਿੰਘ ਨੂੰ ਸਥਾਨਕ ਸਰਕਾਰਾਂ ਦਾ ਮੰਤਰੀ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਚੱਲ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਇਕ ਸਾਲ ਦੇ ਕਾਰਜਕਾਲ 'ਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਰਿਕਾਰਡਤੋੜ ਕੰਮ ਕਰਕੇ ਲੋਕਾਂ ਦਾ ਦਿਲ ਜਿੱਤਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ 26 ਹਜ਼ਾਰ ਤੋਂ ਵਧੇਰੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆ ਤੇ ਕੱਚੇ ਅਧਿਆਪਕਾਂ ਤੇ ਮੁਲਾਜ਼ਮਾਂ ਨੂੰ ਪੱਕੇ ਕੀਤਾ ਗਿਆ ਅਤੇ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ। ਉਨ੍ਹਾ ਕਿਹਾ ਕਿ ਮਹਿੰਗੀ ਬਿਜਲੀ ਤੋਂ ਰਾਹਤ ਦਿਵਾਉਣ ਲਈ ਹਰ ਵਰਗ ਦੇ ਲੋਕਾਂ ਨੂੰ 600 ਯੂਨਿਟ ਬਿਜਲੀ ਮੁਫਤ ਦਿੱਤੀ ਗਈ ਹੈ ਤੇ ਸਰਕਾਰੀ ਹਸਪਤਾਲਾਂ ਵਿੱਚ ਚੰਗੀਆਂ ਸਿਹਤ ਸੇਵਾਵਾਂ, ਮੁਫਤ ਇਲਾਜ ਤੇ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਸਿੱਖਿਆ ਦੇ ਖੇਤਰ ਵਿੱਚ ਵੱਡਾ ਸੁਧਾਰ ਕੀਤਾ ਗਿਆ ਹੈ। ਸੁਰਿੰਦਰ ਸ਼ਰਮਾ ਨੇ ਕਿਹਾ ਕਿ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਮਾਨ ਸਰਕਾਰ ਵੱਡੇ ਪੱਧਰ ਤੇ ਉਪਰਾਲੇ ਕਰ ਰਹੀ ਹੈ।

# ਭਾਜਪਾ ਮੰਡਲ ਸਮਾਜਿਕ ਇਕਾਈ ਵੱਲੋਂ ਵਪਾਰਕ ਸੰਮੇਲਨ



**ਸਮਾਣਾ (ਇਕਬਾਲ ਸਿੰਘ ਬੱਲ)**-ਭਾਰਤੀ ਜਨਤਾ ਪਾਰਟੀ ਵੱਲੋਂ ਸਥਾਨਕ ਐੱਮ ਐੱਲ ਬੀ ਕਲਾਸਿਕ ਵਿਖੇ ਹਲਕਾ ਇੰਚਾਰਜ ਸੁਰਿੰਦਰ ਸਿੰਘ ਖੇੜਕੀ ਦੀ ਅਗਵਾਈ ਹੇਠ ਵਪਾਰੀ ਵਰਗ ਲਈ ਇਕ ਵਿਸ਼ੇਸ਼ ਵਪਾਰ ਸੰਮੇਲਨ ਕੀਤਾ ਗਿਆ, ਜਿਸ ਵਿੱਚ ਭਾਜਪਾ ਦੇ ਬੁਲਾਰੇ ਡਾਕਟਰ ਮਹਿੰਦਰ ਸਿੰਘ ਲਖਨਊ, ਵਿਕਰਮਜੀਤ ਸਿੰਘ ਚੀਮਾ ਜਨਰਲ ਸਕੱਤਰ ਭਾਜਪਾ ਪੰਜਾਬ ਤੇ ਬੀਬਾ ਜੈਇੰਦਰ ਕੌਰ ਮੀਤ ਪ੍ਰਧਾਨ ਭਾਰਤੀ ਜਨਤਾ ਪਾਰਟੀ ਪੰਜਾਬ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਤੇ ਉਨ੍ਹਾਂ ਵੱਲੋਂ ਵੱਖ ਵੱਖ ਵਪਾਰਾਂ ਨਾਲ ਜੁੜੇ ਹਲਕੇ ਦੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ। ਇਸ ਮੌਕੇ ਵੱਖ ਵੱਖ ਵਪਾਰਕ ਸੰਸਥਾਵਾਂ ਦੇ ਪ੍ਰਤੀਨਿਧੀਆਂ ਸੁਰੇਸ਼ ਕੁਮਾਰ ਭੋਲਾ, ਬਾਰੂ ਰਾਮ ਗੋਇਲ, ਰਤਨ ਲਾਲ ਸਿੰਗਲਾ, ਪੰਕਜ ਗੋਇਲ, ਸੰਜੀਵ ਕੁਮਾਰ ਗਰਗ ਵੱਲੋਂ ਪੰਜਾਬ ਵਿੱਚ ਵਪਾਰੀਆਂ ਨੂੰ ਆ ਰਹੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਇਆ। ਇਸ ਮੌਕੇ ਹਲਕਾ ਇੰਚਾਰਜ ਸੁਰਿੰਦਰ ਸਿੰਘ ਖੇੜਕੀ ਨੇ ਮੀਟਿੰਗ ਵਿੱਚ ਪਹੁੰਚੇ ਲੀਡਰਾਂ ਨੂੰ ਜੀ ਆਇਆਂ ਆਖਿਆ ਤੇ ਵਰਕਰਾਂ ਦਾ ਧੰਨਵਾਦ ਕੀਤਾ। ਸ੍ਰੀ ਹਰਮੇਸ਼ ਗੋਇਲ ਡਕਾਲਾ ਸਕੱਤਰ ਸੰਜੀਵ ਗਰਗ, ਦਿਹਾਤੀ ਪ੍ਰਧਾਨ ਜ਼ਿਲ੍ਹਾ ਪਟਿਆਲਾ, ਜਨਰਲ ਸਕੱਤਰ ਜੀਵਨ ਦੱਤ ਸ਼ੈਲੀ, ਸਕੱਤਰ ਪਟਿਆਲਾ ਸੰਜੀਵ ਗਰਗ, ਸਕੱਤਰ ਪਵਨ ਕੁਮਾਰ ਘੱਗਾ, ਸਮਾਣਾ ਮੰਡਲ ਵਿਨੋਦ ਸਿੰਗਲਾ, ਸੰਜੀਵ ਗਰਗ, ਮਨੀਸ਼ ਰੌਕੀ ਸਿੰਗਲਾ, ਅਮਰਿੰਦਰ ਸਿੰਘ ਢੋਟ, ਸੀਤਾ ਰਾਮ ਸਾਂਖਲਾ, ਰਤਨ ਸਿੰਗਲਾ ਤੇ ਗੁਰਪ੍ਰੀਤ ਫਤਿਹਮਾਜਰੀ ਸਮੇਤ ਵੱਡੀ ਗਿਣਤੀ 'ਚ ਭਾਜਪਾ ਆਗੂ ਤੇ ਸ਼ਹਿਰ ਦੇ ਉਦਯੋਗਪਤੀ, ਵਪਾਰੀ ਤੇ ਦੁਕਾਨਦਾਰ ਮੌਜੂਦ ਸਨ।

# ਬਿਜਲੀ ਸਪਲਾਈ ਨਾ ਮਿਲਣ ਤੋਂ ਦੁਖੀ ਅਰਨੋਂ ਵਾਸੀ ਸਾਰੀ ਰਾਤ ਧਰਨੇ 'ਤੇ ਬੈਠੇ



ਖਨੌਰੀ-ਕੈਥਲ ਸੜਕ ਜਾਮ ਕਰਕੇ ਧਰਨਾ ਦਿੰਦੇ ਹੋਏ ਪਿੰਡਾਂ ਦੇ ਲੋਕ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਬ ਡਵੀਜ਼ਨ ਪਾਤੜਾਂ ਦੇ ਹਰਿਆਣਾ ਦੀ ਹੱਦ ਨਾਲ ਲੱਗਦੇ ਪਿੰਡ ਅਰਨੋਂ ਵਿਖੇ ਬੀਤੀ ਰਾਤ ਬਿਜਲੀ ਸਪਲਾਈ ਨਾ ਹੋਣ ਕਰਕੇ ਲੋਕਾਂ ਨੇ ਰਾਤ 10 ਵਜੇ ਦੇ ਕਰੀਬ ਪਾਵਰਕਾਮ ਗਰਿਡ ਸਾਹਮਣੇ ਨਾਅਰੇਬਾਜ਼ੀ ਕੀਤੀ। ਡਿਊਟੀ 'ਤੇ ਤਾਇਨਾਤ ਮੁਲਾਜ਼ਮ ਵੱਲੋਂ ਕੋਈ ਤਸੱਲੀਬਖਸ਼ ਜਵਾਬ ਨਾ ਦਿੱਤੇ ਜਾਣ ਤੋਂ ਭੜਕੇ ਲੋਕਾਂ ਨੇ ਖਨੌਰੀ-ਕੈਥਲ ਮਾਰਗ ਜਾਮ ਕਰ ਦਿੱਤਾ। ਸਾਰੀ ਰਾਤ ਲੱਗੇ ਰਹੇ ਸੜਕ ਜਾਮ ਕਾਰਨ ਦੋਨੋਂ ਪਾਸੇ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗ ਗਈਆਂ। ਪਤਾ ਲੱਗਣ 'ਤੇ ਪੁਲਸ ਚੌਕੀ ਗੁਲਜਾਰਪੁਰਾ ਠਰੂਆ ਦੇ ਇੰਚਾਰਜ ਚੰਨਾ ਸਿੰਘ ਨੇ ਮੌਕੇ ਉੱਤੇ ਪਹੁੰਚ ਕੇ ਲੋਕਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਗੁੱਸੇ ਵਿੱਚ ਆਏ ਲੋਕ ਪਾਵਰਕਾਮ ਦੇ ਕਿਸੇ ਸਮਰਥ ਅਧਿਕਾਰੀ ਦੇ ਭਰੋਸੇ ਤੋਂ ਬਗੈਰ ਧਰਨਾ ਸਮਾਪਤ ਕਰਨ ਦੀ ਆਪਣੀ ਜ਼ਿੱਦ 'ਤੇ ਅੜੇ ਰਹੇ, ਜਿਸ ਮਗਰੋਂ ਐਕਸੀਅਨ ਪਾਵਰਕਾਮ ਪਾਤੜਾਂ ਜਸਬੀਰ ਸਿੰਘ ਵੱਲੋਂ ਪੰਦਰਾਂ ਦਿਨਾਂ ਵਿੱਚ ਬਿਜਲੀ ਦੀ ਸਮੱਸਿਆ ਹੱਲ ਕੀਤੇ ਜਾਣ ਦੇ ਭਰੋਸੇ ਮਗਰੋਂ ਜਾਮ ਖੋਲ੍ਹਿਆ ਗਿਆ।

ਰੋਸ ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਭਾਰਤੀ ਕਿਸਾਨ ਯੂਨੀਅਨ ਕਰਾਂਤੀਕਾਰੀ ਦੇ ਬਲਾਕ ਪ੍ਰਧਾਨ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਜਦੋਂ ਪਿੰਡ ਦੀ ਬਿਜਲੀ ਸਪਲਾਈ ਬੰਦ ਹੋ ਗਈ ਤਾਂ ਗਰਮੀ ਦੇ ਸਤਾਏ ਪਿੰਡ ਵਾਸੀਆਂ ਨੇ ਬਿਜਲੀ ਗ੍ਰਿੱਡ ਵਿੱਚ ਜਾ ਕੇ ਇਸ ਸਬੰਧੀ ਜਾਣਕਾਰੀ ਹਾਸਲ ਕਰਨੀ ਚਾਹੀ ਤਾਂ ਉੱਥੇ ਤਾਇਨਾਤ ਮੁਲਾਜ਼ਮ ਨੇ ਕਿਹਾ ਕਿ ਬਿਜਲੀ ਦੀ ਮੇਨ ਸਪਲਾਈ ਵਿੱਚ ਨੁਕਸ ਪੈ ਜਾਣ ਕਾਰਨ ਬਿਜਲੀ ਬੰਦ ਹੈ। ਇਸ ਦੇ ਨਾਲ ਹੀ ਉਸ ਨੇ ਕਿਹਾ ਕਿ ਬਿਜਲੀ ਮੁਲਾਜ਼ਮਾਂ ਦੀ ਹੜਤਾਲ ਹੋਣ ਕਰਕੇ ਸਵੇਰ ਤੋਂ ਪਹਿਲਾਂ ਬਿਜਲੀ ਸਪਲਾਈ ਬਹਾਲ ਨਹੀਂ ਹੋ ਸਕਦੀ, ਜਿਸ ਗੱਲ ਤੋਂ ਭੜਕੇ ਹੋਏ ਲੋਕਾਂ ਨੇ ਬਿਜਲੀ ਗਰਿਡ ਸਾਹਮਣੇ ਨਾਅਰੇਬਾਜ਼ੀ ਕਰਨ ਦੇ ਨਾਲ ਨਾਲ ਖਨੌਰੀ-ਕੈਥਲ ਸੜਕ ਜਾਮ ਕਰ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬੂਟਾ ਸਿੰਘ ਢਿੱਲੋਂ, ਕਰਨੈਲ ਸਿੰਘ, ਮਾਸਟਰ ਸੂਬਾ ਸਿੰਘ, ਬੁੱਧ ਸਿੰਘ, ਲਖਵਿੰਦਰ ਸਿੰਘ, ਕੁਲਦੀਪ ਸਿੰਘ ਥਿੰਦ, ਜਸਬੀਰ ਸਿੰਘ ਟੋਨੀ, ਮਹਿੰਦਰ ਰਾਮ, ਹਰਨੇਕ ਸਿੰਘ, ਬਾਬਾ ਗੁਰਜੰਟ ਸਿੰਘ, ਜੀਤਾ ਰਾਮ, ਪਵਨ ਕੁਮਾਰ, ਪੱਪੂ ਗਲੋਲੀ, ਮਹਿੰਦਰ ਸਿੰਘ ਸਾਹਿਬ ਸਿੰਘ ਤੇ ਸੁਰਜੀਤ ਸਿੰਘ ਆਦਿ ਹਾਜ਼ਰ ਸਨ।

# ਸੰਧਵਾਂ ਵੱਲੋਂ ਲੇਖਕ ਨਰਿੰਦਰ ਪਾਲ ਦੀ ਪੁਸਤਕ 'ਵਾਹ ਜ਼ਿੰਦਗੀ' ਰਿਲੀਜ਼



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍. ਕੁਲਤਾਰ ਸਿੰਘ ਸੰਧਵਾਂ ਨੇ ਨੌਜਵਾਨ ਲੇਖਕ ਨਰਿੰਦਰ ਪਾਲ ਸਿੰਘ ਜਗਦਿਓ ਦੀ ਕਿਤਾਬ 'ਵਾਹ ਜ਼ਿੰਦਗੀ!' ਆਪਣੇ ਦਫਤਰ ਵਿੱਚ ਰਿਲੀਜ਼ ਕੀਤੀ। ਰੌਚਕਤਾ ਭਰਪੂਰ ਤੇ ਵਿਲੱਖਣ ਸ਼ੈਲੀ ਵਿੱਚ ਲਿਖੀ ਇਸ ਕਿਤਾਬ ਦੀਆਂ ਕਾਪੀਆਂ ਲੇਖਕ ਨੇ ਸਪੀਕਰ ਜ਼ਰੀਏ ਪੰਜਾਬ ਵਿਧਾਨ ਸਭਾ ਦੀ ਲਾਇਬ੍ਰੇਰੀ ਲਈ ਵੀ ਭੇਟ ਕੀਤੀਆਂ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਕੱਤਰ ਸ੍ਰੀ ਰਾਮ ਲੋਕ ਖਟਾਣਾ ਵੀ ਹਾਜ਼ਰ ਸਨ। ਇਸ ਮੌਕੇ ਲੇਖਕ ਦੀ ਹੌਸਲਾ ਅਫਜ਼ਾਈ ਕਰਦਿਆਂ ਸ੍. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਇਹ ਉਪਰਾਲਾ ਪ੍ਰਸੰਸਾਯੋਗ ਹੈ ਤੇ ਪਾਠਕਾਂ ਨੂੰ ਇਹ ਕਿਤਾਬ ਸਾਕਾਰਾਤਮਕ ਊਰਜਾ ਨਾਲ ਭਰਨ ਦੀ ਸਮਰੱਥਾ ਰੱਖਦੀ ਹੈ। ਉਨ੍ਹਾ ਕਿਹਾ ਕਿ ਅੱਜ ਦੇ ਸੋਸ਼ਲ ਮੀਡੀਆ ਦੌਰ ਵਿੱਚ ਵੀ ਕਿਤਾਬਾਂ ਦੀ ਸਾਰਥਕਤਾ ਬਣੀ ਹੋਈ ਹੈ ਤੇ ਜਿਹੜੀਆਂ ਕਿਤਾਬਾਂ ਹਰ ਉਮਰ ਵਰਗ ਨੂੰ ਧਿਆਨ ਵਿੱਚ ਰੱਖ ਕੇ ਲਿਖੀਆਂ ਜਾਂਦੀਆਂ ਹਨ, ਉਹ ਪਾਠਕਾਂ ਦੀ ਕਸਵੱਟੀ ਉੱਪਰ ਖਰੀਆਂ ਉੱਤਰਨ ਦੇ ਨਾਲ-ਨਾਲ ਲੋਕਾਂ ਵਿੱਚ ਵਧੇਰੇ ਮਕਬੂਲ ਵੀ ਹੁੰਦੀਆਂ ਹਨ। 'ਵਾਹ ਜ਼ਿੰਦਗੀ!' ਕਿਤਾਬ 50 ਲੇਖਾਂ ਦਾ ਸੰਗ੍ਰਹਿ ਹੈ, ਜਿਸ ਵਿੱਚ ਜੀਵਨ ਦੀਆਂ ਛੋਟੀਆਂ, ਸਧਾਰਣ ਤੇ ਆਮ ਗੱਲਾਂ, ਘਟਨਾਵਾਂ, ਸਮ੍ਰਿਤੀਆਂ ਤੇ ਯਾਦਾਂ ਨੂੰ ਰੌਚਕ ਲੇਖਣ ਸ਼ੈਲੀ ਨਾਲ ਪੇਸ਼ ਕੀਤਾ ਗਿਆ ਹੈ। ਛੋਟੇ-ਛੋਟੇ ਵਾਕ ਤੇ ਆਮ ਸ਼ਬਦਾਵਲੀ ਪਾਠਕਾਂ ਨੂੰ ਆਪਣੇ ਨਾਲ ਤੋਰੀ ਰੱਖਦੇ ਹਨ। ਲੇਖਕ ਅਨੁਸਾਰ ਇਹ ਕਿਤਾਬ ਪਾਠਕਾਂ ਦੀ ਜ਼ਿੰਦਗੀ ਵਿੱਚ ਸਾਕਾਰਾਤਮਕ ਬਦਲਾਅ ਲਿਆਉਣ ਦੀ ਤਾਕਤ ਰੱਖਦੀ ਹੈ। ਇਸ ਤੋਂ ਇਲਾਵਾ ਕਿਤਾਬ ਵਿਚਲੀਆਂ ਬਹੁਤ ਸਾਰੀਆਂ ਗੱਲਾਂ, ਘਟਨਾਵਾਂ ਤੇ ਕਿੱਸੇ ਪਾਠਕ ਵਾਰ-ਵਾਰ ਪੜ੍ਹਨ ਲਈ ਮਜਬੂਰ ਹੋਣਗੇ। ਜ਼ਿਕਰਯੋਗ ਹੈ ਕਿ ਖੰਨਾ ਨਿਵਾਸੀ ਨਰਿੰਦਰ ਪਾਲ ਸਿੰਘ ਜਗਦਿਓ ਪੰਜਾਬ ਸਰਕਾਰ ਵਿੱਚ ਸੂਚਨਾ ਤੇ ਲੋਕ ਸੰਪਰਕ ਅਧਿਕਾਰੀ ਦੇ ਤੌਰ ਉੱਤੇ ਮੁੱਖ ਦਫਤਰ ਚੰਡੀਗੜ੍ਹ ਵਿਖੇ ਤਾਇਨਾਤ ਹਨ। ਪੰਜਾਬੀ ਅਖਬਾਰਾਂ ਵਿੱਚ ਮਿਡਲ ਲੇਖਕ ਵਜੋਂ ਉਨ੍ਹਾਂ ਦੀ ਪਹਿਲਾਂ ਹੀ ਚੰਗੀ ਪਛਾਣ ਹੈ। ਇਸ ਕਿਤਾਬ ਨੂੰ ਮੋਹਾਲੀ ਦੇ ਯੂਨੀਸਟਾਰ ਬੁਕਸ ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ ਤੇ ਕੈਨੇਡਾ ਵਿੱਚ ਇਹ ਕਿਤਾਬ ਐਮਾਜ਼ੋਨ ਉੱਤੇ ਉਪਲੱਬਧ ਹੈ।

# ਪਾਵਰਕਾਮ ਸੀ ਐੱਚ ਬੀ ਤੇ ਡਬਲਿਊ ਆਊਟਸੋਰਸ ਠੇਕਾ ਕਾਮੇ 19 ਨੂੰ ਵਿਧਾਨ ਸਭਾ ਵੱਲ ਕਰਨਗੇ ਮਾਰਚ : ਸ਼ਿਵ ਸ਼ੰਕਰ, ਛਿੰਦਰ ਸਿੰਘ




ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਆਗੂ।

**ਜਲਾਲਾਬਾਦ (ਜੀਤ ਕੁਮਾਰ)**-ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਸਰਕਾਰ ਤੇ ਮੈਨੇਜਮੈਂਟ ਦੇ ਤਾਨਾਸ਼ਾਹੀ ਰਵੱਈਏ ਖਿਲਾਫ ਤੇ ਲਗਾਤਾਰ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਦੇ ਮੂੰਹ ਪੈ ਰਹੇ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ 'ਚ ਸ਼ਾਮਲ ਕਰਨ ਦਾ ਕਾਨੂੰਨ ਬਣਾਉਣ ਅਤੇ ਹੋਰ ਵਾਜਬ ਮੰਗਾਂ ਦੇ ਹੱਲ ਲਈ ਪੰਜਾਬ ਵਿਧਾਨ ਸਭਾ ਵੱਲ ਮਾਰਚ ਕਰਨ ਦਾ ਐਲਾਨ ਕੀਤਾ ਗਿਆ। ਇਥੇ ਯੂਨੀਅਨ ਦੇ ਆਗੂ ਛਿੰਦਰ ਸਿੰਘ, ਸ਼ਿਵ ਸ਼ੰਕਰ, ਨਰਿੰਦਰ ਸਿੰਘ, ਬਲਵੀਰ ਸਿੰਘ, ਪ੍ਰਿੰਸ ਮੱਕੜ ਮਲਕੀਤ ਸਿੰਘ ਨੇ ਕਿਹਾ ਕਿ ਪਾਵਰਕਾਮ ਦੇ ਆਊਟਸੋਰਸ ਸੀ.ਐੱਚ.ਬੀ. ਤੇ ਡਬਲਿਊ ਠੇਕਾ ਮੁਲਾਜ਼ਮ ਪਾਵਰਕਾਮ 'ਚ ਪੱਕਾ ਕਰਨ ਸਮੇਤ ਆਪਣੀਆਂ ਹੋਰ ਜਾਇਜ਼ ਮੰਗਾਂ ਨੂੰ ਲੈ ਕੇ ਪਿਛਲੇ ਲੰਮੇ ਸਮੇਂ ਤੋਂ ਲਗਾਤਾਰ ਸੰਘਰਸ਼ ਕਰਦੇ ਆ ਰਹੇ ਹਨ, ਪਰ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਸਮੂਹ ਆਊਟਸੋਰਸ ਠੇਕਾ ਮੁਲਾਜ਼ਮਾਂ ਦੀਆਂ ਲੰਮੀਆਂ ਸੇਵਾਵਾਂ ਨੂੰ ਅਣ-ਵੇਖਿਆ ਕਰਕੇ ਪਾਵਰਕਾਮ ਸੀ. ਐੱਚ. ਬੀ. ਤੇ ਡਬਲਿਊ ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਵਿਭਾਗ 'ਚ ਪੱਕਾ ਨਹੀਂ ਕਰ ਰਹੀ, ਜਦਕਿ ਸੀ.ਐੱਚ.ਬੀ. ਤੇ ਡਬਲਿਊ ਕਾਮੇ ਸਮੁੱਚੇ ਵਿਭਾਗ ਵਿੱਚ ਹਜ਼ਾਰਾਂ ਆਊਟਸੋਰਸ ਠੇਕਾ ਮੁਲਾਜ਼ਮ, ਖਾਲੀ ਆਸਾਮੀਆਂ ਵਿਰੁੱਧ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਸੇਵਾਵਾਂ ਦੇ ਰਹੇ ਹਨ ਤੇ ਇਨ੍ਹਾਂ ਉਕਤ ਸਮੂਹ ਠੇਕਾ ਮੁਲਾਜ਼ਮਾਂ ਦੀ ਭਰਤੀ ਪਾਵਰਕਾਮ ਦੀ ਮੈਨੇਜਮੈਂਟ ਦੀ ਮੰਗ ਅਨੁਸਾਰ ਵੱਖ-ਵੱਖ ਠੇਕੇਦਾਰਾਂ, ਕੰਪਨੀਆਂ ਦੁਆਰਾ ਬਕਾਇਦਾ ਖਾਲੀ ਅਸਾਮੀਆਂ ਵਿਰੁੱਧ ਕੀਤੀ ਹੋਈ ਹੈ ਅਤੇ ਸੀ.ਐੱਚ.ਬੀ. ਤੇ ਡਬਲਿਊ ਕਾਮਿਆਂ ਕੋਲ ਵਿਭਾਗ ਵਿੱਚ ਸਾਲਾਂਬੱਧੀ ਕੰਮ ਦਾ ਤਜਰਬਾ ਵੀ ਹੈ। ਇਸ ਹਾਲਤ ਵਿੱਚ ਪਾਵਰਕਾਮ ਸੀ.ਐੱਚ.ਬੀ. ਤੇ ਡਬਲਿਊ ਆਊਟਸੋਰਸਡ ਠੇਕਾ ਮੁਲਾਜ਼ਮਾਂ ਪੱਕਾ ਨਾ ਕਰਕੇ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਆਊਟਸੋਰਸਡ ਠੇਕਾ ਮੁਲਾਜ਼ਮਾਂ ਨਾਲ ਸਰਾਸ਼ਰ ਨੰਗਾ-ਚਿੱਟਾ ਧੋਖਾ ਕਰ ਰਹੀ ਹੈ, ਜਿਸ ਦੇ ਵਿਰੋਧ ਵਜੋਂ ਪਾਵਰਕਾਮ ਸੀ.ਐੱਚ.ਬੀ. ਤੇ ਡਬਲਿਊ ਠੇਕਾ ਕਾਮਿਆਂ ਵੱਲੋਂ 19 ਜੂਨ ਨੂੰ ਪਰਿਵਾਰਾਂ ਤੇ ਬੱਚਿਆਂ ਸਮੇਤ ਪੰਜਾਬ ਵਿਧਾਨ ਸਭਾ ਵੱਲ ਮਾਰਚ ਕਰਨ ਤੇ ਲਗਾਤਾਰ ਧਰਨਾ ਲਾਉਣਗੇ। ਆਗੂਆਂ ਨੇ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਪਾਵਰਕਾਮ ਦੇ ਸੀ.ਐੱਚ.ਬੀ. ਤੇ ਡਬਲਿਊ ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਪਹਿਲ ਤੇ ਤਜਰਬੇ ਦੇ ਆਧਾਰ 'ਤੇ ਵਿਭਾਗ 'ਚ ਮਰਜ਼ ਕਰਕੇ ਪੱਕਾ ਕੀਤਾ ਜਾਵੇ, 15ਵੀਂ ਲੇਬਰ ਕਾਨਫਰੰਸ ਦੇ ਫਾਰਮੂਲੇ ਮੁਤਾਬਿਕ ਆਊਟਸੋਰਸ ਠੇਕਾ ਮੁਲਾਜ਼ਮ ਦੀ ਤਨਖਾਹ ਘੱਟੋ-ਘੱਟ ਗੁਜ਼ਾਰੇ-ਯੋਗ ਤਨਖਾਹ 25 ਹਜ਼ਾਰ ਰੁਪਏ ਨਿਸ਼ਚਿਤ ਕੀਤੀ ਜਾਵੇ, ਡਿਊਟੀ ਦੌਰਾਨ ਮੌਤ ਹੋਣ ਤੇ ਵਾਰਸਾਂ ਨੂੰ ਘੱਟੋ-ਘੱਟ 50 ਲੱਖ ਰੁਪਏ ਮੁਆਵਜ਼ਾ ਤੇ ਪਰਿਵਾਰ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ, ਠੇਕੇਦਾਰ/ਕੰਪਨੀਆਂ ਵੱਲੋਂ ਕੀਤੇ ਗਏ ਘਪਲੇ ਦਾ ਪੁਰਾਣਾ ਬਕਾਇਆ ਏਰੀਅਰ/ਬੋਨਸ, ਈ.ਪੀ.ਐੱਫ. ਦਾ ਪੁਰਾਣਾ ਬਕਾਇਆ ਤੁਰੰਤ ਰਿਲੀਜ਼ ਕੀਤਾ ਜਾਵੇ ਤੇ ਪਿਛਲੇ ਸਮੇਂ ਵਿੱਚ ਮੁੱਖ ਮੰਤਰੀ ਸਮੇਤ ਬਿਜਲੀ ਮੰਤਰੀ ਤੇ ਪਾਵਰਕਾਮ ਦੀ ਮੈਨੇਜਮੈਂਟ ਨਾਲ਼ ਹੋਈਆਂ ਪੈਨਲ ਮੀਟਿੰਗਾਂ ਵਿੱਚ ਹੋਏ ਸਮਝੌਤਿਆਂ ਨੂੰ ਤੁਰੰਤ ਪ੍ਰਭਾਵ ਨਾਲ਼ ਲਾਗੂ ਕੀਤਾ ਜਾਵੇ, ਬਿਜਲੀ ਖੇਤਰ ਦੇ ਨਿੱਜੀਕਰਨ ਦੀ ਨੀਤੀ ਨੂੰ ਰੱਦ ਕਰਕੇ ਠੇਕੇਦਾਰਾਂ ਤੇ ਕੰਪਨੀਆਂ ਨੂੰ ਵਿਭਾਗ ਵਿੱਚੋਂ ਬਾਹਰ ਕੀਤਾ ਜਾਵੇ।

### ਮਾਮਲਾ ਪਟਵਾਰੀ ਨਾਲ ਕੁੱਟਮਾਰ ਤੇ ਦੁਰਵਿਹਾਰ ਦਾ

# ਨਹਿਰੀ ਪਟਵਾਰ ਯੂਨੀਅਨ ਵੱਲੋਂ ਡੀ ਸੀ ਦਫਤਰ ਅੱਗੇ ਧਰਨਾ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਨਹਿਰੀ ਪਟਵਾਰ ਯੂਨੀਅਨ ਵੱਲੋਂ ਇੱਕ ਪਟਵਾਰੀ ਨਾਲ ਕੁੱਟਮਾਰ ਤੇ ਦੁਰਵਿਹਾਰ ਦੇ ਮਾਮਲੇ ਵਿੱਚ ਮੁਲਜ਼ਮਾਂ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਡਿਪਟੀ ਕਮਿਸ਼ਨਰ ਦਫਤਰ ਫਾਜ਼ਿਲਕਾ ਸਾਹਮਣੇ ਪੁਲਸ ਖਿਲਾਫ ਧਰਨਾ ਦਿੱਤਾ ਗਿਆ। ਇਸ ਮੌਕੇ ਨਹਿਰੀ ਪਟਵਾਰ ਯੂਨੀਅਨ ਦੇ ਸੂਬਾ ਪ੍ਰਧਾਨ ਜਸਕਰਨ ਸਿੰਘ, ਦਿ ਰੈਵੀਨਿਊ ਪਟਵਾਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ, ਸ੍ਰੀ ਮੁਕਤਸਰ ਸਾਹਿਬ ਦੇ ਜ਼ਿਲ੍ਹਾ ਪ੍ਰਧਾਨ ਪਵਨ ਕੁਮਾਰ ਤੇ ਹੋਰ ਆਗੂਆਂ ਨੇ ਦੱਸਿਆ ਕਿ 27-05-2023 ਨੂੰ ਨਹਿਰੀ ਪਟਵਾਰੀ ਰਾਜ ਕੁਮਾਰ ਪਿੰਡ ਕੁੰਡਲ 'ਚ ਨਹਿਰੀ ਪਾਣੀ ਦੀ ਬਾਰੀ ਚਲਾਉਣ ਲਈ ਗਿਆ, ਜਿਸ ਦੇ ਕੇਸ ਦਾ ਨਿਪਟਾਰਾ ਹਾਲ ਹੀ ਵਿੱਚ ਡਿਪਟੀ ਕਲੈਕਟਰ ਨੇ ਕੀਤਾ ਸੀ। ਇਸ ਦੌਰਾਨ ਉੱਥੋਂ ਦੇ ਸਾਬਕਾ ਸਰਪੰਚ ਮਿੱਠੂ ਵੱਲੋਂ ਲੋਕਾਂ ਦੇ ਖੇਤਾਂ ਵਿੱਚ ਪਾਣੀ ਛੱਡਿਆ ਜਾ ਰਿਹਾ ਸੀ। ਜਦੋਂ ਪਟਵਾਰੀ ਰਾਜ ਕੁਮਾਰ ਨੇ ਸਰਪੰਚ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਉਸ ਨੇ ਕੁੱਟਮਾਰ ਕੀਤੀ। ਇਸ ਤੋਂ ਇਲਾਵਾ ਉਸ ਕੋਲ ਮੌਜੂਦ ਸਰਕਾਰੀ ਰਿਕਾਰਡ ਵੀ ਪਾੜ ਦਿੱਤਾ ਗਿਆ। ਉਸ ਅਨੁਸਾਰ ਜਦੋਂ ਉਹ ਉਥੇ ਗੁਰਦੁਆਰਾ ਸਾਹਿਬ ਗਿਆ ਤਾਂ ਮੁਲਜ਼ਮਾਂ ਨੇ ਉਸ ਨਾਲ ਗਾਲੀ ਗਲੋਚ ਵੀ ਕੀਤਾ। ਇਸ ਤੋਂ ਬਾਅਦ ਪੁਲਸ ਕੋਲ ਇਸ ਦੀ ਸ਼ਿਕਾਇਤ ਦਰਜ ਕਰਵਾਈ ਗਈ। ਪੁਲਸ ਵੱਲੋਂ ਮੁਲਜ਼ਮ ਖਿਲਾਫ ਕੇਸ ਦਰਜ ਕਰ ਲਿਆ ਗਿਆ, ਪਰ ਅਜੇ ਤੱਕ ਉਸ ਦੀ ਗ੍ਰਿਫਤਾਰੀ ਨਹੀਂ ਹੋਈ।

ਇਸ ਸਬੰਧੀ ਸਬੰਧਤ ਪੁਲਸ ਅਧਿਕਾਰੀਆਂ ਨੂੰ ਮਿਲਣ ਤੋਂ ਇਲਾਵਾ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਵੀ ਬੇਨਤੀਆਂ ਕੀਤੀਆਂ ਗਈਆਂ ਸਨ, ਪਰ ਅੱਜ ਤੱਕ ਉਨ੍ਹਾਂ ਵੱਲੋਂ ਕੋਈ ਸੁਣਵਾਈ ਨਹੀਂ ਕੀਤੀ ਗਈ, ਜਿਸ ਦੇ ਵਿਰੋਧ 'ਚ ਉਨ੍ਹਾਂ ਵੱਲੋਂ ਫਾਜ਼ਿਲਕਾ ਪੁਲਸ ਖਿਲਾਫ ਡਿਪਟੀ ਕਮਿਸ਼ਨਰ ਦਫਤਰ ਫਾਜ਼ਿਲਕਾ ਅੱਗੇ ਧਰਨਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਜਦੋਂ ਤੱਕ ਸਾਬਕਾ ਸਰਪੰਚ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ, ਉਨ੍ਹਾਂ ਦਾ ਧਰਨਾ ਇਸੇ ਤਰ੍ਹਾਂ ਜਾਰੀ ਰਹੇਗਾ।

CMYK

# ਭਾਰੀ ਮਾਤਰਾ 'ਚ ਨਸ਼ੀਲੀਆਂ ਗੋਲੀਆਂ ਤੇ ਗੱਡੀਆਂ ਸਮੇਤ ਚਾਰ ਗ੍ਰਿਫ਼ਤਾਰ



**ਬਰਨਾਲਾ (ਰਾਜਿੰਦਰ ਬਰਾੜ)**-ਸੰਦੀਪ ਕੁਮਾਰ ਮਲਿਕ ਐੱਸ ਐੱਸ ਪੀ ਬਰਨਾਲਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਤੇ ਮਾਨਯੋਗ ਡਾਇਰੈਕਟਰ ਜਨਰਲ ਆਫ ਪੁਲਸ, ਪੰਜਾਬ ਚੰਡੀਗੜ੍ਹ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਤਹਿਤ ਸ੍ਰੀ ਰਮਨੀਸ਼ ਕੁਮਾਰ ਚੌਧਰੀ ਕਪਤਾਨ ਪੁਲਸ (ਡੀ) ਬਰਨਾਲਾ, ਸ੍ਰੀ ਮਾਨਵਜੀਤ ਸਿੰਘ, ਉਪ ਕਪਤਾਨ ਪੁਲਸ (ਇਨ.) ਬਰਨਾਲਾ, ਸ੍ਰੀ ਸਤਵੀਰ ਸਿੰਘ ਉਪ ਕਪਤਾਨ ਪੁਲਸ ਸਬ ਡਵੀਜ਼ਨ ਬਰਨਾਲਾ ਦੀ ਯੋਗ ਅਗਵਾਈ ਹੇਠ ਇੰਸ: ਬਲਜੀਤ ਸਿੰਘ ਇੰਚਾਰਜ ਸੀ.ਆਈ.ਏ. ਬਰਨਾਲਾ ਦੀ ਪੁਲਸ ਪਾਰਟੀ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ, ਜਦੋਂ ਸੀ.ਆਈ.ਏ. ਬਰਨਾਲਾ ਵੱਲੋਂ ਮੁਕੱਦਮਾ ਨੰਬਰ 74 ਥਾਣਾ ਤਪਾ ਦਰਜ ਕਰਕੇ ਮੁਲਜ਼ਮ ਸਤਵੀਰ ਸਿੰਘ ਉਰਫ ਰਵੀ ਪੁੱਤਰ ਬਲਜੀਤ ਸਿੰਘ ਵਾਸੀ ਬਨੇਰਾ ਖੁਰਦ ਜ਼ਿਲ੍ਹਾ ਪਟਿਆਲਾ ਤੇ ਜਗਪ੍ਰੀਤ ਸਿੰਘ ਉਰਫ ਜੱਗੀ ਪੁੱਤਰ ਮੇਜਰ ਸਿੰਘ ਵਾਸੀ ਸੁਲਤਾਨਪੁਰ ਜ਼ਿਲ੍ਹਾ ਪਟਿਆਲਾ ਨੂੰ ਬਰਨਾਲਾ-ਬਠਿੰਡਾ ਮੇਨ ਸੜਕ, ਬਾਹੱਦ ਤਪਾ ਤੋਂ ਗੱਡੀ ਨੰਬਰੀ ਐੱਚ ਆਰ 06-8333 ਮਾਰਕਾ ਸਵਿਫਟ 'ਚੋਂ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 18000 ਨਸ਼ੀਲੀਆਂ ਗੋਲੀਆਂ ਮਾਰਕਾ ਐਲਪਰਾਸੇਫ-0.5 ਅਤੇ 2000 ਨਸ਼ੀਲੀਆਂ ਗੋਲੀਆਂ ਮਾਰਕਾ ਟਰਾਮਾਟਰੱਸਟ ਐੱਸ ਆਰ-100 (20 ਹਜ਼ਾਰ ਨਸ਼ੀਲੀਆਂ ਗੋਲੀਆਂ) ਬ੍ਰਾਮਦ ਕਰਵਾਈਆਂ ਗਈਆਂ। ਉਨ੍ਹਾਂ ਦੱਸਿਆ ਕਿ ਮੁਲਜ਼ਮ ਸਤਵੀਰ ਸਿੰਘ ਤੋਂ ਸੰਗਰੂਰ ਰੋਡ ਪਟਿਆਲਾ ਵਿਖੇ ਕਿਰਾਏ 'ਤੇ ਲਈ ਕੋਠੀ ਵਿੱਚੋਂ 30,000 ਨਸ਼ੀਲੀਆਂ ਗੋਲੀਆਂ ਮਾਰਕਾ ਐਲਪਰਾਸੇਫ-0.5 ਤੇ 2000 ਨਸ਼ੀਲੀਆ ਗੋਲੀਆਂ ਖੁੱਲ੍ਹੀਆਂ ਬ੍ਰਾਮਦ ਕਰਵਾਈਆਂ।

ਪੁੱਛ-ਗਿੱਛ ਦੌਰਾਨ ਮੁਲਜ਼ਮਾਂ ਨੇ ਦੱਸਿਆ ਕਿ ਉਹ ਇਹ ਨਸ਼ੀਲੀਆਂ ਗੋਲੀਆਂ ਦਿੱਲੀ ਤੋਂ ਲੈ ਕੇ ਆਏ ਸਨ ਤੇ ਜ਼ਿਲ੍ਹਾ ਬਰਨਾਲਾ ਅਤੇ ਸੰਗਰੂਰ ਦੇ ਏਰੀਆ 'ਚ ਗਾਹਕਾਂ ਨੂੰ ਅੱਗੇ ਸਪਲਾਈ ਕਰਨੀਆਂ ਸਨ। ਇਸੇ ਤਰ੍ਹਾਂ ਗੁਰਬਚਨ ਸਿੰਘ ਸੀ.ਆਈ.ਏ. ਬਰਨਾਲਾ ਨੇ ਸਮੇਤ ਪੁਲਸ ਪਾਰਟੀ ਦੇ ਮੁਲਜ਼ਮ ਮਨਵੀਰ ਸਿੰਘ ਉਰਫ ਮਨੀ ਪੁੱਤਰ ਕੇਸਰ ਸਿੰਘ ਵਾਸੀ ਢੈਂਠਲ ਜ਼ਿਲ੍ਹਾ ਪਟਿਆਲਾ ਨੂੰ ਸਮੇਤ ਕਾਰ ਸਵਿੱਫਟ ਡਿਜਾਇਰ ਨੰਬਰੀ ਪੀ ਬੀ-11 ਏ ਜ਼ੈੱਡ-2615 ਰੰਗ ਸਿਲਵਰ ਬਰਨਾਲਾ-ਸੰਗਰੂਰ ਰੋਡ ਬਾਹੱਦ ਧਨੌਲਾ ਤੋਂ ਕਾਬੂ ਕਰਕੇ ਉਸ ਦੇ ਕਬਜ਼ੇ 'ਚੋਂ 300 ਗ੍ਰਾਮ ਹੈਰੋਇਨ ਚਿੱਟਾ ਨਸ਼ੀਲਾ ਪਦਾਰਥ ਬ੍ਰਾਮਦ ਕੀਤਾ। ਇਸੇ ਲੜੀ ਤਹਿਤ ਥਾਣੇਦਾਰ ਕੁਲਦੀਪ ਸਿੰਘ ਸੀ.ਆਈ.ਏ. ਸਟਾਫ ਬਰਨਾਲਾ ਨੇ ਸਮੇਤ ਪੁਲਸ ਪਾਰਟੀ ਗੁਰਪ੍ਰੀਤ ਸਿੰਘ ਉਰਫ ਮੀਤ ਪੁੱਤਰ ਭੂਰਾ ਸਿੰਘ ਵਾਸੀ ਪਹਾੜਪੁਰ ਜ਼ਿਲ੍ਹਾ ਪਟਿਆਲਾ ਨੂੰ ਫਰਵਾਹੀ ਤੋਂ ਮੋਟਰਸਾਈਕਲ ਨੰਬਰ ਪੀ ਬੀ-11 ਸੀ ਵੀ-5588 ਮਾਰਕਾ ਹੀਰੋ ਸਮੇਤ ਕਾਬੂ ਕਰਕੇ ਉਸ ਦੇ ਕਬਜ਼ੇ ਵਿੱਚੋਂ19,200 ਨਸ਼ੀਲੀਆਂ ਗੋਲੀਆਂ ਮਾਰਕਾ ਐਲਪਰਾਸੇਫ-0.5 ਤੇ 2500 ਨਸ਼ੀਲੀਆਂ ਖੁੱਲ੍ਹੀਆਂ ਗੋਲੀਆਂ (ਕੁੱਲ 21,700 ਨਸ਼ੀਲੀਆਂ ਗੋਲੀਆਂ) ਬ੍ਰਾਮਦ ਕੀਤੀਆਂ ਗਈਆਂ।

# ਫਾਇਨਾਂਸਰਾਂ ਦੀ ਧੱਕੇਸ਼ਾਹੀ ਤੇ ਲੋਕਾਂ ਦੀ ਲੁੱਟ ਵਿਰੁੱਧ ਸੰਘਰਸ਼ ਕਮੇਟੀ ਦਾ ਗਠਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਥਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਪਾਰਕ 'ਚ ਸੰਘਰਸ਼ੀ ਜਥੇਬੰਦੀਆਂ ਦੀ ਇੱਕ ਬੈਠਕ ਸੰਯੁਕਤ ਸਮਾਜ ਸੁਧਾਰ ਸੰਸਥਾ ਪੰਜਾਬ ਦੇ ਸੂਬਾ ਪ੍ਰਧਾਨ ਪਰਮਿੰਦਰ ਸਿੰਘ ਪਾਸਾ ਦੀ ਅਗਵਾਈ ਵਿੱਚ ਹੋਇਆ। ਇਸ ਮੌਕੇ ਫਾਇਨਾਂਸਰਾਂ ਦੀਆਂ ਧੱਕੇਸ਼ਾਹੀਆਂ ਤੇ ਆਮ ਲੋਕਾਂ ਦੀ ਫਾਈਨਾਂਸਰਾਂ ਵੱਲੋਂ ਕੀਤੀ ਜਾ ਰਹੀ ਲੁੱਟ ਖਿਲਾਫ ਪੀੜਤ ਪਰਿਵਾਰਾਂ ਤੇ ਆਮ ਲੋਕਾਂ ਨੂੰ ਲਾਮਬੱਧ ਕੀਤਾ ਗਿਆ। ਇਸ ਮੌਕੇ ਪਰਮਿੰਦਰ ਪਾਸਾ ਦੀ ਅਗਵਾਈ 'ਚ ਦਿਹਾਤੀ ਮਜ਼ਦੂਰ ਸਭਾ ਵੱਲੋਂ ਜਗਜੀਤ ਸਿੰਘ ਜੱਸੇਆਣਾ, ਹਰਜੀਤ ਸਿੰਘ ਮਦਰੱਸਾ ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਨਾਨਕ ਚੰਦ ਬਜਾਜ, ਮਹਿੰਗਾ ਰਾਮ ਦੋਦਾ, ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਤਰਸੇਮ ਸਿੰਘ ਖੁੰਡੇ ਹਲਾਲ ਤੇ ਜਸਵਿੰਦਰ ਸਿੰਘ ਸੰਗੂਧੌਨ, ਮਜ਼੍ਹਬੀ ਸਿੱਖ ਵਾਲਮੀਕੀ ਭਲਾਈ ਫਰੰਟ ਵੱਲੋਂ ਮੰਗਾ ਸਿੰਘ ਬਲਮਗੜ੍ਹ ਤੇ ਰਾਜੂ ਅਬਲੂ ਕੋਟਲੀ, ਸੰਯੁਕਤ ਸਮਾਜ ਸੁਧਾਰ ਸੰਸਥਾ ਪੰਜਾਬ ਵੱਲੋਂ ਅੰਮ੍ਰਿਤ ਪਾਲ, ਬਾਬਾ ਖੇਤਰਪਾਲ ਮੰਦਿਰ ਕਮੇਟੀ ਵੱਲੋਂ ਨਰੇਸ਼ ਕੋਚਾ ਤੇ ਸਮਾਜਿਕ ਪਤਵੰਤਿਆਂ ਵਜੋਂ ਗੁਰਜੰਟ ਸਿੰਘ ਬੱਗੀ (ਸਾਬਕਾ ਐੱਮ ਸੀ), ਪਵਨ ਕੁਮਾਰ, ਸੁਰਿੰਦਰ ਕੁਮਾਰ ਸਣੇ ਪੰਦਰਾਂ ਮੈਂਬਰੀ ਸੰਘਰਸ਼ ਕਮੇਟੀ ਦਾ ਗਠਨ ਕੀਤਾ ਗਿਆ। ਇਸ ਮੌਕੇ ਫਾਇਨਾਂਸਰਾਂ ਦੀ ਲੁੱਟ ਦਾ ਸ਼ਿਕਾਰ ਹੋਏ ਲੋਕਾਂ ਦੇ ਨਾਲ ਮਿਲ ਕੇ ਚਲਾਈ ਸੰਘਰਸ਼ਸ਼ਕਾਰੀ ਮੁਹਿੰਮ ਦੇ ਅੰਤਰਗਤ ਅਗਲੇਰੀ ਬੈਠਕ 25 ਜੂਨ ਨੂੰ ਮੁਕਤੇ ਮੀਨਾਰ ਪਾਰਕ 'ਚ ਰੱਖਣ ਦਾ ਸਰਵ-ਸੰਮਤੀ ਨਾਲ ਫੈਸਲਾ ਕੀਤਾ ਗਿਆ।

# ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਰੋਸ ਰੈਲੀ

## ਪੈਨਸ਼ਨਰਾਂ ਦੇ ਕੰਮ ਕਰਵਾਉਣ ਲਈ ਕਮੇਟੀ ਦਾ ਗਠਨ



**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਤਹਿਸੀਲ ਕੰਪਲੈਕਸ ਵਿਖੇ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਸੰਗਰੂਰ ਵੱਲੋਂ ਪੈਨਸ਼ਨਰਾਂ ਨਾਲ ਪੰਜਾਬ ਸਰਕਾਰ ਵੱਲੋਂ ਕੀਤੀ ਜਾ ਰਹੀ ਬੇਇਨਸਾਫੀ ਤੇ ਵਾਅਦਾ ਖਿਲਾਫੀ ਵਿਰੁੱਧ ਰੋਸ ਰੈਲੀ ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਅਰੋੜਾ ਦੀ ਅਗਵਾਈ ਹੇਠ ਕੀਤੀ ਗਈ। ਐਸੋਸੀਏਸ਼ਨ ਦੇ ਜਨਰਲ ਸਕੱਤਰ ਆਰ. ਐੱਲ. ਪਾਂਧੀ ਵੱਲੋਂ ਮੰਚ ਸੰਚਾਲਨ ਦੌਰਾਨ ਰਾਜ ਕੁਮਾਰ ਅਰੋੜਾ ਜੋ ਕਿ ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ ਤੇ ਮੁੱਖ ਬੁਲਾਰੇ ਨੇ ਕਿਹਾ ਕਿ ਜਦੋਂ ਤੱਕ ਪੈਨਸ਼ਨਰਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਖਾਸ ਕਰਕੇ ਪੇ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ 2.59 ਗੁਣਾਂਕ ਤੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਅਤੇ ਬਕਾਏ ਜਾਰੀ ਨਹੀਂ ਕੀਤੇ ਜਾਂਦੇ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ। ਪੰਜਾਬ ਸਰਕਾਰ ਨੂੰ ਕੁੰਭਕਰਨੀ ਨੀਂਦ ਤੋਂ ਉਠਾਉਣ ਲਈ ਤਿੱਖੇ ਸੰਘਰਸ਼ ਕਰਨੇ ਪੈਣਗੇ। ਅਰੋੜਾ ਨੇ ਕਿਹਾ ਕਿ ਜ਼ਿਲ੍ਹਾ ਸੰਗਰੂਰ ਦੀਆਂ 9 ਯੂਨਿਟਾਂ ਬੜੇ ਵਧੀਆ ਢੰਗ ਨਾਲ ਸ਼ਲਾਘਾਯੋਗ ਕੰਮ ਕਰ ਰਹੀਆਂ ਹਨ ਤੇ ਪੈਨਸ਼ਨਰਾਂ ਦੇ ਹਿੱਤਾਂ ਲਈ ਸੰਘਰਸ਼ ਵੀ ਕਰ ਰਹੀਆਂ ਹਨ। ਉਨ੍ਹਾਂ ਸੰਗਰੂਰ ਦੇ ਵੱਖ ਵੱਖ ਵਿਭਾਗਾਂ 'ਚ ਪੈਨਸ਼ਨਰਾਂ ਦੇ ਕੰਮਾਂ ਨੂੰ ਹੱਲ ਕਰਵਾਉਣ ਲਈ ਜ਼ਿਲ੍ਹਾ ਪੱਧਰ 'ਤੇ ਕਮੇਟੀਆਂ ਬਣਾਉਣ ਦਾ ਐਲਾਨ ਕੀਤਾ, ਜੋ ਕਿ ਵੱਖ ਵੱਖ ਵਿਭਾਗਾਂ 'ਚ ਜਾ ਕੇ ਤੇ ਬੈਂਕਾਂ 'ਚ ਪੈਨਸ਼ਨਰਾਂ ਦੇ ਮਸਲੇ ਹੱਲ ਕਰਵਾਉਣਗੇ।

ਇਨ੍ਹਾਂ 'ਚ ਰਵਿੰਦਰ ਸਿੰਘ ਗੁੱਡੂ, ਆਰ. ਐੱਲ. ਪਾਂਧੀ, ਸੁਰਿੰਦਰ ਸਿੰਘ ਸੋਢੀ, ਰਜਿੰਦਰ ਸਿੰਘ ਚੰਗਾਲ, ਜਗਦੀਸ਼ ਕਾਲੜਾ, ਰਾਜਿੰਦਰ ਗੋਇਲ, ਕਰਨੈਲ ਸਿੰਘ ਸੇਖੋਂ, ਲਾਲ ਚੰਦ ਸੈਣੀ ਆਦਿ ਸ਼ਾਮਲ ਹਨ। ਕੰਮ ਵਾਲੇ ਦਿਨਾਂ 'ਚ ਜ਼ਿਲ੍ਹਾ ਦਫਤਰ, ਜੋਕਿ ਤਹਿਸੀਲ ਕੰਪਲੈਕਸ ਵਿਖੇ ਸਥਿਤ ਹੈ, ਸਵੇਰੇ 10: 30 ਵਜੇ ਤੋਂ ਦੁਪਹਿਰ 2 ਵਜੇ ਤੱਕ ਖੁੱਲ੍ਹਾ ਰਹਿੰਦਾ ਹੈ, ਕਿਸੇ ਪੈਨਸ਼ਨਰ ਨੂੰ ਕਿਸੇ ਵਿਭਾਗ 'ਚ ਕੋਈ ਕੰਮ ਹੈ ਤਾਂ ਇਸ ਸਮੇਂ ਦੌਰਾਨ ਸੰਪਰਕ ਕਰ ਸਕਦਾ ਹੈ। ਇਸ ਮੌਕੇ ਵੱਡੀ ਗਿਣਤੀ 'ਚ ਪੈਨਸ਼ਨਰ ਮੌਜੂਦ ਸਨ।

## ਕਾਤਰਾਂ

### ਸ਼ਾਂਤੀ ਤੇ ਖੁਸ਼ੀ ਦੀਆਂ ਜੜ੍ਹਾਂ ਸਾਡੇ ਅੰਦਰ ਹਨ : ਬੀ ਕੇ ਸ਼ਿਵਾਨੀ



**ਜੈਤੋ (ਸਤੀਸ਼ ਕੁਮਾਰ ਭੀਰੀ)**-ਮਾਊਂਟ ਆਬੂ ਈਸ਼ਵਰੀਆ ਵਿਸ਼ਵਵਿਦਿਆਲਿਆ ਦੇ ਮੋਟੀਵੇਸ਼ਨਲ ਸਪੀਕਰ ਬੀ ਕੇ ਸ਼ਿਵਾਨੀ ਨੇ ਅਧਿਆਤਮਕ ਕੇਂਦਰ ਪਾਂਡਵ ਭਵਨ ਵਿਖੇ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੀਵਨ ਵਿੱਚ ਕਿਸੇ ਦੀ ਕਮੀ ਜਦੋਂ ਸਾਨੂੰ ਮਹਿਸੂਸ ਹੋਣ ਲੱਗੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਜੀਵਨ ਵਿੱਚ ਉਸਦੀ ਮੌਜੂਦਗੀ ਬਹੁਤ ਡੂੰਘੀ ਹੋ ਚੁੱਕੀ ਹੈ। ਯਾਦ ਰਹੇ ਕਿ ਜਿਸਦੇ ਹੱਥ ਖੁਦ ਪਰਮਪਿਤਾ ਪ੍ਰਮਾਤਮਾ ਫੜ ਲੈਂਦੇ ਹਨ, ਉਸਦੀਆਂ ਕਿਸ਼ਤੀਆਂ ਆਪਣੇ ਆਪ ਹੀ ਕਿਨਾਰੇ ਲੱਗ ਜਾਇਆ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਸਭ ਤੋਂ ਵੱਖਰੇ ਰਹੋ ਤੇ ਸਦਾ ਪ੍ਰਮਾਤਮਾ ਦੇ ਪਿਆਰੇ ਬਣੇ ਰਹੋ। ਸ਼ਿਵਾਨੀ ਦੀਦੀ ਨੇ ਬਾਣੀ ਨੂੰ ਜਾਰੀ ਰੱਖਦੇ ਹੋਏ ਕਿਹਾ ਕਿ ਸ਼ਾਂਤੀ ਅਤੇ ਖੁਸ਼ੀ ਦੀਆਂ ਜੜ੍ਹਾਂ ਨਾ ਤਾਂ ਜੰਗਲ ਵਿੱਚ ਹਨ ਤੇ ਨਾ ਹੀ ਬਾਜ਼ਾਰ ਵਿੱਚ। ਇਹ ਤਾਂ ਸਾਡੇ ਅੰਦਰ ਹੀ ਹਨ, ਜਿਸਨੂੰ ਅਸੀਂ ਖੁਦ ਲੱਭਣਾ ਹੈ।

### ਫਲੀਆਂਵਾਲਾ 'ਚ ਲਗਾਈ ਛਬੀਲ

**ਜਲਾਲਾਬਾਦ (ਜੀਤ ਕੁਮਾਰ)**-ਹਾੜ ਮਹੀਨੇ ਦੀ ਸੰਗ੍ਰਾਂਦ ਦੇ ਆਗਮਨ 'ਤੇ ਗਰਮੀ ਤੋਂ ਰਾਹਤ ਪਾਉਣ ਲਈ ਜਲਾਲਾਬਾਦ ਸ਼ਹਿਰ ਤੇ ਵੱਖ ਵੱਖ ਪਿੰਡਾਂ ਵਿੱਚ ਠੰਡੇ-ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈਆਂ, ਜਿਸ ਵਿੱਚ ਲੋਕਾਂ ਨੇ ਤਨ, ਮਨ ਤੇ ਧਨ ਨਾਲ ਸੇਵਾ ਕੀਤੀ ਤੇ ਰਾਹਗੀਰਾਂ ਨੂੰ ਠੰਡਾ-ਮਿੱਠਾ ਪਾਣੀ ਪਿਲਾਇਆ। ਇਸੇ ਤਰ੍ਹਾਂ ਹੀ ਪਿੰਡ ਚੱਕ ਅਰਾਈਆਂਵਾਲਾ ਉਰਫ ਫਲੀਆਂਵਾਲਾ ਦੇ ਨੌਜਵਾਨਾਂ ਵੱਲੋਂ ਜਲਾਲਾਬਾਦ-ਸ਼੍ਰੀ ਮੁਕਤਸਰ ਸਾਹਿਬ ਰੋਡ 'ਤੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ ਅਤੇ ਰਾਹਗੀਰਾਂ ਨੂੰ ਠੰਡਾ ਮਿੱਠਾ ਪਾਣੀ ਪਿਲਾਇਆ ਗਿਆ। ਇਸ ਸੇਵਾ ਕਾਰਜ ਵਿੱਚ ਨੌਜਵਾਨਾਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ।

### ਲੜਕੀਆਂ ਦੇ ਸਕੂਲ ਲਈ 3 ਕਰੋੜ 62 ਲੱਖ ਦੀ ਗ੍ਰਾਂਟ ਜਾਰੀ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਇਲਾਕਾ ਵਾਸੀਆਂ ਤੋਂ ਖ਼ੁਸ਼ੀ ਸਾਂਭੀ ਨਹੀਂ ਜਾ ਰਹੀ ਕਿ ਉਹ ਕਿਹੜੇ ਸ਼ਬਦਾਂ ਨਾਲ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦਾ ਧੰਨਵਾਦ ਕਰਨ। ਆਮ ਆਦਮੀ ਪਾਰਟੀ ਦੇ ਆਗੂ ਬਲਵਿੰਦਰ ਸਿੰਘ ਢਿੱਲੋਂ ਤੇ ਰਾਜ ਰਾਜੂ ਨੇ ਕਿਹਾ ਕਿ ਜਿਸ ਤਰੀਕੇ ਨਾਲ ਸਿੱਖਿਆ, ਸਿਹਤ ਨਾਲ ਜੁੜੇ ਕੰਮਾਂ ਨੂੰ ਆਮ ਆਦਮੀ ਪਾਰਟੀ ਤਰਜ਼ੀਹ ਦੇ ਰਹੀ ਹੈ, ਆਉਣ ਵਾਲੇ ਸਮੇਂ ਵਿੱਚ ਬਹੁਤ ਵਧੀਆ ਨਤੀਜੇ ਸਾਹਮਣੇ ਆਉਣਗੇ। ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਵੱਲੋਂ ਲੌਂਗੋਵਾਲ ਵਿਖੇ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਲਈ 3 ਕਰੋੜ 62 ਲੱਖ ਦੀ ਗ੍ਰਾਂਟ ਤੇ ਨੌਜਵਾਨਾਂ ਲਈ ਖੇਡ ਸਟੇਡੀਅਮ ਲਈ 3 ਕਰੋੜ 96 ਲੱਖ ਰੁਪਏ ਦੀ ਰਾਸ਼ੀ ਨਾਲ ਹੋਣ ਵਾਲੇ ਕੰਮਾਂ ਦਾ ਨੀਂਹ ਪੱਥਰ ਰੱਖਣ ਕੇ ਕੰਮ ਚਾਲੂ ਕਰਾਏ ਗਏ ਹਨ, ਜਿਨ੍ਹਾਂ ਕੰਮਾਂ ਦੀ ਲੰਮੇ ਸਮੇਂ ਤੋਂ ਘਾਟ ਮਹਿਸੂਸ ਹੁੰਦੀ ਆ ਰਹੀ ਸੀ। ਉਨ੍ਹਾਂ ਕਿਹਾ ਕਿ ਕੈਬਨਿਟ ਮੰਤਰੀ ਸ੍ਰੀ ਅਰੋੜਾ ਦੁਆਰਾ ਏਨੀ ਵੱਡੀ ਰਾਸ਼ੀ ਨਾਲ ਉਕਤ ਕੰਮਾਂ ਨੂੰ ਸ਼ੁਰੂ ਕਰਾਉਣਾ ਇਹ ਦਰਸਾਉਂਦਾ ਹੈ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਦੀ ਬਿਹਤਰੀ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ।

### ਰੋਟਰੀ ਕਲੱਬ ਵੱਲੋਂ ਵਿਸ਼ਾਲ ਮੈਡੀਕਲ ਚੈੱਕਅਪ ਕੈਂਪ ਭਲਕੇ

**ਧੂਰੀ (ਸੁਖਦੇਵ ਧੂਰੀ)**-ਲੰਮੇ ਸਮੇਂ ਤੋਂ ਸਮਾਜਿਕ ਕਾਰਜਾਂ ਨੂੰ ਸਮਰਪਤ ਰੋਟਰੀ ਕਲੱਬ ਵੱਲੋਂ ਵਿਸ਼ਾਲ ਮੈਡੀਕਲ ਚੈੱਕਅਪ ਕੈਂਪ 18 ਜੂਨ ਨੂੰ ਮਹੇਸ਼ ਬਿਰਧ ਆਸ਼ਰਮ ਵਿਖੇ ਲਾਇਆ ਜਾ ਰਿਹਾ ਹੈ। ਕਲੱਬ ਦੇ ਪ੍ਰਧਾਨ ਰਜਨੀਸ਼ ਗਰਗ ਰਾਜੂ ਅਤੇ ਸੀਨੀਅਰ ਮੈਂਬਰ ਚਰਨ ਸਿੰਘ ਮੁਸਾਫ਼ਰ ਨੇ ਦੱਸਿਆ ਕਿ ਇਸ ਕੈਂਪ ਵਿੱਚ ਦਿਲ ਦੇ ਰੋਗਾਂ ਦੇ ਮਾਹਿਰ ਡਾਕਟਰ ਸੌਰਵ ਸਰਮਾ ਡੀ ਐਮ (ਕਾਰਡਿਓਲੋਜੀ) ਗੋਲਡ ਮੈਡਲਿਸਟ, ਜੋ ਰਾਜਿੰਦਰਾ ਹਸਪਤਾਲ ਪਟਿਆਲਾ ਦੇ ਗੁਰੂ ਨਾਨਕ ਦੇਵ ਮਲਟੀਸਪੈਸ਼ਲਿਟੀ ਯੂਨਿਟ ਵਿੱਚ ਸੇਵਾਵਾਂ ਨਿਭਾ ਰਹੇ ਹਨ, ਮਰੀਜ਼ਾਂ ਦਾ ਚੈੱਕਅਪ ਕਰਕੇ ਲੋੜੀਂਦੀਆਂ ਦਵਾਈਆਂ ਮੁਫ਼ਤ ਮੁਹੱਈਆ ਕਰਾਉਣਗੇ। ਵਰਨਣਯੋਗ ਹੈ ਕਿ ਡਾਕਟਰ ਸੌਰਵ ਸ਼ਰਮਾ ਬਤੌਰ ਮਾਹਿਰ ਸਰਜਨ ਸੇਵਾਵਾਂ ਨਿਭਾ ਰਹੇ ਡਾਕਟਰ ਕੇ. ਐਨ. ਸ਼ਰਮਾ ਦਾ ਹੋਣਹਾਰ ਸਪੁੱਤਰ ਹਨ। ਇਸੇ ਤਰ੍ਹਾਂ ਦੰਦਾਂ ਦੇ ਮਰੀਜ਼ਾਂ ਦੇ ਚੈੱਕਅਪ ਲਈ ਗੁਰੂ ਨਾਨਕ ਦੇਵ ਡੈਂਟਲ ਹਸਪਤਾਲ ਸੁਨਾਮ ਦੀ ਟੀਮ ਪਹੁੰਚ ਰਹੀ ਹੈ ਤੇ ਅੱਖਾਂ ਦੇ ਮਰੀਜ਼ਾਂ ਦੀ ਜਾਂਚ ਲਈ ਡਾਕਟਰ ਸੰਦੀਪ ਢੰਡ ਤੇ ਡਾਕਟਰ ਰਮੇਸ਼ ਸ਼ਰਮਾ ਦੀ ਅਗਵਾਈ ਵਿੱਚ ਮਾਹਿਰ ਡਾਕਟਰਾਂ ਦੀ ਟੀਮ ਆਪਣੀਆਂ ਸੇਵਾਵਾਂ ਨਿਭਾਏਗੀ। ਰੋਟਰੀ ਕਲੱਬ ਦੇ ਜਨਰਲ ਸਕੱਤਰ ਐਡਵੋਕੇਟ ਸੁਮਿਤ ਜੈਨ ਅਤੇ ਵਿੱਤ ਸਕੱਤਰ ਹੁਕਮ ਚੰਦ ਸਿੰਗਲਾ ਨੇ ਦੱਸਿਆ ਕਿ ਇਸ ਵਿਸ਼ਾਲ ਮੈਡੀਕਲ ਚੈੱਕਅਪ ਕੈਂਪ ਵਿੱਚ ਭਾਗ ਲੈਣ ਵਾਲੇ ਮਰੀਜ਼ਾਂ ਦੀ ਸੁਖ-ਸੁਵਿਧਾ ਦਾ ਪੂਰਾ ਖਿਆਲ ਰੱਖਿਆ ਜਾਵੇਗਾ। ਉਨ੍ਹਾਂ ਸਮੂਹ ਇਲਾਕਾ ਵਾਸੀਆਂ ਨੂੰ ਵਧ-ਚੜ੍ਹ ਕੇ ਇਸ ਕੈਂਪ ਦਾ ਲਾਹਾ ਲੈਣ ਦੀ ਬੇਨਤੀ ਕੀਤੀ।

# ਸੰਧਵਾਂ ਦੇ ਯਤਨਾ ਸਦਕਾ ਗਊਸ਼ਾਲਾ ਕਮੇਟੀ ਤੇ ਮੁਹੱਲਾ ਵਾਸੀਆਂ 'ਚ ਟਕਰਾਅ ਟਲ਼ਿਆ

## ਵਿਵਾਦਤ 2 ਏਕੜ ਜ਼ਮੀਨ 'ਤੇ ਹੁਣ ਆਰਗੈਨਿਕ ਸਬਜ਼ੀਆਂ ਦੀ ਹੋਵੇਗੀ ਕਾਸ਼ਤ

**ਫਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ/ਰਛਪਾਲ ਭੁੱਲਰ)**



ਸਥਾਨਕ ਗਊਸ਼ਾਲਾ ਪ੍ਰਬੰਧਕ ਕਮੇਟੀ ਵੱਲੋਂ ਰਿਹਾਇਸ਼ੀ ਇਲਾਕੇ ਵਿੱਚ ਝੋਨਾ ਲਵਾਉਣ ਦੇ ਮਾਮਲੇ ਨੂੰ ਲੈ ਕੇ ਛਿੜਿਆ ਵਿਵਾਦ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਦੇ ਦਖਲ ਨਾਲ ਹੱਲ ਹੋਣ ਦੀ ਸੰਭਾਵਨਾ ਬਣੀ ਹੈ। ਜ਼ਿਕਰਯੋਗ ਹੈ ਕਿ ਵਾਰਡ ਨੰਬਰ 4 ਤੇ 5 ਦੇ ਵਸਨੀਕਾਂ ਨੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਤੇ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਸਮੇਤ ਵੱਖ ਵੱਖ ਉੱਚ ਅਧਿਕਾਰੀਆਂ ਨੂੰ ਲਿਖਤੀ ਸ਼ਿਕਾਇਤਾਂ ਭੇਜ ਕੇ ਮੰਗ ਕੀਤੀ ਸੀ ਕਿ ਸਥਾਨਕ ਸਿੱਖਾਂਵਾਲਾ ਸੜਕ 'ਤੇ ਸਥਿਤ ਗਊਸ਼ਾਲਾ ਦੇ ਆਲੇ ਦੁਆਲੇ ਰਿਹਾਇਸ਼ੀ ਵਸੋਂ ਹੋਣ ਕਰਕੇ ਗਊਸ਼ਾਲਾ ਕਮੇਟੀ ਵੱਲੋਂ ਉਕਤ ਜ਼ਮੀਨ ਠੇਕੇ 'ਤੇ ਦੇ ਕੇ ਝੋਨੇ ਦੀ ਖੇਤੀ ਕਰਵਾਈ ਜਾਂਦੀ ਹੈ, ਜਿਸ ਨਾਲ ਝੋਨੇ ਨੂੰ ਪਾਣੀ ਲਾਉਣ ਮੌਕੇ ਜਿੱਥੇ ਉੱਥੋਂ ਦੇ ਵਸਨੀਕਾਂ ਦੇ ਘਰ ਢਹਿਣ ਦਾ ਡਰ ਪੈਦਾ ਹੁੰਦਾ ਹੈ, ਉੱਥੇ ਪਾਣੀ ਜਮ੍ਹਾਂ ਰਹਿਣ ਕਾਰਨ ਭਿਆਨਕ ਬਿਮਾਰੀਆਂ ਤੇ ਡੇਂਗੂ ਫੈਲਣ ਦਾ ਖਦਸ਼ਾ ਮੰਡਰਾਇਆ ਰਹਿੰਦਾ ਹੈ। ਗਊਸ਼ਾਲਾ ਕਮੇਟੀ ਦਾ ਦਾਅਵਾ ਸੀ ਕਿ ਪਿਛਲੇ ਸਾਲ 4 ਏਕੜ 'ਚ ਰਿਹਾਇਸ਼ੀ ਇਲਾਕੇ ਵਾਲੀ ਥਾਂ ਵਿੱਚ ਗਊਆਂ ਦੇ ਚਾਰੇ ਲਈ ਅਰਥਾਤ ਪੱਠਿਆਂ ਦੀ ਬਿਜਾਈ ਕੀਤੀ ਸੀ, ਬਾਕੀ ਝੋਨੇ ਦੀ ਬਿਜਾਈ ਲਈ ਉਹ ਮੇਨ ਸੜਕ ਵਾਲੀ ਜਗਾ ਠੇਕੇ 'ਤੇ ਦੇ ਰਹੇ ਹਨ ਪਰ ਮੁਹੱਲਾ ਵਾਸੀ ਉਕਤ ਫੈਸਲੇ ਦੇ ਵਿਰੋਧ 'ਚ ਸੰਘਰਸ਼ ਲਈ ਤਿਆਰ ਹੋ ਗਏ, ਦੋਨੋਂ ਧਿਰਾਂ ਆਪੋ ਆਪਣੇ ਤੌਰ 'ਤੇ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਕੋਲ ਪੁੱਜੀਆਂ, ਆਪੋ ਆਪਣੇ ਪੱਖ ਰੱਖੇ, ਸਪੀਕਰ ਸੰਧਵਾਂ ਨੇ ਦੋਨਾਂ ਧਿਰਾਂ ਦੇ ਪੱਖ ਸੁਣ ਕੇ ਉਕਤ ਵਿਵਾਦ ਪਨਪਣ ਤੋਂ ਰੋਕਣ ਲਈ ਉਸ ਜਗਾ ਆਰਗੈਨਿਕ ਸਬਜ਼ੀਆਂ ਉਗਾਉਣ ਦੀ ਸਲਾਹ ਦਿੱਤੀ, ਜਿਸ ਨੂੰ ਦੋਨਾਂ ਧਿਰਾਂ ਨੇ ਪ੍ਰਵਾਨ ਕਰ ਲਿਆ।

ਇੰਜੀ. ਸੁਖਜੀਤ ਸਿੰਘ ਢਿੱਲਵਾਂ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਫਰੀਦਕੋਟ, ਗੁਰਮੀਤ ਸਿੰਘ ਆਰੇਵਾਲਾ ਚੇਅਰਮੈਨ ਮਾਰਕਿਟ ਕਮੇਟੀ ਕੋਟਕਪੂਰਾ, ਜਗਸੀਰ ਸਿੰਘ ਗਿੱਲ ਪ੍ਰਧਾਨ ਟਰੱਕ ਯੂਨੀਅਨ ਕੋਟਕਪੂਰਾ, ਮਨਪ੍ਰੀਤ ਸਿੰਘ ਮਣੀ ਧਾਲੀਵਾਲ ਪੀਆਰਓ, ਅਮਨਦੀਪ ਸਿੰਘ ਸੰਧੂ ਪੀ.ਏ. ਸਮੇਤ ਸਮੂਹ ਮੁਹੱਲਾ ਵਾਸੀਆਂ ਤੇ ਵੱਖ ਵੱਖ ਸਮਾਜਸੇਵੀ ਸੰਸਥਾਵਾਂ ਤੇ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸਪੀਕਰ ਸੰਧਵਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਉਕਤ ਫੈਸਲੇ ਨਾਲ ਜਿੱਥੇ ਟਕਰਾਅ ਟਲੇਗਾ, ਸ਼ਹਿਰ ਵਾਸੀਆਂ ਨੂੰ ਫਾਇਦਾ ਮਿਲੇਗਾ, ਉੱਥੇ ਹੋਰਨਾਂ ਨੂੰ ਵੀ ਆਰਗੈਨਿਕ ਖੇਤੀ ਤੇ ਸਬਜ਼ੀਆਂ ਦੀ ਕਾਸ਼ਤ ਕਰਨ ਦੀ ਪ੍ਰੇਰਨਾ ਮਿਲਣੀ ਸੁਭਾਵਿਕ ਹੈ।

## ਭਗੌੜਾ ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਕੂੰਮਕਲਾਂ ਪੁਲਸ ਵੱਲੋਂ ਮਾਨਯੋਗ ਅਦਾਲਤ ਵੱਲੋਂ ਭਗੌੜਾ ਕਰਾਰ ਛਿੰਦਰਪਾਲ ਸਿੰਘ ਵਾਸੀ ਬਲੀਏਵਾਲ ਨੂੰ ਗ੍ਰਿਫ਼ਤਾਰ ਕੀਤਾ ਹੈ। ਥਾਣਾ ਮੁਖੀ ਪਰਮਜੀਤ ਸਿੰਘ ਨੇ ਦੱਸਿਆ ਕਿ ਛਿੰਦਰਪਾਲ ਸਿੰਘ ਖਿਲਾਫ਼ 20-4-2018 ਨੂੰ ਮਾਈਨਿੰਗ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਮਾਨਯੋਗ ਅਦਾਲਤ ਵੱਲੋਂ 16-3-2023 ਨੂੰ ਇਸ ਨੂੰ ਭਗੌੜਾ ਕਰਾਰ ਦੇ ਦਿੱਤਾ, ਜਿਸ 'ਤੇ ਪੁਲਸ ਨੇ ਅੱਜ ਇਸ ਨੂੰ ਗ੍ਰਿਫ਼ਤਾਰ ਕਰ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ।

## ਸਮੈਕ ਸਮੇਤ ਕਾਬੂ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਪੁਲਸ ਵੱਲੋਂ 4 ਗ੍ਰਾਮ ਸਮੈਕ ਸਮੇਤ ਅਜੈ ਕੁਮਾਰ ਵਾਸੀ ਬਹਿਲੋਲਪੁਰ ਨੂੰ ਗ੍ਰਿਫ਼ਤਾਰ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਪ੍ਰਮੋਦ ਕੁਮਾਰ ਵੱਲੋਂ ਪਿੰਡ ਬਹਿਲੋਲਪੁਰ ਨੇੜੇ ਪੁਲਸ ਪਾਰਟੀ ਸਮੇਤ ਗਸ਼ਤ ਕੀਤੀ ਜਾ ਰਹੀ ਸੀ ਤਾਂ ਇੱਕ ਨੌਜਵਾਨ ਝਾੜ ਸਾਹਿਬ ਵੱਲੋਂ ਪੈਦਲ ਆਉਂਦਾ ਦਿਖਾਈ ਦਿੱਤਾ। ਪੁਲਸ ਪਾਰਟੀ ਨੂੰ ਦੇਖ ਨੌਜਵਾਨ ਸ਼ੱਕੀ ਹਾਲਤ ਵਿੱਚ ਵਾਪਸ ਮੁੜਨ ਲੱਗਾ, ਜਿਸ ਨੂੰ ਕਾਬੂ ਕਰ ਲਿਆ ਗਿਆ ਅਤੇ ਇਸ ਦੀ ਪਹਿਚਾਣ ਅਜੈ ਕੁਮਾਰ ਵਜੋਂ ਹੋਈ। ਪੁਲਸ ਨੇ ਤਲਾਸ਼ੀ ਦੌਰਾਨ 4 ਗ੍ਰਾਮ ਸਮੈਕ ਬਰਾਮਦ ਕਰ ਮਾਮਲਾ ਦਰਜ ਕਰ ਲਿਆ ਹੈ।

# ਐੱਨ ਸੀ ਸੀ ਕੈਂਪ ਮੌਕੇ ਪੀ ਟੀ ਤੇ ਯੋਗ ਆਸਣ ਕਰਾਏ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-14 ਪੰਜਾਬ ਬਟਾ. ਐਨ.ਸੀ.ਸੀ. ਨਾਭਾ ਦੇ ਕਮਾਂਡਿੰਗ ਅਫ਼ਸਰ ਕਰਨਲ ਅਰਵਿੰਦ ਕੁਮਾਰ ਸੂਦ ਦੀ ਅਗਵਾਈ ਹੇਠ ਸਰਵ ਹਿਤਕਾਰੀ ਵਿੱਦਿਆ ਮੰਦਰ ਮਲੇਰਕੋਟਲਾ ਵਿਖੇ ਚੱਲ ਰਹੇ 'ਏਕ ਭਾਰਤ ਸ੍ਰੇਸ਼ਟ ਭਾਰਤ' ਦੇ ਕੌਮੀ ਪੱਧਰੀ ਐਨ.ਸੀ.ਸੀ ਕੈਂਪ ਦੇ ਤੀਜੇ ਦਿਨ ਸਵੇਰੇ ਪੀ.ਟੀ. ਤੇ ਯੋਗ ਆਸਣ ਕਰਾਏ ਗਏ। ਵੱਖ-ਵੱਖ ਕੰਪਨੀਆਂ ਦੇ ਵਾਲੀਬਾਲ, ਰੱਸਾਕਸ਼ੀ ਤੇ ਖੋ-ਖੋ ਦੇ ਮੁਕਾਬਲੇ ਕਰਾਏ ਗਏ। ਇਸ ਉਪਰੰਤ ਏਡਜ਼ ਜਾਗਰੂਕਤਾ ਸਬੰਧੀ ਹਸਪਤਾਲ ਮਲੇਰਕੋਟਲਾ ਦੀ ਟੀਮ ਵੱਲੋਂ ਲੈਕਚਰ ਦਿੱਤਾ ਗਿਆ, ਇਸ ਉਪਰੰਤ ਸੈਨਾ ਭਰਤੀ ਦਫ਼ਤਰ ਪਟਿਆਲਾ ਦੀ ਟੀਮ ਵੱਲੋਂ ਕੈਡਿਟਾਂ ਨੂੰ ਫੌਜ ਵਿੱਚ ਭਰਤੀ ਹੋਣ ਸਬੰਧੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ। ਦੁਪਹਿਰ ਤੋਂ ਬਾਅਦ ਬਠਿੰਡਾ ਤੋਂ ਪਹੁੰਚੀ 07 ਐ.ਡੀ.ਆਰ. ਐੱਫ. ਕੰਪਨੀ ਵੱਲੋਂ ਕੁਦਰਤੀ ਆਫ਼ਤਾਂ ਸਮੇਂ ਕੀਤੇ ਜਾਣ ਵਾਲੇ ਬਚਾਅ ਕਾਰਜਾਂ ਬਾਰੇ ਵਿਸਥਾਰ ਸਹਿਤ ਦੱਸਿਆ ਗਿਆ ਤੇ ਆਪਣੇ ਸਮਾਨ ਦੀ ਪ੍ਰਦਰਸ਼ਨੀ ਲਾਈ ਗਈ। ਸ਼ਾਮ ਨੂੰ ਫਿਰ ਖੇਡਾਂ ਦੇ ਮੁਕਾਬਲੇ ਕਰਾਏ ਗਏ। ਆਂਧਰਾ ਪ੍ਰਦੇਸ਼ ਤੇ ਤੇਲਗਾਨਾ ਪ੍ਰਦੇਸ਼ ਦੇ ਕੈਡਿਟਾਂ ਨੂੰ ਸ਼ਹੀਦ ਊਧਮ ਸਿੰਘ ਸਮਾਰਕ ਸੁਨਾਮ, ਜਲ ਬਿਜਲੀ ਘਰ ਧੂਰੀ, ਵੱਡਾ ਘੱਲੂਘਾਰਾ ਕੁੱਪ ਕਲਾਂ ਅਤੇ ਨਾਮਧਾਰੀ ਸ਼ਹੀਦੀ ਸਮਾਰਕ ਦੀ ਯਾਤਰਾ ਕਰਾਈ ਗਈ। ਡਿਪਟੀ ਕੈਂਪ ਕਮਾਂਡੈਂਟ ਕਰਨਲ ਹਰਬਿੰਦ ਪਰਮਾਰ ਨੇ ਦੱਸਿਆ ਕਿ ਇਸ ਕੈਂਪ ਵਿਚ ਐਨ. ਸੀ.ਸੀ. ਅਫ਼ਸਰ ਕੈਪਟਨ ਓਮ ਪ੍ਰਕਾਸ਼ ਸੇਤੀਆ (ਐਡਜੁਟੇਂਟ), ਲੈਫਟੀਨੈਂਟ ਗੁਰਪ੍ਰੀਤ ਕੌਰ, ਸੈਕਿੰਡ ਅਫ਼ਸਰ ਗੁਰਪ੍ਰੀਤ ਸਿੰਘ (ਕੈਂਪ ਕੁਆਟਰ ਮਾਸਟਰ), ਸੂਬੇਦਾਰ ਮੇਜਰ ਬਰਜਵੀਰ ਸਿੰਘ, ਸੂਬੇਦਾਰ ਸਤਨਾਮ ਸਿੰਘ, ਫਸਟ ਅਫਸਰ ਜੈਯੰਤੀ, ਲੈਫ. ਅਮਿਤ ਕੁਮਾਰ ਸਰਮਾ, ਲੈਫ. ਬਾਬੂ ਰਾਵ, ਸੈਕਿੰਡ ਅਫ਼ਸਰ ਨੀਤਾ ਚੌਹਾਨ, ਥਰਡ ਅਫ਼ਸਰ ਰਮਨਦੀਪ ਸਰਮਾ, ਬਲਵਿੰਦਰ ਸਿੰਘ, ਸਚਿਨ ਦੀਵਾਨ ਤੇ ਪੀ. ਆਈ. ਸਟਾਫ਼ ਵੱਲੋਂ ਉੱਚ ਪਧਰ ਦੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਪਟਿਆਲਾ ਗਰੁੱਪ ਦੇ ਕਮਾਂਡਰ ਬ੍ਰਿਗੇਡੀਅਰ ਰਾਜੀਵ ਸ਼ਰਮਾ ਕੈਂਪ ਦਾ ਨਿਰੀਖਣ ਕਰਨ ਲਈ ਵਿਸ਼ੇਸ਼ ਰੂਪ ਵਿੱਚ ਪਹੁੰਚ ਰਹੇ ਹਨ।

# ਲਾਡੀ ਢੋਸ ਨੂੰ ਯੂਥ ਵਿੰਗ ਦਾ ਪ੍ਰਧਾਨ ਨਿਯੁਕਤ ਕਰਨ 'ਤੇ ਇਲਾਕੇ ਦਾ ਮਾਣ ਵਧਿਆ : 'ਆਪ' ਆਗੂ



**ਕੋਟ ਈਸੇ ਖਾਂ (ਅਰੋੜਾ)**-ਆਮ ਆਦਮੀ ਪਾਰਟੀ ਦੀ ਹਾਈਕਮਾਂਡ ਵੱਲੋਂ ਹਲਕਾ ਧਰਮਕੋਟ ਤੋਂ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੂੰ ਯੂਥ ਵਿੰਗ ਪੰਜਾਬ ਦਾ ਪ੍ਰਧਾਨ ਥਾਪਿਆ ਗਿਆ ਹੈ, ਜਿਸ ਨਾਲ ਪੂਰੇ ਇਲਾਕੇ ਦਾ ਮਾਣ ਵਧਿਆ ਹੈ ਅਤੇ ਪਾਰਟੀ ਆਗੂਆਂ ਤੇ ਵਰਕਰਾਂ ਅੰਦਰ ਖ਼ੁਸ਼ੀ ਪਾਈ ਜਾ ਰਹੀ ਹੈ ਅਤੇ ਉਨ੍ਹਾਂ ਦਾ ਸਵਾਗਤ ਕੀਤਾ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਧਰਮਕੋਟ ਤੋਂ 'ਆਪ' ਆਗੂ ਤਲਵਿੰਦਰ ਸਿੰਘ ਉਮਰੀਆਣਾ, ਡਾ. ਮਨਦੀਪ ਸਿੰਘ ਕੰਗ ਚੂਹੜਚੱਕ, ਨਿਰਵੈਰ ਸਿੰਘ ਅਟਾਰੀ, ਸਿਮਰਨਜੀਤ ਸਿੰਘ ਆਦਿ ਆਗੂਆਂ ਨੇ ਕੀਤਾ। 'ਆਪ' ਆਗੂਆਂ ਨੇ ਵਿਧਾਇਕ ਲਾਡੀ ਢੋਸ ਨੂੰ ਵਧਾਈ ਦਿੱਤੀ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਸਮੁੱਚੀ ਹਾਈਮਕਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਿਧਾਇਕ ਲਾਡੀ ਢੋਸ ਵੱਲੋਂ ਹਲਕੇ ਅੰਦਰ ਬਹੁਤ ਵਧੀਆ ਢੰਗ ਨਾਲ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ, ਜਿਨ੍ਹਾਂ ਦੀ ਕਾਬਲੀਅਤ ਨੂੰ ਦੇਖਦਿਆਂ ਹੋਇਆ ਹੀ ਢੋਸ ਸਾਹਿਬ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ ਤੇ ਉਨ੍ਹਾਂ ਕਿਹਾ ਕਿ ਲਾਡੀ ਢੋਸ ਦੀ ਇਸ ਨਿਯੁਕਤੀ ਨਾਲ ਪਾਰਟੀ ਨੂੰ ਯੂਥ ਵਿੱਚ ਬਹੁਤ ਮਜਬੂਤੀ ਮਿਲੇਗੀ। ਉਨ੍ਹਾਂ ਕਿਹਾ ਕਿ ਵਿਧਾਇਕ ਲਾਡੀ ਢੋਸ ਵੱਲੋਂ ਹਲਕਾ ਵਾਸੀਆਂ ਨਾਲ ਜੋ ਵੀ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ, ਜਿਸ ਨਾਲ ਹਲਕਾ ਵਾਸੀ ਬਾਗ਼ੋ-ਬਾਗ਼ ਹਨ।

# ਕੁੱਲ ਹਿੰਦ ਕਿਸਾਨ ਸਭਾ ਵੱਲੋਂ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸੂਬਾ ਸਰਕਾਰ ਵੱਲੋਂ ਪਿਛਲੇ ਦਿਨੀਂ ਡੀਜ਼ਲ ਤੇ ਪੈਟਰੋਲ ਦੀਆਂ ਕੀਮਤਾਂ ਵਿੱਚ ਕੀਤੇ ਗਏ ਵਾਧੇ ਦੇ ਰੋਸ ਵਜੋਂ ਕੁੱਲ ਹਿੰਦ ਕਿਸਾਨ ਸਭਾ ਦੇ ਵਰਕਰਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਂਅ ਮੰਗ ਪੱਤਰ ਨਾਇਬ ਤਹਿਸੀਲਦਾਰ ਭੀਮ ਸੈਨ ਨੂੰ ਸੌਂਪਿਆ। ਵਫਦ ਦੀ ਅਗਵਾਈ ਕਰ ਰਹੇ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਕਾਮਰੇਡ ਕੁਲਵੰਤ ਸਿੰਘ ਮੌਲਵੀਵਾਲਾ ਨੇ ਕਿਹਾ ਕਿ ਪਿਛਲੇ ਦਿਨੀਂ ਪੰਜਾਬ ਸਰਕਾਰ ਨੇ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧਾ ਕਰਕੇ ਕਿਸਾਨਾਂ ਅਤੇ ਆਮ ਲੋਕਾਂ ਦੀਆਂ ਜੇਬਾਂ ਉੱਤੇ ਭਾਰੀ ਬੋਝ ਪਾਇਆ ਹੈ। ਕਿਸਾਨੀ ਪਹਿਲਾਂ ਹੀ ਕਰਜ਼ੇ ਦੇ ਬੋਝ ਹੇਠਾਂ ਦੱਬੀ ਹੋਈ ਹੈ ਅਤੇ ਕੇਂਦਰ ਤੇ ਸੂਬਾ ਸਰਕਾਰਾਂ ਸਰਕਾਰਾਂ ਦੀਆਂ ਖੇਤੀ ਨੀਤੀਆਂ ਕਰਕੇ ਖੇਤੀ ਘਾਟੇ ਦਾ ਸੌਦਾ ਬਣ ਕੇ ਰਹਿ ਗਈ ਹੈ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਲੋਕ ਭਲਾਈ ਦੇ ਵੱਡੇ-ਵੱਡੇ ਫੈਸਲੇ ਕਰਨ ਦਾ ਦਾਅਵਾ ਕੀਤਾ ਸੀ, ਪਰ ਪਿਛਲੇ ਕੁੱਝ ਹੀ ਸਮੇਂ ਅੰਦਰ ਸਰਕਾਰ ਵੱਲੋਂ ਵੀ ਲੋਕਾਂ ਉਤੇ ਆਰਥਿਕ ਬੋਝ ਪਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਡੀਜ਼ਲ ਅਤੇ ਪੈਟਰੋਲ ਦੀਆਂ ਕੀਮਤਾਂ ਵਿੱਚ ਕੀਤਾ ਗਿਆ ਵਾਧਾ ਇਨ੍ਹਾਂ ਵਿਚੋਂ ਇਕ ਹੈ। ਉਨ੍ਹਾਂ ਕਿਹਾ ਕਿ ਸਾਉਣੀ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਡੀਜ਼ਲ ਦੀ ਵਰਤੋਂ ਬਹੁਤ ਜ਼ਿਆਦਾ ਕਰਨੀ ਪੈਂਦੀ ਹੈ। ਇਸ ਲਈ ਕਿਸਾਨਾਂ ਉਤੇ ਕੀਤੇ ਗਏ ਵਾਧੇ ਦਾ ਸਿੱਧਾ ਅਸਰ ਪਵੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਘਰੇਲੂ ਬਿਜਲੀ ਸਪਲਾਈ ਵਾਲੇ ਮੀਟਰ ਦੇ ਸੜਨ ਦੀ ਹਾਲਤ ਵਿੱਚ ਬਦਲਾਉਣ ਲਈ ਭਰੀ ਜਾਣ ਵਾਲੀ 540/- ਰੁਪਏ ਤੋਂ ਵਧਾ ਕੇ 1500/- ਰੁਪਏ ਤੇ ਨਵਾਂ ਕੁਨੈਕਸ਼ਨ ਲੈਣ ਲਈ ਸਕਿਊਰਿਟੀ ਫੀਸ 1500/- ਰੁਪਏ ਤੋਂ ਵਧਾ ਕੇ 2200/- ਰੁਪਏ ਕਰ ਦਿੱਤੀ ਗਈ ਹੈ, ਜੋ ਕਿਸੇ ਵੀ ਤਰ੍ਹਾਂ ਵਾਜਬ ਨਹੀਂ ਅਤੇ ਆਮ ਲੋਕਾਂ ਨਾਲ ਸਰਾਸਰ ਧੱਕਾ ਹੈ। ਜਥੇਬੰਦੀ ਦੇ ਵਰਕਰਾਂ ਨੇ ਮੰਗ ਕੀਤੀ ਕਿ ਉਪਰੋਕਤ ਕੀਤੇ ਗਏ ਵਾਧੇ ਤੁਰੰਤ ਵਾਪਸ ਲਏ ਜਾਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਿਸਾਨ ਆਗੂ ਜਗਜੀਤ ਸਿੰਘ ਦੁਗਾਲ, ਕਾਮਰੇਡ ਜਸਵੰਤ ਸਿੰਘ, ਅਮਰਜੀਤ ਸਿੰਘ, ਜਸਵਿੰਦਰ ਸਿੰਘ ਖੇੜੀ, ਕੁਲਦੀਪ ਸਿੰਘ ਗਲੋਲੀ, ਕਿਰਪਾਲ ਸਿੰਘ ਕੰਬੋਜ ਤੇ ਸਤਨਾਮ ਸਿੰਘ ਮੌਲਵੀਵਾਲਾ ਹਾਜ਼ਰ ਸਨ।

# ਨਗਰ ਕੌਂਸਲ ਦੇ ਸੀਨੀ. ਮੀਤ ਪ੍ਰਧਾਨ ਅਮਰਜੀਤ ਸਿੰਘ ਮਾਲਵਾ ਦਾ ਤਾਜਪੋਸ਼ੀ ਸਮਾਗਮ



**ਜਗਰਾਓਂ (ਅਮਿਤ ਖੰਨਾ, ਸੰਜੀਵ ਅਰੋੜਾ)**-ਨਗਰ ਕੌਂਸਲ ਜਗਰਾਉਂ ਦੇ ਨਵੇਂ ਚੁਣੇ ਗਏ ਸੀਨੀਅਰ ਮੀਤ ਪ੍ਰਧਾਨ ਅਮਰਜੀਤ ਸਿੰਘ ਮਾਲਵਾ ਦਾ ਤਾਜਪੋਸ਼ੀ ਸਮਾਰੋਹ ਨਗਰ ਕੌਂਸਲ ਦਫਤਰ ਵਿੱਚ ਹੋਇਆ, ਜਿਸ ਵਿੱਚ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂਕੇ ਸਮੇਤ ਨਗਰ ਕੌਂਸਲ ਦੇ ਕੌਂਸਲਰਾਂ ਤੋਂ ਇਲਾਵਾ ਵੱਡੀ ਗਿਣਤੀ 'ਚ ਵੱਖ-ਵੱਖ ਸੰਸਥਾਵਾਂ ਦੇ ਅਹੁਦੇਦਾਰ ਤੇ ਸ਼ਹਿਰ ਦੇ ਪਤਵੰਤੇ ਹਾਜ਼ਰ ਸਨ। ਇਸ ਦੌਰਾਨ ਵਿਧਾਇਕ ਮਾਣੂਕੇ, ਐੱਸ.ਡੀ.ਐੱਮ. ਮਨਜੀਤ ਕੌਰ, ਸੀਨੀਅਰ ਆਪ ਆਗੂ ਪ੍ਰੋ. ਸੁਖਵਿੰਦਰ ਸਿੰਘ ਸੁੱਖੀ, ਤਹਿਸੀਲਦਾਰ ਮਨਮੋਹਨ ਕੌਸ਼ਿਕ, ਨਾਇਬ ਤਹਿਸੀਲਦਾਰ ਗੁਰਦੀਪ ਸਿੰਘ ਤੇ ਕਾਰਜ ਸਾਧਕ ਅਫਸਰ ਸੁਖਦੇਵ ਸਿੰਘ ਰੰਧਾਵਾ ਨੇ ਕੌਂਸਲਰ ਮਾਲਵਾ ਦਾ ਮੂੰਹ ਮਿੱਠਾ ਕਰਵਾ ਕੇ ਉਨ੍ਹਾਂ ਨੂੰ ਸੀਨੀਅਰ ਮੀਤ ਪ੍ਰਧਾਨ ਦੇ ਦਫਤਰ ਵਿੱਚ ਕੁਰਸੀ 'ਤੇ ਬਿਠਾਇਆ। ਇਸ ਦੌਰਾਨ ਵਿਧਾਇਕ ਸਰਵਜੀਤ ਕੌਰ ਮਾਣੂਕੇ ਨੇ ਸੀਨੀਅਰ ਮੀਤ ਪ੍ਰਧਾਨ ਅਮਰਜੀਤ ਸਿੰਘ ਮਾਲਵਾ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਹੁਣ ਉਨ੍ਹਾਂ ਦੀ ਜ਼ਿੰਮੇਵਾਰੀ ਵੱਧ ਗਈ ਹੈ। ਇਸ ਲਈ ਉਹ ਸ਼ਹਿਰ ਦੇ ਰੁਕੇ ਹੋਏ ਵਿਕਾਸ ਕਾਰਜਾਂ ਨੂੰ ਹੁਲਾਰਾ ਦੇਣ ਲਈ ਦਿਨ-ਰਾਤ ਇੱਕ ਕਰ ਦੇਣ, ਜਿਸ ਨਾਲ ਨਗਰ ਕੌਂਸਲ ਜਗਰਾਉਂ ਦੇ ਪ੍ਰਭਾਵਿਤ ਪਏ ਵਿਕਾਸ ਦੇ ਕੰਮਾਂ ਨੂੰ ਸੰਚਾਰੂ ਢੰਗ ਨਾਲ ਚਲਾ ਕੇ ਜੰਗੀ ਪੱਧਰ 'ਤੇ ਵਿਕਾਸ ਕਰਵਾਇਆ ਜਾ ਸਕੇ।

ਇਸ ਦੌਰਾਨ ਸੀਨੀਅਰ ਮੀਤ ਪ੍ਰਧਾਨ ਅਮਰਜੀਤ ਸਿੰਘ ਮਾਲਵਾ ਨੇ ਕਿਹਾ ਕਿ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਗਈ ਹੈ, ਉਸ ਨੂੰ ਉਹ ਵਿਧਾਇਕਾ ਮਾਣੂਕੇ ਦੀ ਅਗਵਾਈ ਹੇਠ ਸਮੂਹ ਕੌਂਸਲਰ ਸਾਹਿਬਾਨਾਂ ਦੇ ਸਹਿਯੋਗ ਨਾਲ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਐਕਸ਼ੀਅਨ ਗੁਰਪ੍ਰੀਤ ਮਹਿੰਦਰਜੀਤ ਸਿੰਘ ਸਿੱਧੂ, ਐੱਸ.ਡੀ.ਓ. ਗੁਰਪ੍ਰੀਤ ਸਿੰਘ ਕੰਗ, ਅਕਾਊਂਟੈਂਟ ਅਭੇ ਜੋਸ਼ੀ, ਜੇ. ਈ. ਅਸ਼ੋਕ ਕੁਮਾਰ, ਕੰਵਰਪਾਲ ਸਿੰਘ, ਸਤੀਸ਼ ਕੁਮਾਰ ਦੌਧਰੀਆ, ਅਨਮੋਲ ਗੁਪਤਾ, ਕਮਲਜੀਤ ਕੌਰ ਕਲੇਰ, ਡਿੰਪਲ ਗੋਇਲ, ਕਵਿਤਾ ਰਾਣੀ ਕੱਕੜ, ਅਨੀਤਾ ਸੱਭਰਵਾਲ, ਦਰਸ਼ਨਾ ਦੇਵੀ ਧੀਰ, ਪ੍ਰਮਿੰਦਰ ਕੌਰ ਕਲਿਆ, ਸੁਧਾ ਭਾਰਦਵਾਜ (ਸਾਰੇ ਕੌਂਸਲਰ), ਸਾਬਕਾ ਕੌਂਸਲਰ ਅਮਰਨਾਥ ਕਲਿਆਣ, ਰਵਿੰਦਰ ਸੱਭਰਵਾਲ ਫੀਨਾ, ਕਰਮਜੀਤ ਸਿੰਘ ਕੈਂਥ, ਠੇਕੇਦਾਰ ਰਾਜ ਭਾਰਦਵਾਜ, ਰੋਹਿਤ ਗੋਇਲ ਰੋਕੀ, ਵਿਜੈ ਕਲਿਆਣ, ਸੀ. ਏ. ਬਲਪ੍ਰੀਤ ਸਿੰਘ ਮਾਲਵਾ, ਐਡਵੋਕੇਟ ਹਰਸ਼ਿਮਰਨ ਸਿੰਘ ਮਾਲਵਾ ਸਮੇਤ ਵੱਡੀ ਗਿਣਤੀ 'ਚ ਸ਼ਹਿਰ ਵਾਸੀ ਹਾਜ਼ਰ ਸਨ।

# ਰਾਸ਼ਟਰੀ ਖੇਡਾਂ 'ਚ ਚਾਂਦੀ ਤਮਗਾ ਜੇਤੂ ਪਰਮਜੀਤ ਚੰਨੋ ਦਾ ਭਰਵਾਂ ਸਵਾਗਤ



**ਭੀਖੀ (ਧਰਮਵੀਰ ਸ਼ਰਮਾ)**

ਦੇਸ਼ ਦੀ ਰਾਜਧਾਨੀ ਦਿੱਲੀ ਵਿਖੇ ਹੋਈਆਂ 66ਵੀਆਂ ਰਾਸ਼ਟਰੀ ਸਕੂਲ ਗੇਮਜ਼ ਦੌਰਾਨ ਵੱਖ ਵੱਖ ਹੋਏ ਖੇਡ ਮੁਕਬਲਿਆਂ ਚੋਂ ਬਾਸਕਿਟਬਾਲ ਮੁਕਾਬਲੇ 'ਚੋਂ ਪੰਜਾਬ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਵਰਨਣਯੋਗ ਹੈ ਕਿ ਇਨ੍ਹਾਂ ਰਾਸ਼ਟਰੀ ਸਕੂਲ ਗੇਮਜ਼ ਵਿੱਚ ਦੇਸ਼ ਦੇ 28 ਸੂਬਿਆਂ, 7 ਕੇਂਦਰ ਸਾਸ਼ਿਤ ਪ੍ਰਦੇਸ਼ ਦੀਆਂ ਟੀਮਾਂ ਨੇ ਹਿੱਸਾ ਲਿਆ ਸੀ। ਫਾਇਨਲ ਮੁਕਾਬਲਾ ਦਿੱਲੀ ਅਤੇ ਪੰਜਾਬ ਦੀ ਟੀਮ ਵਿਚਕਾਰ ਹੋਇਆ, ਜਿਸ ਵਿੱਚ ਪੰਜਾਬ ਦੀ ਟੀਮ ਵੱਲੋਂ ਪ੍ਰਤੀਨਿਧਤਾ ਕਰਦਿਆਂ ਭੀਖੀ ਦੀ ਸਰਕਾਰੀ ਕੰਨਿਆ ਸੈਕੰਡਰੀ ਸਕੂਲ ਦੀ ਵਿਦਿਆਰਥਣ ਪਰਮਜੀਤ ਕੌਰ ਚੰਨੋ ਪੁੱਤਰੀ ਅਵਤਾਰ ਸਿੰਘ ਦੀ ਟੀਮ ਨੇ ਬਾਸਕਿਟਬਾਲ ਮੁਕਾਬਲੇ ਚੋਂ ਦੇਸ਼ ਚੋਂ ਦੂਜਾ ਸਥਾਨ ਹਾਸਲ ਕਰਕੇ ਚਾਂਦੀ ਦਾ ਤਮਗਾ ਤੇ ਸਰਟੀਫਿਕੇਟ ਹਾਸਲ ਕੀਤਾ। ਵਿਦਿਆਰਥਣ ਪਰਮਜੀਤ ਕੌਰ ਚੰਨੋ ਦਾ ਭੀਖੀ ਪਹੁੰਚਣ 'ਤੇ ਨਗਰ ਨਿਵਾਸੀਆਂ, ਸਕੂਲ ਪ੍ਰਬੰਧਕ ਕਮੇਟੀ ਤੇ ਪਤਵੰਤਿਆਂ ਨੇ ਗਰਮਜੋਸ਼ੀ ਨਾਲ ਸੁਆਗਤ ਕੀਤਾ। ਇਸ ਉਪਰੰਤ ਵਿਦਿਆਰਥਣ ਨੂੰ ਖੁੱਲ੍ਹੀ ਜੀਪ 'ਚ ਸਵਾਰ ਕਰਕੇ ਤੇ ਗਲੇ 'ਚ ਫੁੱਲਾਂ ਦੇ ਹਾਰ ਪਾ ਕੇ ਸ਼ਹਿਰ ਅੰਦਰ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਦੱਸਣਯੋਗ ਹੈ ਕਿ ਉਕਤ ਖਿਡਾਰਨ ਬੇਹੱਦ ਗਰੀਬ ਪਰਿਵਾਰ ਨਾਲ ਸਬੰਧ ਰੱਖਦੀ ਹੈ। ਸਕੂਲ ਪ੍ਰਿੰਸੀਪਲ, ਖੇਡ ਕੋਚ ਨਰੇਸ਼ ਚਪਟਾ ਤੇ ਗੁਰਨਾਮ ਸਿੰਘ ਭੀਖੀ ਨੇ ਕਿਹਾ ਕਿ ਰਾਸ਼ਟਰੀ ਖੇਡਾਂ 'ਚੋਂ ਦੇਸ਼ ਪੱਧਰ 'ਤੇ ਨਾਮਣਾ ਖੱਟ ਕੇ ਸਿਰਫ ਭੀਖੀ ਨਹੀਂ, ਬਲਕਿ ਮਾਨਸਾ ਜ਼ਿਲ੍ਹੇ ਦਾ ਨਾਂਅ ਦੇਸ਼ ਅੰਦਰ ਰੌਸ਼ਨ ਕੀਤਾ ਹੈ। ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਦਰਸ਼ਨ ਸਿੰਘ ਸਿੰਘ, ਸਾਬਕਾ ਐੱਮ ਸੀ ਮਲਕੀਤ ਸਿੰਘ, ਰਾਮ ਸਿੰਘ ਅਕਲੀਆ, ਦਰਸ਼ਨ ਟੇਲਰ, ਗੋਗੀ ਪੰਧੇਰੀਆ, ਹਰਬੰਸ ਸਿੰਘ, ਸ਼ੀਲੋ ਰਾਣੀ, ਛੋਟੀ ਕੌਰ ਤੇ ਸਕੂਲੀ ਬੱਚਿਆਂ ਸਮੇਤ ਖਿਡਾਰਨ ਦੇ ਮਾਪੇ ਤੇ ਹੋਰ ਪਤਵੰਤੇ ਹਾਜ਼ਰ ਸਨ।

# ਹਾਕਮ ਸਿੰਘ ਦੀਆਂ ਸੇਵਾਵਾਂ ਨੂੰ ਸਮਰਪਤ ਲਾਈਫ ਟਾਈਮ ਅਚੀਵਮੈਂਟ ਐਵਾਰਡ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਆਪਣਾ ਪੰਜਾਬ ਫਾਊਂਡੇਸ਼ਨ ਜੋ ਕਿ ਸਿਹਤ, ਸਿੱਖਿਆ ਤੇ ਵਾਤਾਵਰਨ ਦੀ ਸੰਭਾਲ ਲਈ ਕੰਮ ਕਰ ਰਹੀ ਹੈ, ਵੱਲੋਂ ਕਰਵਾਇਆ ਗਿਆ ਡੁਬਈ ਸੰਮੇਲਨ ਸਫਲ ਰਿਹਾ। ਜਾਣਕਾਰੀ ਦਿੰਦੇ ਹੋਏ ਫਾਊਂਡੇਸ਼ਨ ਦੇ ਫਾਊਂਡਰ ਡਾ. ਜਗਜੀਤ ਸਿੰਘ ਧੂਰੀ ਨੇ ਦੱਸਿਆ ਕਿ ਇਸ ਸੰਮੇਲਨ ਵਿੱਚ ਭਾਰਤ ਤੋਂ ਇਲਾਵਾ ਕੈਨੇਡਾ, ਆਸਟਰੇਲੀਆ, ਯੂ.ਐੱਸ.ਏ., ਡੁਬਈ ਤੇ ਹੋਰ ਵੱਖ ਵੱਖ ਦੇਸ਼ਾਂ ਤੋਂ ਡੈਲੀਗੇਟ ਸ਼ਾਮਲ ਹੋਏ। ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ ਪੰਜਾਬ ਇਸ ਸੰਮੇਲਨ ਵਿੱਚ ਸਹਿਯੋਗੀ ਰਹੀ। ਇਹ ਸੰਮੇਲਨ 21ਵੀਂ ਸਦੀ ਵਿੱਚ ਦਿੱਤੀ ਜਾਣ ਵਾਲੀ ਸਿੱਖਿਆ ਦੇ ਵਿਸ਼ੇ ਨੂੰ ਲੈ ਕੇ ਵੱਖ ਵੱਖ ਸਪੀਕਰਾਂ ਨੇ ਸੰਬੋਧਨ ਕੀਤਾ। ਇਸ ਮੌਕੇ ਸ਼ੇਖ ਸੁਲਤਾਨ ਬਿਨ ਨਾਸਿਰ ਬਿਨ ਹੁਮੈਦ ਰਾਸ਼ੀਦ ਅਲਨੂਆਮੀ, ਇਨਵੈਸਟਮੈਂਟ, ਐੱਲ ਐੱਲ ਸੀ ਡੁਬਈ, ਜਤਿੰਦਰ ਵੈਦਿਯਾ, ਪ੍ਰਧਾਨ, ਇੰਡੀਅਨ ਪਿਊਪਲਜ਼ ਫੋਰਮ, ਯੂ.ਏ.ਈ., ਸੁਰਿੰਦਰ ਸਿੰਘ ਕੰਧਾਰੀ, ਚੇਅਰਮੈਨ, ਗੁਰੂ ਨਾਨਕ ਦਰਬਾਰ, ਗੁਰਦੁਆਰਾ ਤੇ ਚੇਅਰਮੈਨ ਐਲਡੋਬੋਵੀ ਗਰੁੱਪ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਡਾ. ਜਗਜੀਤ ਸਿੰਘ ਧੂਰੀ ਨੇ ਇਸ ਸੰਮੇਲਨ ਦੇ ਕੀਨੋਟਸ ਦੇ ਸਪੀਕਰ ਵਜੋਂ ਰੋਲ ਨਿਭਾਉਂਦਿਆਂ ਕਿਹਾ ਕਿ ਆਪਣਾ ਪੰਜਾਬ ਫਾਊਂਡੇਸ਼ਨ ਭਵਿੱਖ ਲਈ ਐਜੂਕੇਸ਼ਨਲ ਰੋਡ ਮੈਪ ਤਿਆਰ ਕਰੇਗੀ ਜੋ ਕਿ ਆਊਟਕਮ ਬੇਸਿਸ ਐਜੂਕੇਸ਼ਨ ਦੇ ਆਧਾਰ 'ਤੇ ਹੋਵੇਗਾ। ਇਸ ਮੌਕੇ ਐੱਨ.ਆਈ.ਡੀ. ਫਾਊਂਡੇਸ਼ਨ ਦੇ ਚੀਫ ਪੈਟਰਨ ਸਤਨਾਮ ਸਿੰਘ ਸੰਧੂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਤੇ ਐੱਨ.ਆਈ.ਡੀ. ਫਾਊਂਡੇਸ਼ਨ ਵੱਲੋਂ 29 ਐਡੂਪਨਿਓਰਜ਼ ਨੂੰ ਉਨ੍ਹਾਂ ਦੇ ਸਿੱਖਿਆ ਜਗਤ 'ਚ ਨਿਭਾਈਆਂ ਜਾ ਰਹੀਆਂ ਸੇਵਾਵਾਂ ਬਦਲੇ ਗਲੋਬਲ ਪ੍ਰੈਸਟੀਜ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਸਵਰਗਵਾਸੀ ਹਾਕਮ ਸਿੰਘ ਭਿਓੜਾ ਦੀਆਂ ਸਿੱਖਿਆ ਜਗਤ 'ਚ ਨਿਭਾਈਆਂ ਸੇਵਾਵਾਂ ਬਦਲੇ ਉਨ੍ਹਾਂ ਨੂੰ ਲਾਇਫ ਟਾਇਮ ਐਚੀਵਮੈਂਟ ਐਵਾਰਡ ਦਿੱਤਾ ਗਿਆ। ਇਹ ਐਵਾਰਡ ਕੈਨੇਡਾ ਰਹਿੰਦੇ ਉਨ੍ਹਾਂ ਦੇ ਸਪੁੱਤਰ ਦਲਜੀਤ ਸਿੰਘ ਵੱਲੋਂ ਪ੍ਰਾਪਤ ਕੀਤਾ ਗਿਆ। ਇਸ ਸਿੱਖਿਆ ਸੰਮੇਲਨ ਦੌਰਾਨ ਤਿਆਰ ਕੀਤੇ ਗਏ ਐਜੂਕੇਸ਼ਨਲ ਰੋਡ ਮੈਪ ਨੂੰ ਪੰਜਾਬ ਦੀਆਂ ਸੰਸਥਾਵਾਂ ਵਿੱਚ ਲਾਗੂ ਕੀਤਾ ਜਾਵੇਗਾ।

# ਵਿਸ਼ਵ ਖੂਨਦਾਤਾ ਦਿਵਸ ਮੌਕੇ ਲੱਗਿਆ ਖੂਨਦਾਨੀਆਂ ਦਾ ਮੇਲਾ ਯਾਦਗਾਰੀ ਹੋ ਨਿੱਬੜਿਆ

## 325 ਯੂਨਿਟ ਹੋਇਆ ਖੂਨਦਾਨ, ਡਿਪਟੀ ਕਮਿਸ਼ਨਰ ਨੇ ਵੀ ਕੀਤਾ ਖੂਨ ਦਾਨ




**ਮੋਗਾ (ਅਮਰਜੀਤ ਬੱਬਰੀ)**-ਵਿਸ਼ਵ ਖੂਨਦਾਤਾ ਦਿਵਸ ਮੌਕੇ ਤਿੰਨ ਵਾਰ ਦੀ ਸਟੇਟ ਐਵਾਰਡ ਜੇਤੂ ਸੰਸਥਾ ਰੂਰਲ ਐੱਨ ਜੀ ਓ ਕਲੱਬਜ਼ ਐਸੋਸੀਏਸ਼ਨ ਮੋਗਾ ਵੱਲੋਂ ਸਿਵਲ ਹਸਪਤਾਲ ਮੋਗਾ ਵਿੱਚ ਲਗਾਇਆ ਖੂਨਦਾਨੀਆਂ ਦਾ ਪੰਜਾਬ ਪੱਧਰੀ ਮੇਲਾ ਯਾਦਗਾਰੀ ਹੋ ਨਿੱਬੜਿਆ ਤੇ ਇਤਿਹਾਸ ਵਿੱਚ ਪਹਿਲੀ ਵਾਰ ਸਿਵਲ ਹਸਪਤਾਲ ਮੋਗਾ ਵਿੱਚ ਲੱਗੇ ਖੂਨਦਾਨ ਕੈਂਪ 325 ਯੂਨਿਟ ਖੂਨ ਦਾਨ ਹੋਇਆ। ਇਸ ਕੈਂਪ ਦਾ ਉਦਘਾਟਨ ਡਿਪਟੀ ਕਮਿਸ਼ਨਰ ਮੋਗਾ ਸ. ਕੁਲਵੰਤ ਸਿੰਘ ਨੇ ਖੁਦ ਖੂਨ ਦਾਨ ਕਰਕੇ ਕੀਤਾ। ਉਨ੍ਹਾ ਇਸ ਮੌਕੇ ਖੂਨਦਾਨੀਆਂ ਦੇ ਬੈਜ਼ ਲਗਾ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਵੀ ਕੀਤੀ ਤੇ ਪੰਜਾਬ ਭਰ ਤੋਂ ਆਈਆਂ 35 ਖੂਨਦਾਨੀ ਸ਼ਖਸੀਅਤਾਂ ਤੋਂ ਇਲਾਵਾ ਮੋਗਾ ਜ਼ਿਲ੍ਹੇ ਦੀਆਂ 60 ਖੂਨਦਾਨੀ ਸੰਸਥਾਵਾਂ ਨੂੰ ਸਨਮਾਨਤ ਕੀਤਾ। ਉਨ੍ਹਾ ਰੂਰਲ ਐੱਨ ਜੀ ਕਲੱਬਜ਼ ਐਸੋਸੀਏਸ਼ਨ ਨੂੰ ਇਸ ਇਤਿਹਾਸਕ ਕੈਂਪ ਲਈ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਅਜਿਹੇ ਉਦਮਾਂ ਲਈ ਹੌਸਲੇ ਤੇ ਟੀਮ ਵਰਕ ਦੀ ਜ਼ਰੂਰਤ ਹੁੰਦੀ ਹੈ। ਇਸ ਮੌਕੇ ਸਿਵਲ ਸਰਜਨ ਮੋਗਾ ਡਾ. ਰਾਜੇਸ਼ ਅੱਤਰੀ ਨੇ ਕਿਹਾ ਕਿ ਸਾਨੂੰ ਲੋੜਵੰਦ ਮਰੀਜ਼ਾਂ ਲਈ ਨਿਯਮਿਤ ਰੂਪ 'ਚ ਖੂਨ ਤੇ ਪਲਾਜ਼ਮਾ ਦਾਨ ਕਰਦੇ ਰਹਿਣਾ ਚਾਹੀਦਾ ਹੈ। ਰੂਰਲ ਐੱਨ ਜੀ ਓ ਮੋਗਾ ਦੇ ਜ਼ਿਲ੍ਹਾ ਪ੍ਰਧਾਨ ਹਰਭਿੰਦਰ ਸਿੰਘ ਜਾਨੀਆਂ ਨੇ ਪੰਜਾਬ ਭਰ ਤੋਂ ਆਈਆਂ ਖੂਨਦਾਨੀ ਸ਼ਖਸੀਅਤਾਂ ਤੇ ਜ਼ਿਲੇ ਦੀਆਂ ਭਰ ਦੀਆਂ 60 ਦੇ ਕਰੀਬ ਸੰਸਥਾਵਾਂ ਨੂੰ ਜੀ ਆਇਆਂ ਨੂੰ ਕਿਹਾ ਤੇ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਮੋਗਾ ਜ਼ਿਲ੍ਹੇ 'ਚ ਖੂਨਦਾਨ ਲਹਿਰ ਨੂੰ ਹੁਲਾਰਾ ਦੇਣ ਲਈ ਬਾਹਰਲੇ ਜ਼ਿਲ੍ਹਿਆਂ ਦੀਆਂ ਸ਼ਖਸੀਅਤਾਂ ਦਾ ਸਨਮਾਨ ਕੀਤਾ ਹੈ ਤਾਂ ਜੋ ਮੋਗਾ ਜ਼ਿਲ੍ਹੇ ਦੇ ਖੂਨਦਾਨੀਆਂ ਤੇ ਸੰਸਥਾਵਾਂ 'ਚ ਉਤਸ਼ਾਹ ਪੈਦਾ ਹੋਵੇ। ਸੰਸਥਾ ਦੇ ਚੀਫ ਪੈਟਰਨ ਮਹਿੰਦਰ ਪਾਲ ਲੂੰਬਾ ਨੇ ਨੌਜਵਾਨਾਂ ਨੂੰ ਖੂਨਦਾਨ ਲਹਿਰ ਨਾਲ ਜੁੜਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਸਾਨੂੰ ਖੂਨਦਾਨ ਦਾ ਨਸ਼ਾ ਕਰਨਾ ਚਾਹੀਦਾ ਹੈ। ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਦੀਪਕ ਅਰੋੜਾ ਨੇ ਰੂਰਲ ਐੱਨ ਜੀ ਓ ਮੋਗਾ ਨੂੰ ਇਸ ਸਫਲ ਕੈਂਪ ਦੀ ਵਧਾਈ ਦਿੰਦਿਆਂ ਕਿਹਾ ਕਿ ਮੈਨੂੰ ਮਾਣ ਹੈ ਕਿ ਮੈਂ ਇਸ ਸੰਸਥਾ ਦਾ ਲੰਬਾ ਸਮਾਂ ਮੈਂਬਰ ਰਿਹਾ ਹਾਂ। ਇਸ ਮੌਕੇ ਬਲੱਡ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਸੁਖਵਿੰਦਰ ਸਿੰਘ ਮਠਾੜੂ ਨੇ ਰੂਰਲ ਐੱਨ ਜੀ ਓ ਮੋਗਾ ਨੂੰ ਸਫਲ ਕੈਂਪ ਦੀ ਵਧਾਈ ਦਿੱਤੀ ਤੇ ਪੰਜਾਬ ਭਰ ਦੀਆਂ ਸੰਸਥਾਵਾਂ ਨੂੰ ਇੱਕ ਮੰਚ 'ਤੇ ਇਕੱਤਰ ਕਰਨ ਲਈ ਧੰਨਵਾਦ ਕੀਤਾ ਅਤੇ ਰੂਰਲ ਐੱਨ ਜੀ ਓ ਮੋਗਾ ਦੇ ਪ੍ਰਧਾਨ ਹਰਭਿੰਦਰ ਸਿੰਘ ਜਾਨੀਆਂ ਤੇ ਚੀਫ ਪੈਟਰਨ ਮਹਿੰਦਰ ਪਾਲ ਲੂੰਬਾ ਨੂੰ ਲੋਈ ਤੇ ਸਨਮਾਨ ਚਿੰਨ੍ਹ ਭੇਟ ਕੀਤਾ। ਇਸ ਮੌਕੇ ਖੂਨਦਾਨ ਦੇ ਖੇਤਰ 'ਚ ਵੱਡਮੁੱਲਾ ਯੋਗਦਾਨ ਪਾਉਣ ਵਾਲੀਆਂ 35 ਸ਼ਖਸੀਅਤਾਂ ਤੇ 60 ਦੇ ਕਰੀਬ ਖੂਨਦਾਨੀ ਸੰਸਥਾਵਾਂ ਨੂੰ ਸਨਮਾਨਤ ਕੀਤਾ ਗਿਆ। ਇਸ ਕੈਂਪ ਨੂੰ ਸਪਾਂਸਰ ਕਰਨ ਲਈ ਕੌਰ ਇੰਮੀਗਰੇਸ਼ਨ ਤੇ ਅਰਮਾਨ ਟ੍ਰੈਵਲਜ਼ ਬਾਘਾ ਪੁਰਾਣਾ ਦਾ ਉਚੇਚੇ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਕੈਂਪ 'ਚ ਗੁਰਮੀਤ ਸਿੰਘ ਸਹੋਤਾ ਨੇ ਕੇਲਿਆਂ ਤੇ ਬਾਬਾ ਗੁਰਮੀਤ ਸਿੰਘ ਖੋਸਾ ਜੀ ਨੇ ਦੁੱਧ ਦੀ ਸੇਵਾ ਕੀਤੀ।

17-Jun-PAGE- 8.qxd 6/16/2023 9:59 PM Page 1



# ਮਾਨ 'ਤੇ ਸੁਖਬੀਰ ਦੀ ਭੱਦੀ ਟਿੱਪਣੀ ਬੁਖਲਾਹਟ ਦਾ ਸਬੂਤ : ਕੰਗ



**ਚੰਡੀਗੜ੍ਹ, (ਗੁਰਜੀਤ ਬਿੱਲਾ)**- ਆਮ ਆਦਮੀ ਪਾਰਟੀ ਨੇ ਅਕਾਲੀ ਦਲ ਦੇ ਮੁਖੀ ਸੁਖਬੀਰ ਬਾਦਲ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਬਾਰੇ ਕੀਤੀ ਭੱਦੀ ਟਿੱਪਣੀ ਦੀ ਸਖਤ ਨਿਖੇਧੀ ਕੀਤੀ ਹੈ। ਪਾਰਟੀ ਨੇ ਉਨ੍ਹਾਂ ਦੇ ਬਿਆਨ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਇਹ ਗੱਲਾਂ ਉਨ੍ਹਾਂ ਦੇ ਗੁੱਸੇ ਦਾ ਸਬੂਤ ਹਨ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਇਕ ਵੀਡੀਓ ਜਾਰੀ ਕਰਕੇ ਸੁਖਬੀਰ ਬਾਦਲ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਇਨ੍ਹਾਂ ਲੋਕਾਂ ਨੇ ਸੱਤਾ 'ਚ ਰਹਿੰਦਿਆਂ ਜਨਤਾ ਦੇ ਟੈਕਸਾਂ ਦੇ ਪੈਸੇ ਨਾਲ ਅਰਬਾਂ-ਖਰਬਾਂ ਦੀ ਜਾਇਦਾਦ ਬਣਾਈ ਹੈ। ਹੁਣ ਮੁੱਖ ਮੰਤਰੀ ਭਗਵੰਤ ਮਾਨ ਦੀ ਇਮਾਨਦਾਰ ਸਿਆਸਤ ਕਾਰਨ ਇਨ੍ਹਾਂ ਲੋਕਾਂ ਦੀ ਸੱਤਾ ਦੀ ਦੁਕਾਨ ਬੰਦ ਹੋ ਗਈ ਹੈ। ਇਸੇ ਲਈ ਇਹ ਲੋਕ ਘਬਰਾਹਟ ਵਿਚ ਅਜਿਹੀਆਂ ਬਿਨਾਂ ਸਿਰ-ਪੈਰ ਦੀਆਂ ਗੱਲਾਂ ਕਰ ਰਹੇ ਹਨ। ਕੰਗ ਨੇ ਆਪਣੀ ਵੀਡੀਓ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ 'ਤੇ ਵੀ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਕੁਝ ਦਿਨ ਪਹਿਲਾਂ ਪ੍ਰਤਾਪ ਬਾਜਵਾ ਨੇ ਦਲਿਤ ਭਾਈਚਾਰੇ ਨਾਲ ਸਬੰਧਤ ਆਮ ਆਦਮੀ ਪਾਰਟੀ ਦੇ ਵਿਧਾਇਕ ਦਾ ਵੀ ਮੋਬਾਈਲ ਚਾਰਜਰ ਕਹਿ ਕੇ ਮਜ਼ਾਕ ਉਡਾਇਆ ਸੀ ਅਤੇ ਹੁਣ ਗੁਰਦੁਆਰਾ ਸਾਹਿਬ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਤਿੰਨ ਕਰੋੜ ਲੋਕਾਂ ਵੱਲੋਂ ਚੁਣੇ ਗਏ ਮੁੱਖ ਮੰਤਰੀ ਭਗਵੰਤ ਮਾਨ ਖਿਲਾਫ ਸੁਖਬੀਰ ਬਾਦਲ ਨੇ ਅਪਮਾਨਜਨਕ ਭਾਸ਼ਾ ਦੀ ਵਰਤੋਂ ਕੀਤੀ। ਇਹ ਬਹੁਤ ਹੀ ਨਿੰਦਣਯੋਗ ਹੈ। ਅਸਲ ਵਿੱਚ ਇਹ ਧਨਾਢ ਅਤੇ ਜਾਗੀਰਦਾਰ ਰਾਜਸੀ ਪਰਵਾਰ ਗੱਦੀ ਨੂੰ ਆਪਣਾ ਜਨਮ-ਸਿੱਧ ਹੱਕ ਸਮਝਦੇ ਹਨ। ਇੱਕ ਸਾਧਾਰਨ ਕਿਸਾਨ ਪਰਵਾਰ ਅਤੇ ਇੱਕ ਅਧਿਆਪਕ ਦੇ ਪੁੱਤਰ ਦਾ ਮੁੱਖ ਮੰਤਰੀ ਬਣਨਾ ਇਨ੍ਹਾਂ ਨੂੰ ਪਚ ਨਹੀ ਰਿਹਾ। ਆਮ ਘਰਾਂ ਦੇ ਲੋਕਾਂ ਦੇ ਸੱਤਾ ਵਿੱਚ ਆਉਣ ਤੋਂ ਬੇਹੱਦ ਨਿਰਾਸ਼ਾ ਵਿੱਚ ਡਿੱਗੇ ਇਹ ਲੋਕ ਗੁੱਸੇ ਵਿੱਚ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕੇ ਹਨ। ਕੰਗ ਨੇ ਕਾਂਗਰਸ ਅਤੇ ਅਕਾਲੀ ਦਲ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੇ ਅਤੇ ਨਿਹੱਥੀ ਸਿੱਖ ਸੰਗਤ 'ਤੇ ਗੋਲੀਆਂ ਚਲਾਉਣ ਵਾਲੇ ਅੱਜ ਆਪਣੀ ਸਿਆਸੀ ਦੁਕਾਨਦਾਰੀ ਬਚਾਉਣ ਲਈ ਇਕੱਠੇ ਹੋਏ ਹਨ। ਪਰ ਇਨ੍ਹਾਂ ਲੋਕਾਂ ਨੂੰ ਪੰਜਾਬ ਦੇ ਲੋਕਾਂ ਨੇ ਨਕਾਰ ਦਿੱਤਾ ਹੈ ਅਤੇ ਭਵਿੱਖ ਵਿੱਚ ਵੀ ਅਜਿਹਾ ਹੀ ਹੋਣਾ ਹੈ।

# ਉਤਪਾਦਕ ਉਦਯੋਗ ਨਿਰਯਾਤ ਲਈ ਸਿੰਗਲ ਪਲੇਟਫਾਰਮ ਦੀ ਵਰਤੋਂ ਕਰਨ : ਡੀ ਸੀ



**ਐਸ.ਏ.ਐਸ.ਨਗਰ (ਗੁਰਜੀਤ ਬਿੱਲਾ)**- ਉਦਯੋਗਿਕ ਵਸਤਾਂ ਅਤੇ ਉਤਪਾਦਾਂ ਦੇ ਨਿਰਯਾਤ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ, ਡੀ ਸੀ ਅਸ਼ਿਕਾ ਜੈਨ ਨੇ ਉਦਯੋਗਾਂ ਦੀਆਂ ਸਾਰੀਆਂ ਨਿਰਯਾਤ ਲੋੜਾਂ ਨੂੰ ਪੂਰਾ ਕਰਨ ਲਈ ਸਿੰਗਲ ਪਲੇਟਫਾਰਮ, ਇਨਵੈਸਟ ਪੰਜਾਬ ਪੋਰਟਲ ਦੀ ਵੱਧ ਤੋਂ ਵੱਧ ਵਰਤੋਂ 'ਤੇ ਜ਼ੋਰ ਦਿੱਤਾ। ਇੱਥੇ ਜ਼ਿਲ੍ਹਾ ਪੱਧਰੀ ਨਿਰਯਾਤ ਪ੍ਰਮੋਸ਼ਨ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ, ਐਸ.ਏ.ਐਸ.ਨਗਰ ਨੇ ਸਰਕਾਰ ਅਤੇ ਬਰਾਮਦਕਾਰਾਂ ਨਾਲ ਸਬੰਧਤ ਵੱਖ ਵੱਖ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕਰਨ ਅਤੇ ਸੁਹਿਰਦ ਹੱਲ ਲੱਭਣ ਲਈ ਇੱਕ ਪਲੇਟਫਾਰਮ ਦੀ ਮਹੱਤਤਾ ਬਾਰੇ ਦੱਸਿਆ। ਉਨ੍ਹਾਂ ਇਹ ਵੀ ਯਕੀਨ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਭਵਿੱਖ ਵਿੱਚ ਬਰਾਮਦਕਾਰਾਂ ਨੂੰ ਹਮੇਸ਼ਾ ਲੋੜੀਂਦੀ ਸਹਾਇਤਾ ਮੁਹੱਈਆ ਕਰਵਾਏਗਾ ਜਿਸ ਨਾਲ ਆਰਥਿਕਤਾ ਦੇ ਸਮੁੱਚੇ ਵਿਕਾਸ ਵਿੱਚ ਮਦਦ ਮਿਲੇਗੀ। ਸੰਦੀਪ ਰਾਜੌਰੀਆ, (ਆਈ.ਟੀ.ਐਸ.), ਸਹਾਇਕ ਡਾਇਰੈਕਟਰ ਜਨਰਲ, ਡੀ.ਜੀ.ਐਫ.ਟੀ. (ਡਾਇਰੈਕਟਰ ਜਨਰਲ ਵਿਦੇਸ਼ੀ ਵਪਾਰ), ਲੁਧਿਆਣਾ ਨੇ ਬਰਾਮਦਕਾਰਾਂ ਨੂੰ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਤੋਂ ਜਾਣੂ ਕਰਵਾਇਆ। ਆਯਾਤਕ-ਨਿਰਯਾਤਕ ਕੋਡਾਂ, ਉਤਪਾਦਾਂ ਲਈ ਐਚ ਐਸ ਐਨ ਕੋਡਾਂ ਦੀ ਪਛਾਣ, ਨਿਰਯਾਤ ਨੀਤੀ ਦਸਤਾਵੇਜ ਅਤੇ ਲਾਇਸੈਂਸ ਆਦਿ 'ਤੇ ਉਨ੍ਹਾਂ ਵੱਲੋਂ ਦਿੱਤੀ ਵਡਮੁੱਲੀ ਜਾਣਕਾਰੀ ਦਾ ਨਿਰਯਾਤਕਾਰਾਂ ਦੁਆਰਾ ਸਵਾਗਤ ਕੀਤਾ ਗਿਆ। ਉਨ੍ਹਾਂ ਨੇ ਬਰਾਮਦਕਾਰਾਂ ਨੂੰ ਕਿਹਾ ਕਿ ਉਹ ਅੰਤਰਰਾਸ਼ਟਰੀ ਵਪਾਰ ਲਈ ਨਵੀਨਤਮ ਡੇਟਾ ਤੱਕ ਪਹੁੰਚ ਕਰਨ ਲਈ, ਇੰਡੀਅਨ ਟ੍ਰੇਡ ਪੋਰਟਲ, ਵਰਗੀਆਂ ਵੈਬਸਾਈਟਾਂ ਦੀ ਵਰਤੋਂ ਕਰਨ। ਉਨ੍ਹਾਂ ਇਹ ਵੀ ਕਿਹਾ ਕਿ ਹੁਣ ਨਿਰਯਾਤ ਕਾਰੋਬਾਰ ਸ਼ੁਰੂ ਕਰਨ ਲਈ ਹਰ ਲੋੜੀਂਦੀ ਇਜਾਜਤ ਆਨਲਾਈਨ ਹੈ ਜੋ ਬਰਾਮਦਕਾਰਾਂ ਲਈ ਬਹੁਤ ਮਦਦਗਾਰ ਹੈ।

# ਸੇਂਟ ਸੋਲਜਰ ਵਿਦਿਆਰਥੀਆਂ ਨੇ ਮਨਾਇਆ ਵਰਲਡ ਬਲੱਡ ਡੋਨਰ ਡੇ




**ਜਲੰਧਰ, (ਨਵਾਂ ਜ਼ਮਾਨਾ ਸਰਵਿਸ)** ਖੂਨਦਾਨ ਮਹਾਦਾਨ ਦਾ ਸੰਦੇਸ਼ ਦੇਣ ਦੇ ਮੰਤਵ ਨਾਲ ਅਤੇ ਸਾਰੇ ਬਲਡ ਡੋਨਰਜ਼ ਨੂੰ ਸਲਾਮ ਕਰਦੇ ਹੋਏ ਸੇਂਟ ਸੋਲਜਰ ਨਰਸਿੰਗ ਟ੍ਰੈਨਿੰਗ ਇੰਸਟੀਚਿਊਟ ਖਾਂਬਰਾ ਵਿੱਚ ਵਰਲਡ ਬਲਡ ਡੋਨਰ ਡੇ ਮਨਾਇਆ ਗਿਆ. ਜਿਸ ਵਿੱਚ ਪ੍ਰਿੰਸੀਪਲ ਸ਼੍ਰੀਮਤੀ ਨੀਰਜ ਸੇਠੀ ਦੇ ਦਿਸ਼ਾ ਨਿਰਦੇਸ਼ਾਂ ਉੱਤੇ ਜ਼ੀ.ਐਨ.ਐਮ ਵਿਦਿਆਰਥੀਆਂ ਨੇ ਧਰਤੀ ਉੱਤੇ ਖੂਨ ਦੀਆਂ ਬੂੰਦਾਂ ਬਣਾ ਕੇ ਇਨ੍ਹਾਂ ਦਾ ਮਹੱਤਵ ਦੱਸਿਆ। ਨਾਲ ਹੀ ਖੂਨਦਾਨ ਕਰਣ ਲਈ ਮੋਟੀਵੇਟ ਕੀਤਾ। ਵਿਦਿਆਰਥੀਆਂ ਵਲੋਂ ਖੂਨਦਾਨ ਦਾ ਸੰਦੇਸ਼ ਦਿੰਦੇ ਪੋਸਟਰਜ਼ ਜਿਵੇਂ "ਗਿਵ ਬਲੱਡ, ਗਿਵ ਲਾਇਫ", "ਬਲੱਡ ਗਿਫਟ ਫਰੋਮ ਹਾਰਟ, ਸੈ ਥੈਂਕਸ ਟੂ ਬਲਡ ਡੋਨਰ," ਆਦਿ ਬਣਾ ਸਭ ਨੂੰ ਖੂਨਦਾਨ ਕਰਨ ਵਾਲਿਆਂ ਦਾ ਧੰਨਵਾਦ ਕਰਨ ਦਾ ਸੰਦੇਸ਼ ਦਿੱਤਾ ਅਤੇ ਆਪ ਵੀ ਇਸਦਾ ਹਿੱਸਾ ਬਣਨ ਨੂੰ ਕਿਹਾ। ਪ੍ਰਿੰਸੀਪਲ ਸ਼੍ਰੀਮਤੀ ਸੇਠੀ ਨੇ ਵਿਦਿਆਰਥੀਆਂ ਦੀ ਕੋਸ਼ਿਸ਼ ਦੀ ਸ਼ਲਾਘਾ ਕਰਦੇ ਹੋਏ ਸਭ ਨੂੰ ਖੂਨਦਾਨ ਕਰਨ ਨੂੰ ਕਿਹਾ ਤਾਂ ਕਿ ਦੁਰਘਟਨਾ ਗ੍ਰਸਤ ਜਾਂ ਜਰੂਰਤਮੰਦ ਦੀ ਜਾਨ ਬਚਾਈ ਜਾ ਸਕੇ।

# ਬੇਲਾ ਕਾਲਜ ਦੀ ਹਾਕੀ ਟੀਮ ਨੇ ਖੇਲੋ ਇੰਡੀਆ 'ਵਰਸਿਟੀ ਗੇਮਜ਼ 'ਚ ਜਿੱਤਿਆ ਗੋਲਡ ਮੈਡਲ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ, ਬੇਲਾ ਦੇ ਹਾਕੀ ਟੀਮ ਦੇ ਖਿਡਾਰੀਆਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਪ੍ਰਤੀਨਿਧਤਾ ਕਰਦਿਆਂ ਖੇਲੋ ਇੰਡੀਆ ਯੂਨੀਵਰਸਿਟੀ ਗੇਮਜ਼ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨ ਤਗਮਾ ਹਾਸਿਲ ਕੀਤਾ। ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਦੱਸਿਆ ਕਿ ਇਹ ਖੇਡ ਮੁਕਾਬਲਾ ਉੱਤਰ ਪ੍ਰਦੇਸ਼ ਵਿਖੇ ਅੰਡਰ 27 (ਮਰਦ) ਗਰੁੱਪ ਦੇ ਖਿਡਾਰੀਆਂ ਵਿੱਚਕਾਰ ਗੁਰੂ ਗੋਬਿੰਦ ਸਿੰਘ ਸਪੋਰਟਸ ਕਾਲਜ ਲਖਨਊ ਵਿਖੇ ਹੋਇਆ। ਇਸ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਬੇਲਾ ਕਾਲਜ ਦੇ 13 ਖਿਡਾਰੀਆਂ ਨੇ ਹਿੱਸਾ ਲਿਆ। ਇੱਥੇ ਇਹ ਵਰਨਣਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੂੰ ਫਾਈਨਲ ਮੁਕਾਬਲੇ ਵਿੱਚ ਹਰਾ ਕੇ ਪਹਿਲੀ ਵਾਰ ਸੋਨ ਤਗਮਾ ਆਪਣੇ ਨਾਂਅ ਦਰਜ ਕਰਵਾਇਆ। ਉਹਨਾਂ ਖ਼ੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਇਸ ਪ੍ਰਾਪਤੀ ਨਾਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਹੀ ਨਹੀਂ ਸਗੋਂ ਬੇਲਾ ਕਾਲਜ ਦਾ ਨਾਮ ਖੇਡ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਉਕਰਿਆ ਗਿਆ ਹੈ। ਇਸ ਮੌਕੇ ਸਮੂਹ ਖਿਡਾਰੀਆਂ ਦਾ ਕਾਲਜ ਪੁੱਜਣ 'ਤੇ ਪ੍ਰਬੰਧਕ ਕਮੇਟੀ ਅਤੇ ਸਮੂਹ ਸਟਾਫ਼ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਗਤ ਲੌਂਗੀਆ ਨੇ ਕਿਹਾ ਕਿ ਬੇਲਾ ਕਾਲਜ ਨੇ ਸਦਾ ਹੀ ਅਗਾਂਹਵਧੂ ਪਹਿਲਕਦਮੀਆਂ ਕੀਤੀਆਂ ਹਨ ਅਤੇ ਵਿਦਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਅਗੇਤ ਦਿੱਤੀ ਹੈ। ਇਹ ਪ੍ਰਾਪਤੀ ਇਸੇ ਦਾ ਹੀ ਨਤੀਜਾ ਹੈ। ਸਮੁੱਚੀ ਪ੍ਰਬੰਧਕ ਕਮੇਟੀ, ਕਾਲਜ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਦੀ ਹਾਜ਼ਰੀ ਵਿੱਚ ਜੇਤੂ ਖਿਡਾਰੀਆਂ ਦਾ ਸਨਮਾਨ ਟਰਾਫ਼ੀਆਂ ਅਤੇ ਨਕਦ ਰਾਸ਼ੀ ਪ੍ਰਦਾਨ ਕਰਕੇ ਕੀਤਾ ਗਿਆ। ਇਸ ਮੌਕੇ ਡਾ. ਮਮਤਾ ਅਰੋੜਾ, ਸਹਾਇਕ ਪ੍ਰੋਫੈਸਰ ਸੁਨੀਤਾ ਰਾਣੀ, ਸਹਾਇਕ ਪ੍ਰੋਫੈਸਰ ਰਾਕੇਸ਼ ਜੋਸ਼ੀ ਅਤੇ ਸਮੁੱਚਾ ਸਟਾਫ਼ ਹਾਜ਼ਰ ਸੀ।

# ਬਾਬਾ ਮੀਰਾ ਸ਼ਾਹ ਹੁਸੈਨ ਦੀ ਦਰਗਾਹ 'ਤੇ ਸਾਲਾਨਾ ਮੇਲਾ ਕਰਵਾਇਆ



**ਲੋਹੀਆਂ ਖਾਸ, (ਰੀਨਾ ਸ਼ਰਮਾ, ਯੋਗੇਸ਼ਵਰ)**: ਲੋਹੀਆਂ ਦੇ ਨੇੜਲੇ ਪਿੰਡ ਕਰ੍ਹਾ ਵਿਖੇ ਬਾਬਾ ਮੀਰਾ ਸ਼ਾਹ ਹੁਸੈਨ ਜੀ ਦੀ ਦਰਗਾਹ 'ਤੇ ਸਾਲਾਨਾ ਮੇਲਾ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ । ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਜੀ ਦੀ ਦਰਗਾਹ 'ਤੇ ਚਾਦਰ ਚੜਾਉਣ ਦੀ ਰਸਮ ਅਦਾ ਕੀਤੀ ਗਈ । ਪ੍ਰਸਿੱਧ ਕਲਾਕਾਰ ਪੰਮਾ ਡੂੰਮੇਵਾਲ ਵਾਲ,ਬੀ ਕੇ ਗੁਰਦਾਸ ਅਤੇ ਅਮਨ ਗਰੇਵਾਲ ਨੇ ਸਭਿਆਚਾਰਕ ਗਾਣੇ ਗਾ ਕੇ ਆਪਣੀ ਹਾਜਰੀ ਲਗਵਾਈ । ਇਸ ਮੇਲੇ ਵਿੱਚ ਸਰਬਜੀਤ ਸਿੰਘ ਚਤਰੱਥ ਜ਼ਿਲ੍ਹਾ ਪ੍ਰਧਾਨ ਜਲੰਧਰ ਦਿਹਾਤੀ, ਸੀਨੀਅਰ ਆਗੂ ਆਮ ਆਦਮੀ ਪਾਰਟੀ ਅਜਾਦਵੀਰ ਸਿੰਘ ਜੰਮੂ, ਸੋਸ਼ਲ ਮੀਡੀਆ ਇੰਚਾਰਜ ਸੁਖਵੀਰ ਸਿੰਘ ਤਲਵਾੜ ਵਿਸ਼ੇਸ਼ ਤੌਰ 'ਤੇ ਪੁੱਜੇ । ਮਾਰਕੀਟ ਕਮੇਟੀ ਦੇ ਚੇਅਰਮੈਨ ਸਰਬਜੀਤ ਸਿੰਘ ਚਤਰੱਥ ਨੇ ਕਿਹਾ ਕਿ ਇਹੋ ਜਿਹੇ ਧਾਰਮਿਕ ਅਤੇ ਸਮਾਜਿਕ ਮੇਲੇ ਸਾਨੂੰ ਸਾਰਿਆਂ ਨੂੰ ਮਿਲ ਜੁਲ ਕੇ ਮਨਾਉਣੇ ਚਾਹੀਦੇ ਹਨ ਤਾਂ ਕਿ ਸਮਾਜ ਵਿੱਚ ਆਪਸੀ ਭਾਈਚਾਰੇ ਦੀ ਸਾਂਝ ਬਣੀ ਰਹੇ।

ਇਸ ਮੇਲੇ ਵਿੱਚ ਪਿੰਡ ਮਾਣਕ ਦੇ ਨੌਜਵਾਨਾਂ ਵੱਲੋਂ ਸੰਗਤਾਂ ਵਾਸਤੇ ਠੰਡੇ ਅਤੇ ਆਈਸਕ੍ਰੀਮ ਦੇ ਲੰਗਰ ਵੀ ਲਗਾਏ ਗਏ ।

# ਨੀਟ ਦੀ ਪ੍ਰੀਖਿਆ 'ਚ ਵਿਦਿਆਰਥਣਾਂ ਦਾ ਸ਼ਾਨਦਾਰ ਪ੍ਰਦਰਸ਼ਨ



**ਜਲੰਧਰ ( ਇਕਬਾਲ ਸਿੰਘ ਉੱਭੀ)** ਨੀਟ ਯੂ ਜੀ ਦੀ ਪ੍ਰੀਖਿਆ ਵਿੱਚ ਦਿੱਲੀ ਪਬਲਿਕ ਸਕੂਲ ਦੀਆਂ ਵਿਦਿਆਰਥਣਾਂ ਅਸ਼ੀਕਾ ਨੇ 720 ਵਿੱਚੋਂ 715 ਅੰਕ ਪ੍ਰਾਪਤ ਕਰਕੇ 11ਵਾਂ ਰੈਂਕ, ਗੌਰੀ ਗੁਪਤਾ ਨੇ 710 ਅੰਕ ਪ੍ਰਾਪਤ ਕਰਕੇ 55ਵਾਂ ਰੈਂਕ ਹਾਸਲ ਕਰਕੇ ਆਪਣੇ ਮਾਤਾ-ਪਿਤਾ ਅਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਇਸੇ ਤਰ੍ਹਾਂ ਆਨੰਦ ਪਬਲਿਕ ਸਕੂਲ ਕਪੂਰਥਲਾ ਦੀ ਵਿਦਿਆਰਥਣ ਖਵਾਹਿਸ਼ ਨੇ 544ਵਾਂ ਰੈਂਕ ਅਤੇ ਏਪੀਜੇ ਸਕੂਲ ਜਲੰਧਰ ਦੀ ਵਿਦਿਆਰਥਣ ਨੇ 384ਵਾਂ ਰੈਂਕ ਹਾਸਲ ਕੀਤਾ। ਇਸ ਮੌਕੇ ਆਕਾਸ਼ ਐਜੂਕੇਸ਼ਨਲ ਸਰਵਿਸਿਜ ਲਿਮਿਟੇਡ ਦੇ ਸੀਈਓ ਅਭਿਸ਼ੇਕ ਮਹੇਸ਼ਵਰੀ ਅਤੇ ਖੇਤਰੀ ਨਿਰਦੇਸ਼ਕ ਪਰਮੇਸ਼ਵਰ ਝਾਅ ਨੇ ਵਿਦਿਆਰਥੀਆਂ ਲਈ ਮੁਬਾਰਕ ਦੇ ਸੰਦੇਸ਼ ਭੇਜੇ।

# ਬੀਬੀ ਸ਼ਰਨ ਕੌਰ ਖ਼ਾਲਸਾ ਕਾਲਜ ਵੱਲੋਂ ਪ੍ਰਾਸਪੈਕਟਸ ਰਿਲੀਜ਼



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਬੀਬੀ ਸ਼ਰਨ ਕੌਰ ਖ਼ਾਲਸਾ ਕਾਲਜ ਸ੍ਰੀ ਚਮਕੌਰ ਸਾਹਿਬ ਦੇ ਪ੍ਰਾਸਪੈਕਟਸ ਸਮਾਗਮ ਵਿੱਚ ਉਚੇਚੇ ਤੌਰ 'ਤੇ ਪਹੁੰਚੇ ਜਥੇਦਾਰ ਅਵਤਾਰ ਸਿੰਘ ਰਿਆ ਜੂਨੀਅਰ ਮੀਤ ਪ੍ਰਧਾਨ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਲੱਖੇਵਾਲ ਦੀ ਅਗਵਾਈ ਵਿੱਚ ਕਾਲਜ ਦੇ ਵਿੱਦਿਅਕ ਵਰੇ 2023-24 ਦਾ ਪ੍ਰਾਸਪੈਕਟਸ ਰਿਲੀਜ ਕੀਤਾ ਗਿਆ। ਇਸ ਮੌਕੇ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉੱਚ ਵਿਦਿਅਕ ਅਦਾਰਿਆਂ ਨੇ ਵਿਲੱਖਣ ਪਹਿਚਾਣ ਬਣਾਈ ਹੈ। ਜਿਹੜੇ ਕਿ ਪੇਂਡੂ ਅਤੇ ਸ਼ਹਿਰੀ ਖੇਤਰਾਂ ਦੇ ਲੋੜਵੰਦ, ਹੋਣਹਾਰ ਤੇ ਪ੍ਰਤਿਭਾਸ਼ੀਲ ਨੌਜਵਾਨ ਲੜਕੇ/ਲੜਕੀਆਂ ਨੂੰ ਸਿੱਖਿਅਤ ਕਰਨ ਦੇ ਨਾਲ-ਨਾਲ ਆਪਣੇ ਧਰਮ, ਵਿਰਸੇ ਅਤੇ ਇਤਿਹਾਸ ਨਾਲ ਜੋੜਨ ਲਈ ਅਹਿਮ ਭੂਮਿਕਾ ਨਿਭਾਅ ਰਹੇ ਹਨ। ਇਸ ਮੌਕੇ ਪਰਮਜੀਤ ਸਿੰਘ ਲੱਖੇਵਾਲ ਵੱਲੋਂ ਇਲਾਕੇ ਦੀ ਵੱਕਾਰੀ ਸੰਸਥਾ ਲਈ ਇਸ ਮੌਕੇ ਹਰ ਪ੍ਰਕਾਰ ਦੇ ਸਹਿਯੋਗ ਦੇਣ ਦਾ ਵਾਅਦਾ ਕੀਤਾ। ਕਾਲਜ ਪ੍ਰਿੰਸੀਪਲ ਡਾ.ਹਰਪ੍ਰੀਤ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਬੋਰਡ ਜਮਾਤਾਂ ਵਿੱਚੋਂ ਵਧੀਆ ਅੰਕ ਪ੍ਰਾਪਤ ਕਰਨ,ਅੰਮ੍ਰਿਤਧਾਰੀ ਹੋਣ, ਯਤੀਮ ਹੋਣ ਤੇ ਆਪਣੇ ਪੱਧਰ 'ਤੇ ਵਜੀਫੇ ਅਤੇ ਸਰਕਾਰ ਦੀਆਂ ਅਨੇਕਾਂ ਸਕੀਮਾਂ ਅਧਾਰਿਤ ਲੱਖਾਂ ਰੁਪਏ ਦੇ ਵਜੀਫੇ ਹਰ ਸਾਲ ਵੰਡੇ ਜਾਂਦੇ ਹਨ।

## ਖੁਸ਼ਵਿੰਦਰ ਕੌਰ ਦੀ ਮੌਤ 'ਤੇ ਦੁੱਖ ਪ੍ਰਗਟ

**ਫਗਵਾੜਾ ( ਜਸਵਿੰਦਰ ਢੱਡਾ )** ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਸੋਸਾਇਟੀ ਰਜਿ., ਰੇਲ ਕੋਚ ਫੈਕਟਰੀ, ਕਪੂਰਥਲਾ ਵਲੋਂ ਸੋਸਾਇਟੀ ਦੇ ਸਾਬਕਾ ਪ੍ਰਧਾਨ ਅਤੇ ਪ੍ਰਚਾਰ ਸਕੱਤਰ ਨਿਰਵੈਰ ਸਿੰਘ ਦੀ ਭੈਣ ਸ਼੍ਰੀਮਤੀ ਖੁਸ਼ਵਿੰਦਰ ਕੌਰ 55 ਸਾਲ ਜੋ ਕਿ ਐਸਿਸਟੈਂਟ ਸਬ ਇੰਸਪੈਕਟਰ ਚੰਡੀਗੜ੍ਹ ਪੁਲਸ ਵਿਚ ਸੇਵਾਵਾਂ ਨਿਭਾਅ ਰਹੇ ਸਨ ਦੀ ਹਾਰਟ ਅਟੈਕ ਨਾਲ ਮੌਤ 'ਤੇ ਗਹਿਰਾ ਦੁੱਖ ਅਤੇ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਗਈ। ਉਨ੍ਹਾਂ ਦੀ ਮੌਤ ਨਾਲ ਜਿੱਥੇ ਪਰਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਉੱਥੇ ਸਮਾਜ ਵੀ ਇੱਕ ਸਮਾਜ ਸੇਵਿਕਾ ਤੋਂ ਵਾਂਝਾ ਹੋ ਗਿਆ। ਸ਼ੋਕ ਪ੍ਰਗਟ ਕਰਨ ਵਾਲਿਆਂ ਵਿਚ ਸੋਸਾਇਟੀ ਦੇ ਪ੍ਰਧਾਨ ਕ੍ਰਿਸ਼ਨ ਲਾਲ ਜੱਸਲ, ਜਨਰਲ ਸਕੱਤਰ ਧਰਮ ਪਾਲ ਪੈਂਥਰ, ਸੀਨੀਅਰ ਉਪ ਪ੍ਰਧਾਨ ਸੰਤੋਖ ਰਾਮ ਜਨਾਗਲ, ਸ਼੍ਰੀ ਗੁਰੂ ਰਵਿਦਾਸ ਸੇਵਕ ਸਭਾ ਦੇ ਜਨਰਲ ਸਕੱਤਰ ਝਲਮਨ ਸਿੰਘ, ਸੀਨੀਅਰ ਉਪ ਪ੍ਰਧਾਨ ਨਰੇਸ਼ ਕੁਮਾਰ, ਧਾਰਮਿਕ ਸਕੱਤਰ ਰਜਿੰਦਰ ਸਿੰਘ, ਸਾਬਕਾ ਪ੍ਰਧਾਨ ਅਮਰਜੀਤ ਸਿੰਘ ਮੱਲ, ਕ੍ਰਿਸ਼ਨ ਸਿੰਘ, ਆਈ ਆਰ ਟੀ ਐਸ ਏ ਦੇ ਪ੍ਰਧਾਨ ਦਰਸ਼ਨ ਲਾਲ, ਬਲਦੇਵ ਰਾਜ, ਬਾਮਸੇਫ਼ ਦੇ ਕਨਵੀਨਰ ਕਸ਼ਮੀਰ ਸਿੰਘ, ਅਤਰਵੀਰ ਸਿੰਘ ਸੋਸਾਇਟੀ ਦੇ ਉੱਪ ਪ੍ਰਧਾਨ ਨਿਰਮਲ ਸਿੰਘ, ਧਰਮਵੀਰ ਅੰਬੇਡਕਰੀ, ਪੂਰਨ ਚੰਦ ਬੋਧ, ਐਸ ਸੀ /ਐਸ ਟੀ ਦੇ ਜੋਨਲ ਸਕੱਤਰ ਸੋਹਣ ਬੈਠਾ, ਕੈਸ਼ੀਅਰ ਰਮਿੰਦਰ ਕੁਮਾਰ, ਐਡੀਟਰ ਦੇਸ ਰਾਜ, ਪੂਰਨ ਚੰਦ ਬੋਧ, ਧਰਮਵੀਰ ਸਹਾਰਨਪੁਰ, ਪਰਮਜੀਤ ਪਾਲ , ਆਰ ਕੇ ਪਾਲ, ਸੁਰੇਸ਼ ਚੰਦਰ ਬੋਧ, ਸੁਖਜਿੰਦਰ ਸਿੰਘ ਬਾਜਵਾ, ਜਸਵੀਰ ਸਿੰਘ ਢਿਲੋਂ, ਅਸ਼ਵਨੀ ਕੁਮਾਰ, ਅਨਿਲ ਕੁਮਾਰ, ਕਰਨ ਸਿੰਘ, ਸ਼ਿਵ ਕੁਮਾਰ, ਲੱਖੀ ਬਾਬੂ ਅਤੇ ਡਾ. ਜਨਕ ਰਾਜ ਭੁਲਾਣਾ ਆਦਿ ਸ਼ਾਮਿਲ ਹੋਏ।

## ਸ਼ੀਂਹਮਾਰ ਜਠੇਰਿਆਂ ਦਾ ਮੇਲਾ ਭਲਕੇ

**ਜਲੰਧਰ (ਸੁਰਿੰਦਰ ਕੁਮਾਰ)** ਧੰਨ ਧੰਨ ਬਾਬਾ ਫੱਮੂ ਜਠੇਰੇ ਮੇਲਾ ਲਾਂਬੜਾ ਕਾਲੋਨੀ ਜਲੰਧਰ ਵਿਖੇ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਬਾਰੇ ਸ਼ੀਂਹਮਾਰ ਕਮੇਟੀ ਦੇ ਪ੍ਰਧਾਨ ਰਾਮ ਲਾਲ ਦੀ ਰਹਿਨੁਮਾਈ ਹੇਠ ਹੋਈ ਮੀਟਿੰਗ 'ਚ ਦੱਸਿਆ ਕਿ 18 ਜੂਨ ਦਿਨ ਐਤਵਾਰ ਨੂੰ ਸ਼ੀਹਮਾਰ ਜਠੇਰਿਆਂ ਦਾ ਮੇਲਾ ਮਨਾਇਆ ਜਾ ਰਿਹਾ ਹੈ। ਸਮੂਹ ਇਲਾਕਾ ਨਿਵਾਸੀਆਂ ਨੂੰ ਮੇਲੇ 'ਚ ਪਰਵਾਰਾਂ ਸਮੇਤ ਪਹੁੰਚ ਕੇ ਬਾਬਾ ਫੱਮੂ ਦੀਆਂ ਖੁਸ਼ੀਆਂ ਤੇ ਆਸ਼ੀਰਵਾਦ ਲੈਣ ਲਈ ਪਹੁੰਚੋ।

## ਅਣਪਛਾਤੀ ਲਾਸ਼ ਮਿਲੀ

ਨੂਰਮਹਿਲ ( ਬਾਲੀ ) -ਬੀਤੇ ਦਿਨ ਪੁਲਸ ਨੂੰ ਇਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ । ਏ ਐਸ ਆਈ ਅਮਰੀਕ ਲਾਲ ਨੇ ਦੱਸਿਆ ਕਿ ਇਸ ਵਿਅਕਤੀ ਦੀ ਲਾਸ਼ ਬਿਲਗਾ ਰੋਡ 'ਤੇ ਇੱਕ ਧਾਰਮਿਕ ਸਥਾਨ ਦੇ ਕੋਲ ਇਕ ਖਾਲੀ ਪਲਾਟ ਵਿਚੋਂ ਮਿਲੀ ਹੈ । ਇਸ ਲਾਸ਼ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ । ਪੁਲਸ ਨੇ ਲਾਸ ਸਿਵਲ ਹਸਪਤਾਲ ਫਿਲੌਰ ਵਿਖੇ 3 ਦਿਨ ਲਈ ਪਹਿਚਾਣ ਵਾਸਤੇ ਰੱਖੀ ਗਈ ਹੈ ਤਾਂ ਕੇ ਉਸ ਦੀ ਪਹਿਚਾਣ ਹੋ ਸਕੇ । ਬਾਅਦ ਵਿਚ ਲਾਸ਼ ਦਾ ਸਸਕਾਰ ਕਰ ਦਿੱਤਾ ਜਾਵੇਗਾ ।

# ਪੈਨਸ਼ਨਰਾਂ ਵੱਲੋਂ ਡੀ ਸੀ ਦਫਤਰ ਮੂਹਰੇ ਰੋਸ ਧਰਨਾ



**ਮੁਹਾਲੀ( (ਗੁਰਜੀਤ ਬਿੱਲਾ)** ਪੰਜਾਬ ਗੋਰਮਿੰਟ ਪੈਨਸ਼ਨਰ ਜੁਆਇੰਟ ਫਰੰਟ ਵਲੋਂ ਕਰਮ ਸਿੰਘ ਧਨੋਆ ਕੁਆਰਡੀਨੇਟਰ ਦੀ ਅਗਵਾਈ ਹੇਠ ਡੀ ਸੀ ਦਫਤਰ ਸਾਹਮਣੇ ਰੋਸ ਧਰਨਾ ਦਿੱਤਾ ਗਿਆ, ਜਿਸ ਵਿੱਚ ਸੁੱਚਾ ਸਿੰਘ ਕਲੌੜ, ਜਰਨੈਲ ਸਿੰਘ ਸਿੱਧੂ, ਮੰਗਤ ਖਾਨ, ਬਲਬੀਰ ਸਿੰਘ ਧਾਨੀਆ, ਡਾ. ਹਜਾਰਾ ਸਿੰਘ ਚੀਮਾ, ਬਾਬੂ ਸਿੰਘ, ਹਰਨੇਕ ਸਿੰਘ ਮਾਵੀ, ਸਰਬਜੀਤ ਸਿੰਘ ਪੈਨਸ਼ਨਰ ਆਗੂ ਸ਼ਾਮਲ ਹੋਏ । ਧਰਨੇ ਤੋਂ ਬਾਅਦ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਵੀ ਦਿੱਤਾ ਗਿਆ। ਪ੍ਰਮੁੱਖ ਮੰਗਾਂ ਵਿੱਚ 2.59 ਦੇ ਫੈਕਟਰ ਨਾਲ ਪੈਨਸ਼ਨਰਾਂ ਦੀ ਪੈਨਸ਼ਨ ਸੋਧੀ ਜਾਵੇ, 2016 ਤੋਂ ਬਾਅਦ ਰਿਟਾਇਰ ਹੋਏ ਕਰਮਚਾਰੀਆਂ ਦੇ ਪੈਨਸ਼ਨ ਕੇਸ ਵਿੱਚ ਬੇਲੋੜੀ ਦੇਰੀ ਨਾ ਕੀਤੀ ਜਾਵੇ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ, ਫਿਕਸ ਮੈਡੀਕਲ ਭੱਤਾ 2000/- ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇ। ਇਸ ਤੋਂ ਇਲਾਵਾ ਸਰਕਾਰ ਵੱਲੋਂ ਵਾਰ ਵਾਰ ਮੀਟਿੰਗ ਦਾ ਸਮਾਂ ਦੇ ਕੇ ਮੌਕੇ 'ਤੇ ਰੱਦ ਕਰ ਦੇਣੀ ਇਸ ਗੱਲ ਦੀ ਵੀ ਨਿਖੇਧੀ ਕੀਤੀ ਗਈ। ਧਰਨੇ ਨੂੰ ਹੋਰਨਾਂ ਤੋਂ ਇਲਾਵਾ ਹਰਬੰਸ ਸਿੰਘ ਭੱਟੀ, ਜਸਮੇਰ ਸਿੰਘ ਬਾਠ, ਮਲਾਗਰ ਸਿੰਘ, ਗੁਰਪਾਲ ਸਿੰਘ, ਸਤਪਾਲ ਰਾਣਾ, ਵਿਜੈ ਕੁਮਾਰ, ਜਤਿੰਦਰ ਸਿੰਘ, ਪ੍ਰੇਮ ਸਿੰਘ, ਗੁਰਦੀਪ ਸਿੰਘ, ਨਰਿੰਦਰ ਸਿੰਘ ਜਵਾਹਰਪੁਰ ਨੇ ਸੰਬੋਧਨ ਕੀਤਾ। ਮੁਲਾਜਮ ਆਗੂ ਬਾਜ ਸਿੰਘ ਖਹਿਰਾ, ਕਰਮਾਪੁਰੀ, ਗੁਰਬਿੰਦਰ ਸਿੰਘ ਚੰਡੀਗੜ੍ਹ ਨੇ ਵੀ ਭਰਾਤਰੀ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਸਟੇਜ ਦੀ ਕਾਰਵਾਈ ਜਗਦੀਸ਼ ਸਿੰਘ ਸਰਾਉ ਨੇ ਚਲਾਈ।

# ਜਲੰਧਰ ਡਵੀਜ਼ਨ ਦੇ ਨਵੇਂ ਰਾਜ ਪੱਧਰੀ ਮਾਸਟਰ ਟਰੇਨਰਾਂ ਲਈ ਸਿਖਲਾਈ ਸੈਸ਼ਨ

**ਜਲੰਧਰ (ਸੁਰਿੰਦਰ ਕੁਮਾਰ)** ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਅਗਲੇ ਵਰ੍ਹੇ ਹੋਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦੇ ਹੋਏ ਨਵੇਂ ਰਾਜ ਪੱਧਰੀ ਮਾਸਟਰ ਟ੍ਰੇਨਰਾਂ ਨੂੰ ਟ੍ਰੇਨਿੰਗ ਦੇਣ ਲਈ ਉਲੀਕੇ ਗਏ ਪ੍ਰੋਗਰਾਮ ਤਹਿਤ ਜਲੰਧਰ ਡਵੀਜ਼ਨ ਦੇ ਨਵੇਂ ਰਾਜ ਪੱਧਰੀ ਮਾਸਟਰ ਟ੍ਰੇਨਰਾਂ ਨੂੰ ਨੈਸ਼ਨਲ ਲੈਵਲ ਮਾਸਟਰ ਟ੍ਰੇਨਰ ਤੇ ਜੁਆਇੰਟ ਕਮਿਸ਼ਨਰ, ਦਫਤਰ ਡਵੀਜ਼ਨਲ ਕਮਿਸ਼ਨਰ ਜਲੰਧਰ ਮੰਡਲ ਨਵਨੀਤ ਕੌਰ ਬੱਲ ਅਤੇ ਸਹਾਇਕ ਕਮਿਸ਼ਨਰ ਸਟੇਟ ਟੈਕਸ ਲੁਧਿਆਣਾ-01 ਤੇ ਰਾਜ ਪੱਧਰੀ ਮਾਸਟਰ ਟ੍ਰੇਨਰ ਜਗਦੀਪ ਸਿੰਘ ਸਹਿਗਲ ਵੱਲੋਂ ਸਿਖਲਾਈ ਪ੍ਰਦਾਨ ਕੀਤੀ ਗਈ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕਰਵਾਏ ਗਏ ਸਿਖਲਾਈ ਸੈਸ਼ਨਾਂ ਦੌਰਾਨ ਜਲੰਧਰ ਡਵੀਜ਼ਨ ਵਿੱਚ ਪੈਂਦੇ ਜ਼ਿਲ੍ਹਾ ਜਲੰਧਰ ਤੋਂ ਇਲਾਵਾ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਹੁਸ਼ਿਆਰਪੁਰ ਦੇ ਨਵੇਂ ਰਾਜ ਪੱਧਰੀ ਮਾਸਟਰ ਟ੍ਰੇਨਰਾਂ ਨੂੰ ਚੋਣਾਂ ਨਾਲ ਸਬੰਧਤ ਵੱਖ-ਵੱਖ ਵਿਸ਼ਿਆਂ ਬਾਰੇ ਵਿਸਥਾਰ ਵਿੱਚ ਨਿਯਮਾਂ ਤੋਂ ਜਾਣੂ ਕਰਵਾਇਆ ਗਿਆ। ਸਿਖਲਾਈ ਦੇ ਪਹਿਲੇ ਸੈਸ਼ਨ ਦੌਰਾਨ ਨੈਸ਼ਨਲ ਲੈਵਲ ਮਾਸਟਰ ਟ੍ਰੇਨਰ ਨਵਨੀਤ ਕੌਰ ਬੱਲ ਵੱਲੋਂ ਨਵੇਂ ਐਸ.ਐਲ.ਐਮ.ਟੀਜ਼ ਨੂੰ ਆਦਰਸ਼ ਚੋਣ ਜ਼ਾਬਤੇ, ਚੋਣ ਖਰਚੇ ਦੀ ਨਿਗਰਾਨੀ, ਮੀਡੀਆ ਸਰਟੀਫਿਕੇਸ਼ਨ ਤੇ ਮੋਨੀਟਰਿੰਗ ਕਮੇਟੀ ਅਤੇ ਪੇਡ ਨਿਊਜ਼ ਵਿਸ਼ਿਆਂ 'ਤੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਇਸੇ ਤਰ੍ਹਾਂ ਦੂਜੇ ਸੈਸ਼ਨ ਦੌਰਾਨ ਰਾਜ ਪੱਧਰੀ ਮਾਸਟਰ ਟ੍ਰੇਨਰ ਜਗਦੀਪ ਸਿੰਘ ਸਹਿਗਲ ਵੱਲੋਂ ਈ.ਵੀ.ਐਮ-ਵੀ.ਵੀ.ਪੈਟ, ਚੋਣ ਸਮੱਗਰੀ, ਪੋਸਟਲ ਬੈਲਟ/ਈ.ਟੀ.ਪੀ.ਬੀ.ਐਸ. ਅਤੇ ਵੋਟਾਂ ਦੀ ਗਿਣਤੀ ਤੇ ਚੋਣ ਨਤੀਜੇ ਦੇ ਐਲਾਨ ਵਿਸ਼ਿਆਂ ਬਾਰੇ ਵਿਸਥਾਰ ਵਿੱਚ ਜਾਣੂ ਕਰਵਾਇਆ ਗਿਆ। ਚੋਣ ਤਹਿਸੀਲਦਾਰ ਸੁਖਦੇਵ ਸਿੰਘ ਨੇ ਦੱਸਿਆ ਕਿ ਸਿਖਲਾਈ ਦਾ ਅਗਲਾ ਸੈਸ਼ਨ ਸ਼ੁੱਕਰਵਾਰ 16 ਜੂਨ ਨੂੰ ਕਰਵਾਇਆ ਜਾਵੇਗਾ, ਜਿਸ ਵਿੱਚ ਐਸ.ਐਲ.ਐਮ.ਟੀਜ਼ ਨੂੰ ਈ.ਆਰ.ਓ. ਨੈਟ, ਸਵੀਪ ਪ੍ਰੋਗਰਾਮ ਅਤੇ ਆਈ.ਟੀ.ਐਪਲੀਕੇਸ਼ਨਜ਼ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਜਾਵੇਗੀ।

# ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਵੱਲੋਂ ਸਮਾਗਮ 25 ਨੂੰ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੋਸਾਇਟੀ (ਰਜਿ.) ਟਾਂਡਾ ਵੱਲੋਂ ਧਾਰਮਿਕ ਸਮਾਗਮ 25 ਜੂਨ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬੀਬੀਆਂ ਟਾਂਡਾ ਵਿਖੇ ਕਰਵਾਇਆ ਜਾਵੇਗਾ। ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਸਮਾਗਮ ਸਬੰਧੀ ਸੁਸਾਇਟੀ ਦੇ ਪ੍ਰਧਾਨ ਰਵਿੰਦਰ ਸਿੰਘ ਰਵੀ , ਜਨਰਲ ਸਕੱਤਰ ਕ੍ਰਿਪਾਲ ਸਿੰਘ ਪੰਡੋਰੀ ਤੇ ਮੀਡੀਆ ਸਲਾਹਕਾਰ ਜਥੇਦਾਰ ਪਰਮਜੀਤ ਸਿੰਘ ਨੇ ਦੱਸਿਆ ਕਿ ਰਾਜ ਕਰੇਗਾ ਖਾਲਸਾ ਗੱਤਕਾ ਅਖਾੜਾ ਟਾਂਡਾ ਦੇ ਸਹਿਯੋਗ ਨਾਲ ਸ਼ਾਮ 7 ਵਜੇ ਤੋਂ ਲੈ ਕੇ 10 ਵਜੇ ਤੱਕ ਕਰਵਾਏ ਜਾ ਰਹੇ ਇਸ ਸਮਾਗਮ ਵਿਚ ਭਾਈ ਸੁਰਜੀਤ ਸਿੰਘ ਦਸ਼ਮੇਸ਼ ਨਗਰ ਟਾਂਡਾ, ਭਾਈ ਜਸਵੀਰ ਸਿੰਘ ਦਸ਼ਮੇਸ਼ ਨਗਰ ਟਾਂਡਾ , ਕਥਾਵਾਚਕ ਭਾਈ ਕਲਿਆਣ ਸਿੰਘ ਪ੍ਰਚਾਰਕ ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ ਅਤੇ ਹੋਰ ਰਾਗੀ-ਢਾਡੀ ਜਥੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵੀਚਾਰਾਂ ਰਾਹੀ ਨਿਹਾਲ ਕਰਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ 'ਤੇ ਚਾਨਣਾ ਪਾਉਣਗੇ।

# ਛੋਟਾ ਹਾਥੀ ਖੇਤਾਂ 'ਚ ਡਿੱਗਾ, ਜਾਨੀ ਨੁਕਸਾਨ ਤੋਂ ਬਚਾਅ



**ਸੁਲਤਾਨਪੁਰ ਲੋਧੀ-ਬਲਵਿੰਦਰ ਸਿੰਘ ਧਾਲੀਵਾਲ , ਰਾਜਵੀਰ ਸਿੰਘ )** ਸੁਲਤਾਨਪੁਰ ਲੋਧੀ-ਡੱਲਾ ਰੋਡ ਸੜਕ ਦੇ ਦੋਵਾਂ ਕਿਨਾਰਿਆਂ 'ਤੇ ਬਰਮ ਘੱਟ ਹੋਣ ਅਤੇ ਉੱਥੇ ਬਣ ਰਹੇ ਚਾਰ ਮਾਰਗੀ ਰੋਡ ਕਾਰਨ ਆਏ ਦਿਨ ਹਾਦਸੇ ਵਾਪਰ ਰਹੇ ਹਨ। ਇਕ ਛੋਟਾ ਹਾਥੀ ਸੜਕ 'ਤੇ ਮੀਂਹ ਪੈਣ ਕਾਰਨ ਜ਼ਿਆਦਾ ਤਿਲਕਣ ਹੋਣ 'ਤੇ ਬਰੇਕ ਲਗਾਉਂਣ ਦੇ ਬਾਵਜੂਦ ਪਲਟ ਕੇ ਖੇਤਾਂ 'ਚ ਜਾ ਡਿੱਗਾ। ਇਸ ਹਾਦਸੇ ਦੌਰਾਨ ਭਾਵੇਂ ਜਾਨੀ ਨੁਕਸਾਨ ਨਹੀਂ ਹੋਇਆ ਪਰ ਛੋਟੇ ਹਾਥੀ (ਟਾਟਾ ਏਸ) ਦਾ ਜ਼ਰੂਰ ਨੁਕਸਾਨ ਹੋਇਆ। ਚਾਲਕ ਰੁਪੇਸ਼ ਕੁਮਾਰ ਪੁੱਤਰ ਵਿਜੇ ਕੁਮਾਰ ਯਾਦਵ ਵਾਸੀ ਲੁਧਿਆਣਾ ਨੇ ਦੱਸਿਆ ਕਿ ਉਹ ਆਪਣੇ ਛੋਟੇ ਹਾਥੀ (ਟਾਟਾ ਏਸ) ਨੰਬਰ ਪੀਬੀ 10 ਐਚ ਜੇ 1662 'ਚ ਸਵਾਰ ਹੋ ਕੇ ਸੁਲਤਾਨਪੁਰ ਲੋਧੀ ਤੋਂ ਲੁਧਿਆਣਾ ਵਾਪਸ ਜਾ ਰਹੇ ਸਨ ਕਿ ਸੜਕ 'ਤੇ ਬਹੁਤ ਜ਼ਿਆਦਾ ਤਿਲਕਣ ਹੋਣ ਕਾਰਨ ਗੱਡੀ ਬੇਕਾਬੂ ਹੋ ਗਈ ਤੇ ਖੇਤਾਂ 'ਚ ਜਾ ਡਿੱਗੀ। ਸਿਰਫ ਮਾਮੂਲੀ ਸੱਟਾਂ ਹੀ ਲੱਗੀਆਂ ਪਰ ਛੋਟਾ ਹਾਥੀ ਜ਼ਰੂਰ ਨੁਕਸਾਨਿਆ ਗਿਆ।

ਨਜਦੀਕ ਰਹਿੰਦੇ ਲੋਕ ਤੇ ਰਾਹਗੀਰਾਂ ਨੇ ਉਹਨਾਂ ਨੂੰ ਗੱਡੀ ਵਿਚੋਂ ਬਾਹਰ ਕੱਢਿਆ ਅਤੇ ਜੇਸੀਬੀ ਮਸ਼ੀਨ ਦੀ ਮਦਦ ਨਾਲ ਗੱਡੀ ਖੇਤਾਂ ਵਿੱਚੋਂ ਬਾਹਰ ਕੱਢੀ।

# ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡਾਂ ਸੰਬੰਧੀ ਕੈਂਪ




**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)** ਡਿਪਟੀ ਕਮਿਸ਼ਨਰ ਰੂਪਨਗਰ ਪ੍ਰੀਤੀ ਯਾਦਵ ਆਈ.ਏ.ਐਸ ਦੇ ਹੁਕਮਾਂ ਅਤੇ ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਨਿਰਦੇਸ਼ਾਂ ਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਦੀ ਅਗਵਾਈ ਹੇਠ ਬਲਾਕ ਚਮਕੌਰ ਸਾਹਿਬ ਅਧੀਨ ਪਿੰਡ ਭੈਰੋਮਾਜਰਾ ਵਿਖੇ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਸਬੰਧੀ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਤੇ ਡਾ.ਸੁਮਿਤਾ ਸ਼ਰਮਾ ਨੇ ਕਿਹਾ ਕਿ ਪਿੰਡਾਂ ਵਿੱਚ ਜੋ ਲਾਭਪਾਤਰੀ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਬਨਵਾਉਣ ਤੋਂ ਵਾਂਝੇ ਰਹਿ ਗਏ ਹਨ ਉਨ੍ਹਾਂ ਲਈ ਵਿਸ਼ੇਸ਼ ਕੈਂਪ ਲਗਾਕੇ ਕਾਰਡ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿੰਡ ਲਠੌੜੀ ਗੁਰੂਦੁਆਰਾ ਸਾਹਿਬ ਵਿਖੇ 20 ਜੂਨ ਅਤੇ ਪਿੰਡ ਬਹਿਰਾਮਪੁਰ ਬੇਟ ਧਰਮਸ਼ਾਲਾ ਵਿਖੇ 26 ਜੂਨ ਨੂੰ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ ਸਮੂਹ ਆਸ਼ਾ ਵਰਕਰਜ਼ ਨੂੰ ਪਹਿਲਾਂ ਹੀ ਇਨ੍ਹਾਂ ਕੈਂਪਾਂ ਸਬੰਧੀ ਸੂਚਨਾ ਦਿੱਤੀ ਗਈ ਹੈ ਤਾਂ ਜੋ ਉਹ ਪਿੰਡਾਂ ਵਿੱਚ ਇਨ੍ਹਾਂ ਕੈਂਪਾ ਬਾਰੇ ਵੱਧ ਤੋਂ ਵੱਧ ਪ੍ਰਚਾਰ ਕਰਨ ਤੇ ਲਾਭਪਾਤਰੀਆਂ ਨੂੰ ਕਾਰਡ ਬਨਵਾਉਣ ਲਈ ਕੈਂਪਾ ਵਿੱਚ ਭੇਜਣ। ਇਸ ਮੌਕੇ ਤੇ ਅਵਤਾਰ ਸਿੰਘ ਘੁੰਮਣ ਫਾਰਮੇਸੀ ਅਫਸਰ, ਚਰਨਜੀਤ ਕੌਰ ਸਟਾਫ ਨਰਸ, ਜਸਪਿੰਦਰ ਕੌਰ ਸੀ.ਐਚ.ਓ, ਨਾਗਰ ਸਿੰਘ, ਨਰੰਜਣ ਸਿੰਘ, ਨਵਜੋਤ ਕੌਰ, ਅਮਰੀਕ ਸਿੰਘ ਅਤੇ ਲਾਭਪਾਤਰੀ ਹਾਜਰ ਸਨ।

# ਫਰਜ਼ੀ ਦਸਤਾਵੇਜ਼ ਤਿਆਰ ਕਰਨ ਦੇ ਦੋਸ਼ ਹੇਠ ਪਟਵਾਰੀ ਕਾਬੂ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸਾਲ 2016 ਵਿੱਚ 2500 ਰੁਪਏ ਰਿਸ਼ਵਤ ਲੈਣ ਅਤੇ ਇੰਤਕਾਲ ਦੀ ਜਮ੍ਹਾਂਬੰਦੀ ਸਬੰਧੀ ਫਰਜੀ ਦਸਤਾਵੇਜ ਤਿਆਰ ਕਰਨ ਦੇ ਦੋਸ਼ ਹੇਠ ਸੇਵਾਮੁਕਤ ਪਟਵਾਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਕਤ ਪਟਵਾਰੀ ਦੀ ਪਛਾਣ ਇਕਬਾਲ ਸਿੰਘ ਵਜੋਂ ਹੋਈ ਹੈ, ਜੋ ਫਾਜ਼ਿਲਕਾ ਜ਼ਿਲ੍ਹੇ ਦੇ ਮਾਲ ਹਲਕਾ ਸਿਟੀ ਜਲਾਲਾਬਾਦ ਜ਼ਿਲ੍ਹਾ ਫਾਜ਼ਲਿਕਾ ਵਿਖੇ ਤਾਇਨਾਤ ਸੀ। ਬੁਲਾਰੇ ਨੇ ਦੱਸਿਆ ਕਿ ਸੇਵਾਮੁਕਤ ਪਟਵਾਰੀ ਇਕਬਾਲ ਸਿੰਘ ਨੂੰ ਰਾਜੇਸ਼ ਕੁਮਾਰ ਵਾਸੀ ਪੰਜੇ ਕੇ ਉਤਾੜ ਜ਼ਿਲ੍ਹਾ ਫਿਰੋਜ਼ਪੁਰ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਰਾਜੇਸ਼ ਕੁਮਾਰ ਨੇ ਥਾਣਾ ਵਿਜੀਲੈਂਸ ਬਿਊਰੋ, ਫਿਰੋਜ਼ਪੁਰ ਰੇਂਜ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ ਕਿ ਪਟਵਾਰੀ ਇਕਬਾਲ ਸਿੰਘ ਨੇ 4 ਮਰਲੇ ਦੇ ਪਲਾਟ, ਜਿਸ ਦੀ ਉਸ (ਸ਼ਿਕਾਇਤਕਰਤਾ) ਨੇ ਆਪਣੀ ਮਾਤਾ ਕ੍ਰਿਪਾ ਰਾਣੀ ਪਾਸੋਂ ਟਰਾਂਸਫਰ ਡੀਡ ਰਾਹੀਂ ਰਜਿਸਟਰੀ ਕਰਵਾਈ ਸੀ, ਦਾ ਇੰਤਕਾਲ ਦਰਜ ਕਰਵਾਉਣ ਬਦਲੇ 2500 ਰੁਪਏ ਰਿਸ਼ਵਤ ਲਈ ਸੀ। ਜਦੋਂ ਸ਼ਿਕਾਇਤਕਰਤਾ ਨੇ ਉਕਤ ਪਲਾਟ 'ਤੇ ਇਕ ਬੈਂਕ ਤੋਂ ਕਰਜਾ ਲੈਣ ਲਈ ਜਮ੍ਹਾਂਬੰਦੀ ਦੀ ਕਾਪੀ ਦਿੱਤੀ ਤਾਂ ਉਸ ਨੂੰ ਬੈਂਕ ਅਧਿਕਾਰੀਆਂ ਤੋਂ ਪਤਾ ਲੱਗਾ ਕਿ ਪਲਾਟ ਦੇ ਦਸਤਾਵੇਜ ਜਾਅਲੀ ਹਨ। ਸ਼ਿਕਾਇਤ ਦੀ ਮੁੱਢਲੀ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਇਹ ਦਸਤਾਵੇਜ ਮੋਹਾਲੀ ਸਥਿਤ ਫੋਰੈਂਸਿਕ ਸਾਇੰਸ ਲੈਬਾਰਟਰੀ ਵਿਖੇ ਪੜਤਾਲ ਲਈ ਭੇਜੇ ਤਾਂ ਪਤਾ ਲੱਗਾ ਕਿ ਉਕਤ ਪਟਵਾਰੀ ਨੇ ਜਾਅਲੀ 'ਨਕਲ ਦਸਤਾਵੇਜ' ਜਾਰੀ ਕੀਤੇ ਸਨ। ਪਟਵਾਰੀ ਖਿਲਾਫ ਥਾਣਾ ਵਿਜੀਲੈਂਸ, ਫਿਰੋਜ਼ਪੁਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# 'ਨਿੱਕੀਆਂ ਕਰੂੰਬਲਾਂ' ਦਾ ਮਾਤ ਭਾਸ਼ਾ ਦੇ ਪ੍ਰਸਾਰ 'ਚ ਨਿੱਗਰ ਯੋਗਦਾਨ : ਰੋੜੀ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**—ਇੰਡੀਆ ਬੁੱਕ ਆਫ ਰਿਕਾਰਡ ਵਿੱਚ ਦਰਜ ਰਸਾਲੇ ਨਿੱਕੀਆਂ ਕਰੂੰਬਲਾਂ ਦਾ ਮਾਤ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਨਿੱਗਰ ਯੋਗਦਾਨ ਹੈ। ਇਹ ਵਿਚਾਰ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕਿਸਨ ਸਿੰਘ ਰੋੜੀ ਨੇ ਕਰੂੰਬਲਾ ਭਵਨ ਮਾਹਿਲਪੁਰ ਵਿਖੇ ਨਿੱਕੀਆਂ ਕਰੂੰਬਲਾਂ ਦਾ ਤਾਜਾ ਅੰਕ ਜਾਰੀ ਕਰਦਿਆਂ ਕਹੇ। ਉਨ੍ਹਾਂ ਅੱਗੇ ਕਿਹਾ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਪੂਰੇ ਪੰਜਾਬ ਵਿੱਚੋਂ ਬੱਚਿਆਂ ਲਈ ਲੰਮੇ ਸਮੇਂ ਤੋਂ ਛਪਣ ਵਾਲਾ ਬਾਲ ਰਸਾਲਾ ਗੜ੍ਹਸ਼ੰਕਰ ਤਹਿਸੀਲ ਤੋਂ ਛਪਦਾ ਹੈ। ਇਸ ਰਸਾਲੇ ਰਾਹੀਂ ਨਵੀਂ ਪਨੀਰੀ ਨੂੰ ਉਚੇਰਿਆਂ ਕਦਰਾਂ-ਕੀਮਤਾਂ ਨਾਲ ਬੜੇ ਰੌਚਕ ਢੰਗ ਨਾਲ ਜੋੜਿਆ ਜਾਂਦਾ ਹੈ। ਸ਼੍ਰੋਮਣੀ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਦੁਆਰਾ 27 ਸਾਲ ਤੋਂ ਸੰਪਾਦਿਤ ਕੀਤਾ ਜਾਂਦਾ ਇਹ ਮੈਗਜੀਨ ਪੂਰੀ ਦੁਨੀਆਂ ਵਿਚ ਪੜ੍ਹਿਆ ਜਾਂਦਾ ਹੈ। ਉਹਨਾਂ ਪ੍ਰਬੰਧਕਾਂ ਨੂੰ ਸਾਬਾਸ਼ ਦਿੰਦਿਆਂ ਸਰਕਾਰ ਵੱਲੋਂ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ। ਇਸ ਮੌਕੇ ਬਾਲ ਰਸਾਲੇ ਬਾਰੇ ਵਿਚਾਰ ਪ੍ਰਗਟ ਕਰਦਿਆਂ ਬੁੱਧੀਜੀਵੀ ਸੈਲ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਕ੍ਰਿਸਨਜੀਤ ਰਾਓ ਕੈਂਡੋਵਾਲ ਨੇ ਕਿਹਾ ਕੇ ਇਸ ਰਸਾਲੇ ਰਾਹੀਂ ਨਵੀਆਂ ਕਲਮਾਂ ਨੂੰ ਹੁਲਾਰਾ ਮਿਲ ਰਿਹਾ ਹੈ। ਰਸਾਲੇ ਵੱਲੋਂ ਬਾਲ ਮਾਨਸਿਕਤਾ ਦੇ ਵਿਕਾਸ ਲਈ ਕੀਤੀਆਂ ਜਾਂਦੀਆਂ ਸਰਗਰਮੀਆਂ ਵੀ ਸ਼ਲਾਘਾਯੋਗ ਹਨ। ਜਿੱਥੇ ਇਹ ਰਸਾਲਾ ਛਾਪਿਆ ਜਾਂਦਾ ਹੈ ਉਥੇ ਪਾਠਕਾਂ ਵਾਸਤੇ ਆਨ ਲਾਈਨ ਮੁਫਤ ਵੀ ਉਪਲਬਧ ਕਰਵਾਇਆ ਜਾਂਦਾ ਹੈ। ਜਸਵੀਰ ਸਿੰਘ ਜੱਸੀ ਨੇ ਇਸ ਵਿਚ ਸ਼ਾਮਲ ਚਿੱਤਰਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕੇ ਕਮਲਜੀਤ ਨੀਲੋਂ ਅਤੇ ਸੁਖਮਨ ਸਿੰਘ ਦੇ ਚਿੱਤਰ ਹਰ ਪਾਠਕ ਨੂੰ ਮੋਹਦੇ ਹਨ। ਡਾਕਟਰ ਸੰਜੂਨੀ ਨੇ ਕਿਹਾ ਕਿ ਨਿੱਕੀਆਂ ਕਰੂੰਬਲਾਂ ਵਰਗੇ ਰਸਾਲੇ ਸ਼ਖਸੀਅਤ ਦੀ ਉਸਾਰੀ ਵਿੱਚ ਅਹਿਮ ਥਾਂ ਰੱਖਦੇ ਹਨ। ਇਸ ਮੌਕੇ ਸਰਪੰਚ ਜੁਝਾਰ ਸਿੰਘ, ਰਵਜੋਤ ਰਾਓ, ਪ੍ਰਿੰਸੀਪਲ ਮਨਜੀਤ ਕੌਰ,ਹਰਮਨਪ੍ਰੀਤ ਕੌਰ,ਹਰਵੀਰ ਮਾਨ,ਬੱਗਾ ਸਿੰਘ ਆਰਟਿਸਟ, ਸੁਖਮਨ ਸਿੰਘ, ਨਿਧੀ ਅਮਨ ਸਹੋਤਾ ਸਮੇਤ ਸਾਹਿਤ ਪ੍ਰੇਮੀ ਹਾਜਰ ਸਨ।

# ਪੀ ਸੀ ਐੱਮ ਐੱਸ ਡੀ ਸੀਨੀਅਰ ਸੈਕੰਡਰੀ ਕਾਲਜੀਏਟ ਸਕੂਲ 'ਚ ਮੁਕਾਬਲੇ ਕਰਵਾਏ



**ਜਲੰਧਰ ( ਇਕਬਾਲ ਸਿੰਘ ਉੱਭੀ )** ਪੀ ਸੀ ਐਮ ਐਸ ਡੀ ਸੀਨੀਅਰ ਸੈਕੰਡਰੀ ਕਾਲਜੀਏਟ ਸਕੂਲ ਫਾਰ ਵੂਮੈਨ, ਜਲੰਧਰ ਦੇ ਕਾਮਰਸ ਵਿਭਾਗ ਨੇ 10+2 ਕਾਮਰਸ ਦੇ ਵਿਦਿਆਰਥੀਆਂ ਲਈ ਮੈਨੇਜਮੈਂਟ ਕੋਟਸ ਰਾਈਟਿੰਗ ਤੇ ਪੋਸਟਰ ਮੇਕਿੰਗ ਮੁਕਾਬਲੇ ਅਤੇ 10+1 ਕਾਮਰਸ ਦੇ ਵਿਦਿਆਰਥੀਆਂ ਲਈ ਲੋਗੋ ਡਿਜਾਈਨਿੰਗ ਮੁਕਾਬਲੇ ਕਰਵਾਏ। ਮੁਕਾਬਲੇ ਵਿੱਚ 10+2 ਅਤੇ 10+1 ਦੇ ਲਗਭਗ 21 ਵਿਦਿਆਰਥੀਆਂ ਨੇ ਪੂਰੇ ਜੋਸ਼ ਨਾਲ ਭਾਗ ਲਿਆ। ਇਸ ਗਤੀਵਿਧੀ ਦਾ ਮੁੱਖ ਉਦੇਸ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ ਅਤੇ ਪੇਸ਼ਕਾਰੀ ਦੀ ਕਲਾ ਪੈਦਾ ਕਰਨਾ ਸੀ। ਵਿਦਿਆਰਥੀਆਂ ਨੇ ਆਪਣੇ ਵਿਚਾਰ ਬਹੁਤ ਹੀ ਸਪੱਸ਼ਟਤਾ ਨਾਲ ਪੇਸ਼ ਕੀਤੇ ਅਤੇ ਜੱਜਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਵੀ ਬੜੇ ਉਤਸ਼ਾਹ ਨਾਲ ਦਿੱਤੇ। ਮੈਨੇਜਮੈਂਟ ਕੋਟਸ ਰਾਈਟਿੰਗ ਮੁਕਾਬਲੇ ਵਿੱਚ 10+2 ਦੀ ਨਿਸ਼ਾ ਨੇ ਪਹਿਲਾ ਇਨਾਮ, ਜੈਸਮੀਨ ਕੌਰ ਨੇ ਦੂਜਾ ਅਤੇ ਹਿਮਾਨੀ ਨੇ ਤੀਜਾ ਇਨਾਮ ਹਾਸਲ ਕੀਤਾ। ਇਸੇ ਤਰ੍ਹਾਂ ਲੋਗੋ ਡਿਜਾਈਨਿੰਗ ਮੁਕਾਬਲੇ ਵਿੱਚ ਨੰਦਨੀ ਅਤੇ ਸਿਮਰਨ ਨੇ ਪਹਿਲਾ ਇਨਾਮ, ਮਨਮੀਤ ਨੇ ਦੂਜਾ ਇਨਾਮ ਅਤੇ 10+1 ਵਿੱਚੋਂ ਤੀਆ ਅਤੇ ਖੁਸ਼ਬੂ ਨੇ ਤੀਜਾ ਇਨਾਮ ਪ੍ਰਾਪਤ ਕੀਤਾ। ਪ੍ਰਤੀਯੋਗਿਤਾ ਦੇ ਪ੍ਰਧਾਨ ਜੱਜ ਸ੍ਰੀਮਤੀ ਰਜਨੀ ਕਪੂਰ, ਕਾਮਰਸ ਵਿਭਾਗ ਅਤੇ ਸ੍ਰੀਮਤੀ ਦਿਵਿਆ ਬੁਧੀਆ, ਇਕਨੌਮਿਕਸ ਵਿਭਾਗ ਸਨ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਮੈਨੇਜਮੈਂਟ ਕਮੇਟੀ ਦੇ ਮੈਂਬਰ ਅਤੇ ਕਾਲਜ ਦੇ ਪ੍ਰਿੰਸੀਪਲ ਪ੍ਰੋ: (ਡਾ:) ਪੂਜਾ ਪਰਾਸ਼ਰ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸ਼ਮੂਲੀਅਤ ਲਈ ਵਧਾਈ ਦਿੱਤੀ। ਉਨ੍ਹਾਂ ਨੇ ਸਕੂਲ ਦੇ ਇੰਚਾਰਜ ਸ੍ਰੀਮਤੀ ਸੁਸ਼ਮਾ ਸ਼ਰਮਾ ਦੇ ਯੋਗ ਦਿਸ਼ਾ-ਨਿਰਦੇਸ਼ਾਂ ਹੇਠ ਸਮਾਗਮ ਨੂੰ ਸਫਲਤਾਪੂਰਵਕ ਕਰਵਾਉਣ ਲਈ ਕਾਮਰਸ ਵਿਭਾਗ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਵੀ ਸ਼ਲਾਘਾ ਕੀਤੀ।

# ਸੰਤ ਬਾਬਾ ਰਾਮ ਸਿੰਘ ਦੀ 23ਵੀਂ ਬਰਸੀ ਮੌਕੇ ਧਾਰਮਿਕ ਸਮਾਗਮ 6 ਨੂੰ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**—ਸੰਤ ਬਾਬਾ ਰਾਮ ਸਿੰਘ ਜੀ ਦੀ 23ਵੀਂ ਬਰਸੀ ਡੇਰਾ ਬੁੰਗਾ ਸਾਹਿਬ ਪਿੰਡ ਤਾਜੇਵਾਲ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 6 ਜੁਲਾਈ ਨੂੰ ਬਹੁਤ ਹੀ ਸਤਿਕਾਰ ਸਹਿਤ ਮਨਾਈ ਜਾ ਰਹੀ ਹੈ। ਡੇਰੇ ਦੇ ਮੁੱਖ ਸੰਚਾਲਕ ਸੰਤ ਬਾਬਾ ਮਹਾਂਵੀਰ ਸਿੰਘ ਨੇ ਦੱਸਿਆ ਕਿ 4 ਜੁਲਾਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ, ਜਿਨ੍ਹਾਂ ਦੇ ਭੋਗ 6 ਜੁਲਾਈ ਨੂੰ ਪੈਣਗੇ। ਕੀਰਤਨੀ ਜਥੇ ਸੰਗਤਾਂ ਨੂੰ ਕਥਾ ਕੀਰਤਨ ਰਾਹੀਂ ਅਕਾਲ ਪੁਰਖ ਦੀ ਉਸਤਤ ਨਾਲ ਜੋੜਨਗੇ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਕਰਵਾਉਣ ਦਾ ਮੁੱਖ ਮਨੋਰਥ ਸੰਗਤਾਂ ਨੂੰ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਮਿਲਦੇ ਸਰਬੱਤ ਦੇ ਭਲੇ ਦੇ ਸੰਦੇਸ਼ ਤੋਂ ਜਾਣੂ ਕਰਵਾਉਣਾ ਹੈ, ਉਸਦੇ ਨਾਲ ਹੀ ਸੰਤ ਬਾਬਾ ਰਾਮ ਸਿੰਘ ਜੀ ਦੇ ਪਰਉਪਕਾਰੀ ਕਾਰਜਾਂ ਦੀ ਸੰਗਤਾਂ ਨਾਲ ਸਾਂਝ ਪਾਉਣਾ ਹੈ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਚੱਲੇਗਾ।

# ਪੰਜ ਕਿਸਾਨ ਜਥੇਬੰਦੀਆਂ ਵੱਲੋਂ ਪਾਣੀ, ਵਾਤਾਵਰਣ ਤੇ ਸੰਘੀ ਢਾਂਚੇ ਬਾਰੇ ਮੋਰਚੇ ਲਈ ਮੀਟਿੰਗ



**ਚੰਡੀਗੜ੍ਹ**- ਪੰਜ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਕੁੱਲ ਹਿੰਦ ਕਿਸਾਨ ਫੈਡਰੇਸ਼ਨ, ਕਿਸਾਨ ਸੰਘਰਸ਼ ਕਮੇਟੀ, ਆਜਾਦ ਕਿਸਾਨ ਸੰਘਰਸ਼ ਕਮੇਟੀ ਅਤੇ ਭਾਰਤੀ ਕਿਸਾਨ ਯੂਨੀਅਨ (ਮਾਨਸਾ) ਦੀ ਜਨਰਲ ਬਾਡੀ ਦੀ ਮੀਟਿੰਗ ਕਿਸਾਨ ਭਵਨ ਚੰਡੀਗੜ੍ਹ ਵਿਖੇ ਪਾਣੀ ਦੇ ਗੰਭੀਰ ਸੰਕਟ, ਵਾਤਾਵਰਣ ਪ੍ਰਦੂਸ਼ਣ ਅਤੇ ਰਾਜ ਦੇ ਸੰਘੀ ਢਾਂਚੇ 'ਤੇ ਹਮਲੇ ਦੀ ਸਮੱਸਿਆ ਨੂੰ ਲੈ ਕੇ ਸ਼ੁਰੂ ਕੀਤੇ ਜਾਣ ਵਾਲੇ ਮੋਰਚੇ ਦੀ ਤਿਆਰੀ ਲਈ ਹੋਈ। ਮੀਟਿੰਗ ਵਿੱਚ ਪੰਜ ਯੂਨੀਅਨਾਂ ਦੇ 135 ਦੇ ਕਰੀਬ ਸੂਬਾਈ, ਜ਼ਿਲ੍ਹਾ ਤੇ ਬਲਾਕ ਪ੍ਰਧਾਨਾਂ ਤੇ ਸਕੱਤਰਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦੀ ਪ੍ਰਧਾਨਗੀ ਬਲਬੀਰ ਸਿੰਘ ਰਾਜੇਵਾਲ, ਪ੍ਰੇਮ ਸਿੰਘ ਭੰਗੂ, ਕੰਵਲਪ੍ਰੀਤ ਸਿੰਘ ਪੰਨੂ, ਬੋਘ ਸਿੰਘ ਮਾਨਸਾ ਅਤੇ ਹਰਜਿੰਦਰ ਸਿੰਘ ਟਾਂਡਾ ਨੇ ਆਪੋ-ਆਪਣੀਆਂ ਯੂਨੀਅਨਾਂ ਦੇ ਪ੍ਰਧਾਨਾਂ ਨੇ ਕੀਤੀ। ਮੀਟਿੰਗ ਨੇ ਪੰਜਾਬ ਅਤੇ ਕੇਂਦਰ ਸਰਕਾਰਾਂ ਨੂੰ ਲੰਮੇ ਸਮੇਂ ਤੋਂ ਚੱਲ ਰਹੇ ਵਿਵਾਦ ਅਤੇ ਪਾਣੀ ਦੀ ਗਲਤ ਵੰਡ ਦੇ ਹੱਲ ਲਈ ਨੋਟਿਸ ਅਤੇ ਚੇਤਾਵਨੀ ਦੇਣ ਲਈ 5 ਅਗਸਤ ਨੂੰ ਗੁਰਦੁਆਰਾ ਅੰਬ ਸਾਹਿਬ, ਮੋਹਾਲੀ ਵਿਖੇ ਵਿਸ਼ਾਲ ਰੈਲੀ ਕਰਨ ਦਾ ਫੈਸਲਾ ਕੀਤਾ ਹੈ, ਜੋ ਕਿ ਹੁਣ ਸੂਬੇ ਵਿੱਚ ਇੱਕ ਨਾਜ਼ੁਕ ਪੜਾਅ ਅਖਤਿਆਰ ਕਰ ਚੁੱਕਾ ਹੈ। ਧਰਤੀ ਹੇਠਲਾ ਪਾਣੀ ਅਗਲੇ ਕੁਝ ਸਾਲਾਂ ਵਿੱਚ ਸੁੱਕਣ ਜਾ ਰਿਹਾ ਹੈ ਜਦੋਂ ਕਿ ਸਰਕਾਰਾਂ ਦੇ ਗਲਤ ਫੈਸਲਿਆਂ ਕਾਰਨ ਬਹੁਤਾ ਦਰਿਆਈ ਪਾਣੀ ਗੈਰ ਰਿਪੇਰੀਅਨ ਰਾਜਾਂ ਨੂੰ ਵਹਿ ਰਿਹਾ ਹੈ। ਰੈਲੀ ਦੀ ਤਿਆਰੀ ਲਈ ਜਥੇਬੰਦੀਆਂ ਨੇ ਲੋਕਾਂ ਨੂੰ ਲਾਮਬੰਦ ਕਰਨ ਲਈ ਸੂਬੇ ਭਰ ਵਿੱਚ 10 ਵੱਡੀਆਂ ਕਾਨਫਰੰਸਾਂ ਕਰਨ ਦਾ ਫੈਸਲਾ ਕੀਤਾ ਹੈ। 17 ਜੁਲਾਈ ਨੂੰ ਅਬੋਹਰ, 18 ਜੁਲਾਈ ਨੂੰ ਖਡੂਰ ਸਾਹਿਬ, 19 ਜੁਲਾਈ ਨੂੰ (ਜਲੰਧਰ), 20 ਜੁਲਾਈ ਨੂੰ ਗੁਰਦਾਸਪੁਰ, 22 ਜੁਲਾਈ ਨੂੰ ਰੋਪੜ, 23 ਜੁਲਾਈ ਨੂੰ ਖੰਨਾ, 25 ਜੁਲਾਈ ਨੂੰ ਪਟਿਆਲਾ, 26 ਜੁਲਾਈ ਨੂੰ ਬਰਨਾਲਾ, 28 ਜੁਲਾਈ ਨੂੰ ਵਜੀਦਪੁਰ ਅਤੇ 29 ਜੁਲਾਈ ਨੂੰ ਸੰਗਰੂਰ ਵਿਖੇ ਕਾਨਫਰੰਸਾਂ ਕੀਤੀਆਂ ਜਾਣਗੀਆਂ। ਇਸ ਤੋਂ ਬਾਅਦ 5 ਅਗਸਤ ਦੀ ਰੈਲੀ ਹੋਵੇਗੀ। ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਸਤਲੁਜ ਦਾ ਪਾਣੀ ਐਸਵਾਈਐਲ ਦੀ ਬਜਾਏ ਹਿਮਾਚਲ ਪ੍ਰਦੇਸ਼ ਰਾਹੀਂ ਸਿੱਧਾ ਹਰਿਆਣਾ ਨੂੰ ਲਿਜਾਣ ਦੀ ਚਲਾਕੀ ਦੀ ਨਿਖੇਧੀ ਕੀਤੀ। ਕੇਂਦਰ ਵੱਲੋਂ ਬੀਬੀਐਮਬੀ ਤੋਂ ਹਿਮਾਚਲ ਪ੍ਰਦੇਸ਼ ਨੂੰ ਪਾਣੀ ਲਈ ਦਿੱਤੀ ਗਈ ਐਨਓਸੀ ਅਰਥਹੀਣ ਹੈ ਕਿਉਂਕਿ ਹਿਮਾਚਲ ਪ੍ਰਦੇਸ਼ ਨੂੰ ਪਹਿਲਾਂ ਹੀ ਜ਼ਿਆਦਾ ਪਾਣੀ ਮਿਲ ਰਿਹਾ ਹੈ। ਉਨ੍ਹਾਂ ਪੈਟਰੋਲ ਅਤੇ ਡੀਜਲ ਦੀਆਂ ਕੀਮਤਾਂ ਵਿੱਚ ਕੀਤੇ ਵਾਧੇ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਅਤੇ ਪਾਵਰਕੌਮ ਖਿਲਾਫ ਅੰਦੋਲਨ ਕਰ ਰਹੇ ਕਿਸਾਨਾਂ ਦੇ ਅੰਦੋਲਨ ਦੀ ਹਮਾਇਤ ਕਰਦਿਆਂ ਸਰਕਾਰ ਨੂੰ ਉਨ੍ਹਾਂ ਦੀਆਂ ਮੰਗਾਂ 'ਤੇ ਗੌਰ ਕਰਨ ਦੀ ਅਪੀਲ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਜਿੰਦਰ ਸਿੰਘ ਕੋਟ ਪਨੈਚ ਜਨਰਲ ਸਕੱਤਰ ਬੀ.ਕੇ.ਯੂ.(ਰਾਜੇਵਾਲ), ਨੇਕ ਸਿੰਘ ਖੋਖ, ਗੁਲਜਾਰ ਸਿੰਘ ਸਲੇਮਪੁਰ, ਘੁੰਮਣ ਸਿੰਘ ਰਾਜਗੜ੍ਹ, ਦਲਬੀਰ ਸਿੰਘ ਬੇਦਾਦਪੁਰ, ਸਰਤਾਜ ਸਿੰਘ, ਪਵਨ ਕੁਮਾਰ ਸੋਗਲਪੁਰ, ਜੋਰਾ ਸਿੰਘ, ਬੇਅੰਤ ਸਿੰਘ ਮਹਿਮਾਸਰਜਾ, ਕਸਮੀਰਾ ਸਿੰਘ, ਗੁਰਮੀਤ ਸਿੰਘ ਕਪਿਆਲ, ਪਰਮਜੀਤ ਸਿੰਘ ਬੈਦਵਾਨ, ਕਿਰਪਾਲ ਸਿੰਘ ਸਿਆਊ, ਨਿਰਭੈ ਸਿੰਘ, ਦਰਸ਼ਨ ਸਿੰਘ, ਦਿਲਰਾਜ ਸਿੰਘ, ਸੁਖਵਿੰਦਰ ਸਿੰਘ, ਤਰਲੋਚਨ ਸਿੰਘ, ਭੁਪਿੰਦਰ ਸਿੰਘ,ਸੰਤੋਖ ਸਿੰਘ, ਮਨਮੋਹਨ ਸਿੰਘ, ਦਵਿੰਦਰ ਸਿੰਘ ਲੇਹਲਾਂ, ਇਕਬਾਲ ਸਿੰਘ, ਲਖਵਿੰਦਰ ਸਿੰਘ, ਸੁਖਵਿੰਦਰ ਸਿੰਘ ਅਤੇ ਹਰਪਾਲ ਸਿੰਘ ਹਾਜਰ ਸਨ।

# ਡਾ. ਨਵਸ਼ਰਨ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਦੀ ਤਰਕਸ਼ੀਲਾਂ ਵੱਲੋਂ ਸਖ਼ਤ ਨਿਖੇਧੀ



**ਖਰੜ (ਹਰਨਾਮ ਸਿੰਘ ਡੱਲਾ)** ਤਰਕਸ਼ੀਲ ਸੁਸਾਇਟ ਖਰੜ ਦੇ ਆਗੂਆਂ ਵੱਲੋਂ ਮਨੁੱਖੀ ਅਧਿਕਾਰਾਂ ਦੀ ਕਾਰਕੁੰਨ ਅਤੇ ਉੱਘੀ ਵਿਦਵਾਨ ਡਾ.ਨਵਸ਼ਰਨ ਨੂੰ ਕੇਂਦਰੀ ਏਜੰਸੀ ਈਡੀ ਵੱਲੋਂ ਬਿਨਾਂ ਕਿਸੇ ਦੋਸ਼ ਤੋਂ ਪੁਛਗਿੱਛ ਦੀ ਆੜ ਹੇਠ ਸੰਮਨ ਭੇਜ ਕੇ ਮਾਨਸਿਕ ਤੌਰ 'ਤੇ ਪਰੇਸ਼ਾਨ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਮੀਡੀਆ ਇੰਚਾਰਜ ਕਰਮਜੀਤ ਸਕਰੁੱਲਾਂਪੁਰੀ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਦੋ ਅਹਿਮ ਮੁੱਦੇ ਵਿਸਥਾਰ ਸਹਿਤ ਵਿਚਾਰੇ ਗਏ ਜਿਨ੍ਹਾਂ ਵਿੱਚੋਂ ਇੱਕ ਮੁੱਦਾ ਤਾਂ ਡਾ.ਨਵਸ਼ਰਨ ਨੂੰ ਨਾਜਾਇਜ਼ ਪ੍ਰੇਸ਼ਾਨ ਕਰਨ ਦੇ ਸੰਬੰਧ ਵਿੱਚ ਸੀ ਤੇ ਦੂਜਾ ਮੁੱਦਾ ਮੋਰਿੰਡਾ ਇਲਾਕੇ ਦੇ ਵਿਦਿਆਰਥੀਆਂ ਨੂੰ ਵਿਗਿਆਨਕ ਚੇਤਨਾ ਪਰਖ ਪ੍ਰੀਖਿਆ ਨਾਲ ਜੋੜਨ ਦਾ ਸੀ। ਹਾਜ਼ਰ ਤਰਕਸ਼ੀਲਾਂ ਨੇ ਆਪੋ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅਗਾਂਹਵਧੂ ਅਤੇ ਲੋਕਪੱਖੀ ਸੋਚ ਸਮਝ ਰੱਖਣ ਵਾਲੀਆਂ ਜਥੇਬੰਦੀਆਂ ਨੇ ਕੇਂਦਰੀ ਏਜੰਸੀ ਈਡੀ ਦੇ ਮਨਸੂਬਿਆਂ ਨੂੰ ਸਮਝ ਲਿਆ ਹੈ ਅਤੇ ਇਸੇ ਕੜੀ ਵਿੱਚ ਲੋਕ ਲਹਿਰ ਉਸਾਰੀ ਜਾ ਰਹੀ ਹੈ। ਜਥੇਬੰਦੀ ਖਰੜ ਦੇ ਮੁਖੀ ਕੁਲਵਿੰਦਰ ਨਗਾਰੀ ਨੇ ਕਿਹਾ ਕਿ ਡਾ.ਨਵਸ਼ਰਨ ਸਾਮਰਾਜੀ ਆਰਥਿਕ ਨੀਤੀਆਂ ਅਤੇ ਕਾਲੇ ਕਾਨੂੰਨਾਂ ਦੇ ਵਿਰੋਧ ਵਿੱਚ ਲਗਾਤਾਰ ਆਪਣੀ ਬੇਖ਼ੌਫ ਅਵਾਜ਼ ਬੁਲੰਦ ਕਰਦੇ ਆ ਰਹੇ ਹਨ। ਜਿਸ ਦੇ ਭੈ ਕਾਰਨ ਕੇਂਦਰੀ ਏਜੰਸੀਆਂ ਅਤੇ ਰੂੜੀਵਾਦੀ ਕੇਂਦਰੀ ਸਰਕਾਰ ਹੁਣ ਉਹਨਾਂ ਨੂੰ ਅਤੇ ਮਾਨਵੀ ਸੋਚ ਰੱਖਦੇ ਵਿਦਵਾਨਾਂ, ਲੇਖਕਾਂ, ਸਮਾਜਿਕ ਕਾਰਕੁੰਨਾ ਅਤੇ ਵੱਖ ਵਿਚਾਰ ਰੱਖਦੇ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰ ਰਹੀਆਂ ਹਨ ਜਿਸ ਦਾ ਇਸ ਦਾ ਤਿੱਖਾ ਵਿਰੋਧ ਕੀਤਾ ਜਾਵੇਗਾ।

ਜੋਨ ਚੰਡੀਗੜ੍ਹ ਦੇ ਮੁਖੀ ਪ੍ਰਿੰ ਗੁਰਮੀਤ ਖਰੜ ਨੇ ਸਾਂਝੇ ਤੌਰ 'ਤੇ ਕਿਹਾ ਕਿ ਇਸ ਵਾਰ ਤਰਕਸ਼ੀਲ ਸੁਸਾਇਟੀ ਦੀ ਚੇਤਨਾ ਪਰਖ ਪ੍ਰੀਖਿਆ ਵਿੱਚ ਮੋਰਿੰਡਾ ਇਲਾਕੇ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੀ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਵਾਈ ਜਾਵੇਗੀ। ਇਸ ਮੌਕੇ ਸੁਜਾਨ ਬਡਾਲਾ, ਪੀ ਪੀ ਸਿੰਘ ,ਬਿਕਰਮਜੀਤ ਸੋਨੀ ਅਤੇ ਮਾਸਟਰ ਜਰਨੈਲ ਸਹੌੜਾਂ ਨੇ ਕਿਹਾ ਕਿ ਵਿਗਿਆਨਕ ਦ੍ਰਿਸ਼ਟੀਕੋਣ ਰੱਖਣ ਨਾਲ ਹੀ ਅਸੀਂ ਸਾਰੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਮਸਲਿਆਂ ਪ੍ਰਤੀ ਸਹੀ ਪਹੁੰਚ ਰੱਖ ਸਕਦੇ ਹਾਂ।

# ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ 'ਚ ਵਾਧਾ ਨਿੰਦਣਯੋਗ : ਖੁਣਖੁਣ



**ਮੇਹਟੀਆਣਾ ( ਜਗਤਾਰ ਸਿੰਘ ਭੁੰਗਰਨੀ )** ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਇਸ ਦੇ ਆਗੂ ਪੰਜਾਬ ਵਿੱਚ ਤਬਦੀਲੀ ਲਿਆਉਣ ਲਈ ਵੱਡੀਆਂ ਵੱਡੀਆਂ ਡੀਂਗਾਂ ਮਾਰਦੇ ਸਨ ਤੇ ਵਿਸ਼ਵਾਸ ਕਰਕੇ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਨੂੰ ਪੰਜਾਬ ਦੀ ਸੱਤਾ ਦੀ ਵਾਗਡੋਰ ਸੰਭਾਲੀ ਸੀ। ਪਰ ਸੱਤਾ ਤੇ ਕਾਬਜ ਹੋਣ ਤੋਂ ਬਾਅਦ ਭਗਵੰਤ ਮਾਨ ਦੀ ਸਰਕਾਰ ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਲੋਕ ਵਿਰੋਧੀ ਫੈਸਲੇ ਲੈ ਰਹੀ ਹੈ ਜਿਸ ਦੀ ਤਾਜਾ ਮਿਸਾਲ ਪੰਜਾਬ ਸਰਕਾਰ ਵੱਲੋਂ ਪੈਟਰੋਲ ਅਤੇ ਡੀਜਲ ਦੀਆਂ ਕੀਮਤਾਂ ਵਿੱਚ ਵਾਧਾ ਕਰਨਾ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਸ ਦੀ ਸਖਤ ਸ਼ਬਦਾਂ ਵਿੱਚ ਨਖੇਧੀ ਕਰਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਖੁਣਖੁਣ ਨੇ ਪਾਰਟੀ ਦੀ ਇੱਕ ਵਿਸ਼ੇਸ਼ ਮੀਟਿੰਗ ਦੌਰਾਨ ਕੀਤਾ। ਉਨ੍ਹਾਂ ਇਸ ਸਮੇਂ ਕਿਹਾ ਕਿ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਪਹਿਲਾਂ ਹੀ ਲੋਕਾਂ ਦਾ ਕਚੂਮਰ ਨਿਕਲਿਆ ਹੋਇਆ ਹੈ ਉੱਥੇ ਪੰਜਾਬ ਸਰਕਾਰ ਵੱਲੋਂ ਪਟਰੋਲ ਅਤੇ ਡੀਜਲ ਦੀਆਂ ਕੀਮਤਾਂ ਵਿੱਚ ਵਾਧਾ ਕਰਕੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਹੋਰ ਡੂੰਘਾ ਕਰ ਦਿੱਤਾ ਹ। ਪੰਜਾਬ ਸਰਕਾਰ ਦੀ ਇਹ ਬਹੁਤ ਨਿੰਦਣਯੋਗ ਕਾਰਵਾਈ ਹੈ ਜਿਸ ਦਾ ਖਮਿਆਜਾ ਭਗਵੰਤ ਮਾਨ ਸਰਕਾਰ ਨੂੰ ਆਉਣ ਵਾਲੀਆਂ ਚੋਣਾਂ 'ਚ ਹਾਰ ਦੇ ਰੂਪ ਵਿੱਚ ਭੁਗਤਣਾ ਪਵੇਗਾ। ਇਸ ਸਮੇਂ ਉਹਨਾਂ ਨਾਲ ਗੁਰਨਾਮ ਸਿੰਘ ਸਿੰਗੜੀਵਾਲਾ ਜਨਰਲ ਸਕੱਤਰ, ਪਰਮਿੰਦਰ ਸਿੰਘ ਖਾਲਸਾ ਮੁਕੇਰੀਆਂ, ਅਵਤਾਰ ਸਿੰਘ ਖਡਿਆਲਾ, ਸਤਵੰਤ ਸਿੰਘ ਮੁਰਾਦਪੁਰ, ਗੁਰਜੀਤ ਸਿੰਘ ਕੋਟਲੀ, ਨੰਬਰਦਾਰ ਮਨਜੀਤ ਸਿੰਘ, ਬਲਦੇਵ ਸਿੰਘ ਆਲੋਵਾਲ ਤੇ ਹਰਜੀਤ ਸਿੰਘ ਖਾਲਸਾ ਆਦਿ ਹਾਜਰ ਸਨ।

# ਸਤਿਗੁਰੂ ਰਵਿਦਾਸ ਜੀ ਦਾ ਜੋਤੀ-ਜੋਤ ਦਿਵਸ ਸਮਾਗਮ ਮਨਾਇਆ



**ਅਲਾਵਲਪੁਰ , (ਮਦਨ ਬੰਗੜ)**- ਡੇਰਾ ਬ੍ਰਹਮਲੀਨ ਸੰਤ ਸਰਵਣ ਦਾਸ ਮਹਾਰਾਜ ਜੀ ਸੱਚਖੰਡ ਬੱਲਾਂ ਵਿਖੇ ਮੌਜੂਦਾ ਗੱਦੀਨਸੀਨ ਸੰਤ ਨਿਰੰਜਣ ਦਾਸ ਮਹਾਰਾਜ ਦੀ ਸਰਪ੍ਰਸਤੀ ਹੇਠ ਹਾੜ ਦੀ ਪਾਵਨ ਸੰਗਰਾਂਦ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜਨਮ ਅਸਥਾਨ ਮੰਦਿਰ ਸ੍ਰੀ ਗੋਵਰਧਨਪੁਰ ਕਾਂਸੀ ਬਨਾਰਸ ਦਾ 58ਵਾਂ ਸਾਲਾਨਾ ਸਥਾਪਨਾ ਦਿਵਸ ਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 495ਵਾਂ ਜੋਤੀ ਸਮਾਉਣ ਦਿਵਸ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਜਾਪਾਂ ਦੀ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਵੱਖ- ਵੱਖ ਡੇਰਿਆਂ ਤੋਂ ਆਏ ਹੋਏ ਸੰਤ-ਮਹਾਪੁਰਸਾਂ ਤੇ ਕੀਰਤਨੀਏ ਜਥਿਆਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਜੀਵਨ ਮਹਿਮਾ ਦਾ ਹਾਜਰੀਨ ਸੰਗਤਾਂ ਨੂੰ ਗੁਰੂ ਜਸ ਸਰਵਣ ਕਰਵਾਇਆ।ਇਸ ਮੌਕੇ ਸੰਤ ਨਿਰੰਜਣ ਦਾਸ ਮਹਾਰਾਜ ਜੀ ਨੇ ਸੰਗਤਾਂ ਨੂੰ ਹਾੜ ਮਹੀਨੇ ਦਾ ਮਹੱਤਵ ਸਰਵਣ ਕਰਵਾਉਂਦਿਆਂ ਹਾਜਰੀਨ ਸੰਗਤਾਂ ਨੂੰ ਆਪਸੀ ਪ੍ਰੇਮ-ਪਿਆਰ, ਪ੍ਰਭੂ ਭਗਤੀ, ਨਸ਼ਿਆਂ ਰਹਿਤ ਜੀਵਨ ਬਤੀਤ ਕਰਨ ਤੇ ਬੱਚਿਆਂ ਨੂੰ ਵਿੱਦਿਆ ਗ੍ਰਹਿਣ ਕਰਨ ਲਈ ਪ੍ਰੇਰਿਆ। ਇਸ ਮੌਕੇ ਸੰਤ ਲੇਖਰਾਜ ਨੂਰਪੁਰ ਵਾਲੇ, ਜਨ, ਸਕੱਤਰ ਜੋਗਿੰਦਰ ਪਾਲ ਸੇਵਾਮੁਕਤ ਆਈ. ਆਰ. ਐੱਸ., ਜੁਆਇੰਟ ਸਕੱਤਰ ਧਰਮਪਾਲ ਸਿਮਕ, ਦਵਿੰਦਰ ਦਾਸ, ਹਰਦੇਵ ਦਾਸ, ਵਰਿੰਦਰ ਦਾਸ ਬੱਬੂ ( ਸੇਵਾਦਾਰ), ਸਮਾਜਸੇਵੀ ਸਵਰਨ ਦਾਸ ਬੰਗੜ ਯੂ. ਕੇ., ਨਿਰੰਜਣ ਦਾਸ ਚੀਮਾ, ਨਿਰਮਲ ਸਿੰਘ, ਪ੍ਰੀਤਮ ਦਾਸ ( ਮੈਨੇਜਰ), ਬਾਬਾ ਸੁਖਦੇਵ ਸੁੱਖੀ, ਗਿਆਨੀ ਕੁਲਵੰਤ ਸਿੰਘ ਕਜਲਾ, ਸੁਰਜੀਤ ਸਿੰਘ ਜੱਸਲ, ਰੋਸ਼ਨ ਲਾਲ ਸੋਧੀ, ਸੇਵਾਮੁਕਤ ਰੇਂਜ ਅਫਸਰ ਸਤਪਾਲ ਸਿੰਘ ਬੰਗੜ ਆਦਿ ਹਾਜਰ ਸਨ । ਸਮਾਗਮ ਦੌਰਾਨ ਮੰਚ ਸੰਚਾਲਨ ਦੀਆਂ ਸੇਵਾਵਾਂ ਸੇਵਾਦਾਰ ਦਵਿੰਦਰ ਦਾਸ ਨੇ ਬਾਖੂਬੀ ਨਿਭਾਈਆਂ।

# ਏਜੰਟਾਂ ਖਿਲਾਫ ਸਰਕਾਰ ਦੀ ਚੁੱਪੀ ਸ਼ਰਮਨਾਕ : ਜੀਵਨ ਗੁਪਤਾ

**ਜਲੰਧਰ ( ਸ਼ੈਲੀ ਅਲਬਰਟ )** : ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਜੀਵਨ ਗੁਪਤਾ ਨੇ ਕੈਨੇਡਾ ਸਰਕਾਰ ਵਲੋਂ ਡਿਪੋਰਟ ਕੀਤੇ ਜਾਣ ਵਾਲੇ ਲਗਭਗ 700 ਵਿਦਿਆਰਥੀਆਂ ਦੇ ਭਵਿੱਖ ਨੂੰ ਦੇਖਦੇ ਹੋਏ ਇਸ ਮਾਮਲੇ 'ਚ ਖੁਦ ਦਖਲ ਦੇ ਕੇ ਉਹਨਾਂ ਦਾ ਡਿਪੋਰਟ ਰੁਕਵਾਉਣ ਲਈ ਕੇਂਦਰੀ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਕੇਂਦਰ ਸਰਕਾਰ ਵੱਲੋਂ ਸਹੀ ਸਮੇਂ 'ਤੇ ਚੁੱਕਿਆ ਗਿਆ ਬਹੁਤ ਹੀ ਸ਼ਲਾਘਾਯੋਗ ਕਦਮ ਹੈ, ਜੋ ਕਿ ਕੇਂਦਰੀ ਵਿਦੇਸ ਮੰਤਰੀ ਜੈਸ਼ੰਕਰ ਵੱਲੋਂ ਵਿਦਿਆਰਥੀਆਂ ਦੇ ਭਵਿੱਖ ਨੂੰ ਹਨੇਰੇ ਵਿੱਚ ਜਾਣ ਤੋਂ ਬਚਾਉਣ ਲਈ ਨਿੱਜੀ ਤੌਰ 'ਤੇ ਚੁੱਕਿਆ ਗਿਆ ਹੈ। ਪਰ ਬੜੀ ਸ਼ਰਮ ਦੀ ਗੱਲ ਹੈ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਸਿੱਖਿਆ ਦੇ ਨਾਂ 'ਤੇ ਧੋਖਾਧੜੀ ਕਰਕੇ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲੀਆਂ ਇਨ੍ਹਾਂ ਕਥਿਤ ਇਮੀਗ੍ਰੇਸ਼ਨ ਕੰਪਨੀਆਂ ਅਤੇ ਜਲੰਧਰ ਦੀਆਂ ਇਨ੍ਹਾਂ ਦੇ ਏਜੰਟਾਂ ਖਿਲਾਫ ਹਾਲੇ ਤੀਕ ਨਾ ਤਾਂ ਕੋਈ ਕੇਸ ਦਰਜ ਕੀਤਾ ਹੈ ਅਤੇ ਨਾ ਹੀ ਅਜੇ ਤੱਕ ਕੋਈ ਕਾਰਵਾਈ ਕੀਤੀ ਹੈ। ਇਹ ਸਾਰੇ ਵਿਦਿਆਰਥੀ ਪਿਛਲੇ ਕਰੀਬ ਚਾਰ ਸਾਲਾਂ (2018-19 ਵਿੱਚ) ਤੋਂ ਉੱਥੇ ਪੜ੍ਹ ਰਹੇ ਸਨ ਅਤੇ ਹੁਣ ਜਦੋਂ ਉਨ੍ਹਾਂ ਨੇ ਪੀ ਆਰ ਲਈ ਅਪਲਾਈ ਕੀਤਾ ਤਾਂ ਕੈਨੇਡਾ ਸਰਕਾਰ ਵੱਲੋਂ ਜਾਂਚ ਦੌਰਾਨ ਇਨ੍ਹਾਂ ਦੇ ਦਸਤਾਵੇਜ ਜਾਅਲੀ ਪਾਏ ਗਏ।

ਕੈਨੇਡਾ ਸਰਕਾਰ ਵੱਲੋਂ ਉਨ੍ਹਾਂ ਨੂੰ ਕੱਢਣ ਦਾ ਹੁਕਮ ਜਾਰੀ ਕੀਤਾ ਗਿਆ ਸੀ ਜਿਸ ਕਾਰਨ ਇਹ ਸਾਰੇ ਵਿਦਿਆਰਥੀ ਬਹੁਤ ਪ੍ਰੇਸ਼ਾਨ ਸਨ। ਗੁਪਤਾ ਨੇ ਕੇਂਦਰੀ ਮੰਤਰੀ ਐਸ. ਜੈਸ਼ੰਕਰ ਤੋਂ ਮੰਗ ਕੀਤੀ ਕਿ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲੀਆਂ 'ਐਜੂਕੇਸ਼ਨ ਮਾਈਗ੍ਰੇਸ਼ਨ ਸਰਵਿਸਿਜ' ਅਤੇ ਅਜਿਹੀਆਂ ਹੋਰ ਇਮੀਗ੍ਰੇਸ਼ਨ ਸੇਵਾਵਾਂ ਦੇਣ ਵਾਲੀਆਂ ਕੰਪਨੀਆਂ 'ਤੇ ਸ਼ਿਕੰਜਾ ਕੱਸਿਆ ਜਾਵੇ ਅਤੇ ਉਪਰੋਕਤ ਐਜੂਕੇਸ਼ਨ ਮਾਈਗ੍ਰੇਸ਼ਨ ਸਰਵਿਸਿਜ ਵਿਰੁੱਧ ਕਾਰਵਾਈ ਕੀਤੀ ਜਾਵੇ।

# ਪ੍ਰਿੰਸੀਪਲ ਸੋਧੀ ਦੀ ਕੀਤੀ ਬਦਲੀ ਰੱਦ ਕੀਤੀ ਜਾਵੇ-ਡੀ ਟੀ ਐੱਫ

**ਜਲੰਧ ((ਕੇਸਰ)**-,ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਨੇ ਸਰਕਾਰੀ (ਕੰਨਿਆ) ਸੀਨੀਅਰ ਸੈਕੰਡਰੀ ਸਕੂਲ ਮਲਸੀਆਂ ਦੇ ਪ੍ਰਿੰਸੀਪਲ ਹਰਪ੍ਰੀਤ ਸਿੰਘ ਸੋਧੀ ਕੀਤੀ ਬਦਲੀ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ। ਡੀ.ਟੀ.ਐਫ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ,ਸੀਨੀਅਰ ਮੀਤ ਪ੍ਰਧਾਨ ਸਰਵਨ ਸਿੰਘ ਔਜਲਾ,ਮੀਤ ਪ੍ਰਧਾਨ ਸੁਖਵਿੰਦਰ ਸਿੰਘ ਸੁੱਖੀ,ਜਨਰਲ ਸਕੱਤਰ ਬਲਬੀਰ ਲੌਂਗੋਵਾਲ,ਜਥੇਬੰਦਕ ਸਕੱਤਰ ਕਰਨੈਲ ਸਿੰਘ ਚਿੱਟੀ,ਪ੍ਰੈਸ ਸਕੱਤਰ ਗੁਰਮੀਤ ਸਿੰਘ ਕੋਟਲੀ ਅਤੇ ਵਿੱਤ ਸਕੱਤਰ ਜਸਵਿੰਦਰ ਸਿੰਘ ਨੇ ਪ੍ਰੈਸ ਬਿਆਨ ਜਾਰੀ ਕਰਦੇ ਕਿਹਾ ਕਿ ਪ੍ਰਿੰਸੀਪਲ ਹਰਪ੍ਰੀਤ ਸਿੰਘ ਸੋਧੀ ਨੇ ਨਾ ਤਾਂ ਬਦਲੀ ਲਈ ਅਪਲਾਈ ਕੀਤਾ ਅਤੇ ਨਾ ਹੀ ਵਿਭਾਗ ਨੇ ਬਦਲੀ ਕਰਨ ਸਮੇਂ ਉਨ੍ਹਾਂ ਦੀ ਕੋਈ ਸਹਿਮਤੀ ਲਈ ਗਈ। ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀ ਅਧਿਆਪਕਾਂ ਤੋਂ ਲੈ ਕੇ ਪ੍ਰਿੰਸੀਪਲਾਂ ਤੱਕ ਦੀਆਂ ਬਦਲੀਆਂ ਕਰਨ ਲਈ ਉਨ੍ਹਾਂ ਕੋਲੋ ਸਹਿਮਤੀ ਲੈਂਦੇ ਹਨ। ਪਰ ਉਕਤ ਪ੍ਰਿੰਸੀਪਲ ਦੀ ਬਿਨਾਂ ਸਹਿਮਤੀ ਤੋਂ ਹੀ ਸਰਕਾਰੀ (ਕੰਨਿਆ) ਸ.ਸ.ਸ.ਮਲਸੀਆਂ ਤੋਂ ਸ.ਸ.ਸ.ਸ.ਬਾਜਵਾ ਕਲਾਂ ਦੀ ਬਦਲੀ ਕਰਕੇ ਉਸ ਨਾਲ ਧੱਕਾ ਕੀਤਾ ਗਿਆ ਹੈ। ਸੂਬਾਈ ਅਧਿਆਪਕ ਆਗੂਆਂ ਨੇ ਕਿਹਾ ਕਿ ਪ੍ਰਿੰਸੀਪਲ ਦੀ ਬਦਲੀ ਹੋ ਜਾਣ ਨਾਲ ਮਲਸੀਆਂ ਸਕੂਲ ਵਿਚ ਚੱਲ ਰਹੇ ਸਾਇੰਸ ਗਰੁੱਪ ਦੇ ਬੰਦ ਹੋਣ ਦੇ ਆਸਾਰ ਪੈਦਾ ਹੋ ਗਏ ਹਨ। ਮਲਸੀਆਂ ਸਕੂਲ ਵਿਚ ਪੜ੍ਹਦੀਆਂ ਵਿਦਿਆਰਥਣਾਂ ਦੀ ਪੜ੍ਹਾਈ ਨੂੰ ਮੱਦੇ ਨਜ਼ਰ ਰੱਖਦਿਆ ਉਨ੍ਹਾਂ ਦੀ ਬਦਲੀ ਤੁਰੰਤ ਰੱਦ ਕੀਤੀ ਜਾਣੀ ਚਾਹੀਦੀ ਹੈ।

# ਸੀ-ਪਾਈਟ ਤਲਵਾੜਾ ਵਿਖੇ ਫਿਜ਼ੀਕਲ ਤੇ ਲਿਖਤੀ ਪੇਪਰ ਦੀ ਮੁਫ਼ਤ ਤਿਆਰੀ ਲਈ ਕੈਂਪ ਸ਼ੁਰੂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਜਿਲ੍ਹਾ ਰੋਜ਼ਗਾਰ ਅਫਸਰ ਗੁਰਮੇਲ ਸਿੰਘ ਵਲੋਂ ਦੱਸਿਆ ਗਿਆ ਕਿ ਸੀ-ਪਾਈਟ ਤਲਵਾੜਾ ਵਿਖੇ ਆਰਮੀ ਵਿੱਚ ਭਰਤੀ ਸਬੰਧੀ ਯੁਵਕਾਂ ਲਈ ਫਿਜ਼ੀਕਲ ਅਤੇ ਲਿਖਤੀ ਪੇਪਰ ਦੀ ਮੁਫ਼ਤ ਤਿਆਰੀ ਲਈ ਕੈਂਪ ਸ਼ੁਰੂ ਹੋ ਰਿਹਾ ਹੈ। ਸੀ-ਪਾਈਟ ਕੈਂਪ, ਤਲਵਾੜਾ ਦੇ ਕੈਂਪ ਇੰਚਾਰਜ ਸ਼ੀਤਲ ਕੁਮਾਰ ਵੱਲੋਂ ਦੱਸਿਆ ਗਿਆ ਕਿ ਜੋ ਯੁਵਕ ਫੌਜ, ਸੀ.ਆਰ.ਪੀ.ਐਫ., ਬੀ.ਐਸ.ਐਫ., ਨੇਵੀ, ਏਅਰ ਫੋਰਸ (ਸੀ.ਏ.ਪੀ.ਐਫ.) ਅਤੇ ਸਟੇਟ ਪੁਲਿਸ ਫੋਰਸ ਆਦਿ ਵਿੱਚ ਭਰਤੀ ਹੋਣਾ ਚਾਹੁੰਦੇ ਹਨ, ਉਨ੍ਹਾਂ ਯੁਵਕਾਂ ਦੀ ਫਿਜ਼ੀਕਲ ਅਤੇ ਲਿਖਤੀ ਪੇਪਰ ਦੀ ਤਿਆਰੀ ਕਰਨ ਦੇ ਹੁਸ਼ਿਆਰਪੁਰ ਜਿਲ੍ਹੇ ਦੇ ਚਾਹਵਾਨ ਯੁਵਕ ਜਲਦੀ ਤੋਂ ਜਲਦੀ ਸਵੇਰੇ 07:30 ਵਜੇ ਤੋਂ 11:00 ਵਜੇ ਤੱਕ (ਸੋਮਵਾਰ ਤੋਂ ਸ਼ੁੱਕਰਵਾਰ ਤੱਕ) ਸੀ-ਪਾਈਟ ਕੈਂਪ, ਤਲਵਾੜਾ ਵਿਖੇ ਹੇਠ ਲਿਖੇ ਦਸਤਾਵੇਜ਼ ਲੈ ਕੇ ਰਿਪੋਰਟ ਕਰ ਸਕਦੇ ਹਨ, ਕੈਂਪ ਵਿੱਚ ਆਉਣ ਸਮੇਂ



ਆਨਲਾਈਨ ਰਜਿਸਟਰੇਸ਼ਨ ਦੀ ਇੱਕ ਕਾਪੀ, ਦਸਵੀਂ ਦਾ ਅਸਲ ਸਰਟੀਫਿਕੇਟ, ਦਸਵੀਂ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਜੋ ਯੁਵਕ 10+2 ਪਾਸ ਹਨ, ਉਹ 10+2 ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਪੰਜਾਬ ਰੈਜ਼ੀਡੈਂਸ ਦੀ ਫੋਟੋ ਸਟੇਟ ਕਾਪੀ, ਜਾਤਿ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਆਧਾਰ ਕਾਰਡ ਦੀ ਫੋਟੋ ਸਟੇਟ ਕਾਪੀ, ਬੈਂਕ ਖਾਤੇ ਦੀ ਫੋਟੋਸਟੇਟ ਕਾਪੀ ਤੇ ਬੈਂਕ ਖਾਤਾ ਚਾਲੂ ਹਾਲਤ ਵਿੱਚ ਹੋਵੇ ਅਤੇ ਇੱਕ ਪਾਸਪੋਰਟ ਸਾਈਜ਼ ਦੀ ਫੋਟੋ, ਇੱਕ ਕਾਪੀ ਇੱਕ ਪੈੱਨ, ਖਾਣਾ ਖਾਣ ਲਈ ਬਰਤਨ, ਰਹਿਣ ਲਈ ਬਿਸਤਰਾ ਆਦਿ ਨਾਲ ਲੈ ਕੇ ਆਉਣ। ਯੁਵਕ ਦੀ ਛਾਤੀ ਬਿਨਾਂ ਫੁਲਾ ਕੇ 77 ਸੈਂਟੀਮੀਟਰ ਤੇ ਫੁਲਾ ਕੇ 82 ਸੈਂਟੀਮੀਟਰ, ਪੈਰਾ ਮਿਲਟਰੀ ਫੋਰਸਾਂ ਲਈ ਛਾਤੀ ਬਿਨਾਂ ਫੁਲਾ ਕੇ 80 ਸੈਂਟੀਮੀਟਰ ਤੇ ਫੁਲਾ ਕੇ 85 ਸੈਂਟੀਮੀਟਰ ਅਤੇ ਕੱਦ 05 ਫੁੱਟ 07 ਇੰਚ ਹੋਵੇ, ਇਸ ਤੋਂ ਇਲਾਵਾ ਯੁਵਕਾਂ ਨੂੰ ਸਰਕਾਰ ਵਲੋਂ ਵਜ਼ੀਫ਼ਾ ਗ੍ਰਾਂਟ ਮਿਲਣ ਉਪਰੰਤ ਪ੍ਰਤੀ ਯੁਵਕ 400/-ਰੁ: ਪ੍ਰਤੀ ਮਹੀਨਾ ਦੇ ਹਿਸਾਬ ਨਾਲ ਵਜ਼ੀਫ਼ਾ ਵੀ ਦਿੱਤਾ ਜਾਵੇਗਾ। ਕੈਂਪ ਵਿੱਚ ਰਹਿਣ ਸਮੇਂ ਖਾਣਾ ਅਤੇ ਰਿਹਾਇਸ਼ ਬਿਲਕੁੱਲ ਮੁਫ਼ਤ ਦਿੱਤੀ ਜਾਵੇਗੀ, ਚਾਹਵਾਨ ਯੋਗ ਪ੍ਰਾਰਥੀ ਵਧੇਰੇ ਜਾਣਕਾਰੀ ਲਈ ਸੀ-ਪਾਈਟ ਕੈਂਪ ਤਲਵਾੜਾ ਦੇ ਮੋਬਾਇਲ ਨੰਬਰਾ 99882-71125 ਅਤੇ 98788-47633 ਤੇ ਸੰਪਰਕ ਕਰ ਸਕਦੇ ਹਨ।

# ਡੀ ਟੀ ਐੱਫ ਸੰਗਰੂਰ ਦੇ ਆਗੂਆਂ 'ਤੇ ਦਰਜ ਝੂਠਾ ਮੁਕੱਦਮਾ ਖਾਰਜ ਕੀਤਾ

**ਜਲੰਧਰ (ਕੇਸਰ)** ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ,ਸੀਨੀਅਰ ਮੀਤ ਪ੍ਰਧਾਨ ਸਰਵਨ ਸਿੰਘ ਔਜਲਾ,ਮੀਤ ਪ੍ਰਧਾਨ ਸੁਖਵਿੰਦਰ ਸੁੱਖੀ,ਪ੍ਰੈਸ ਸਕੱਤਰ ਗੁਰਮੀਤ ਸਿੰਘ ਕੋਟਲੀ ਅਤੇ ਵਿੱਤ ਸਕੱਤਰ ਜਸਵਿੰਦਰ ਸਿੰਘ ਨੇ ਪ੍ਰੈਸ ਬਿਆਨ ਜਾਰੀ ਕਰਦਿਆ ਸੰਗਰੂਰ ਪੁਲੀਸ ਵੱਲੋਂ ਡੀ.ਟੀ.ਐਫ ਦੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ,ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ,ਪਰਵਿੰਦਰ ਸਿੰਘ,ਯਾਦਵਿੰਦਰ ਪਾਲ ਅਤੇ ਗੁਰਪ੍ਰੀਤ ਸਿੰਘ ਉੱਪਰ ਦਰਜ਼ ਕੀਤੇ ਝੂਠੇ ਮੁੱਕਦਮੇ ਨੂੰ ਤੁਰੰਤ ਖਾਰਜ ਕਰਨ ਦੀ ਮੰਗ ਕੀਤੀ ਹੈ। ਅਧਿਆਪਕ ਆਗੂਆਂ ਨੇ ਕਿਹਾ ਕਿ ਪਿਛਲੇ ਸਾਲ ਫਰੰਟ ਦੀ ਜ਼ਿਲ੍ਹਾ ਇਕਾਈ ਸੰਗਰੂਰ ਨੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀਆਂ ਦੇ ਵਿੱਦਿਅਕ ਟੂਰਾਂ ਦੀ ਪ੍ਰਵਾਨਗੀ ਲਈ ਜ਼ਿਲ੍ਹਾ ਸਿੱਖਿਆ ਅਫ਼ਸ਼ਰ (ਸੈ.ਸਿੱ) ਸੰਗਰੂਰ ਦੇ ਦਫਤਰ ਵਿਖੇ ਧਰਨਾ ਲਗਾਇਆ ਸੀ। ਤਤਕਾਲੀ ਡੀ.ਈ.ਓ ਅੰਗਰੇਜ ਸਿੰਘ ਨੇ ਟੂਰਾਂ ਦੀ ਪ੍ਰਵਾਨਗੀ ਦੇਣ ਦੀ ਬਿਜਾਏ ਅਧਿਆਪਕ ਆਗੂਆਂ ਉੱਪਰ ਝੂਠਾ ਮੁਕੱਦਮਾ ਦਰਜ ਕਰਵਾ ਦਿੱਤਾ ਸੀ। ਵਿਭਾਗ ਨੇ ਉਕਤ ਝੂਠੇ ਮੁਕੱਦਮੇ ਦੇ ਅਧਾਰ 'ਤੇ ਅਧਿਆਪਕਾਂ ਦੀਆਂ ਦੂਰ ਦੁਰੇਡੇ ਬਦਲੀਆਂ ਕਰਕੇ ਉਨ੍ਹਾਂ ਨੂੰ ਦੋਸ਼ ਸੂਚੀਆਂ ਵੀ ਜਾਰੀ ਕਰ ਦਿੱਤੀਆਂ ਸਨ। ਉਨ੍ਹਾਂ ਦੀ ਜਥੇਬੰਦੀ ਵੱਲੋਂ ਕੀਤੇ ਸੰਘਰਸ਼ ਸਦਕਾ ਸਰਕਾਰ ਨੇ ਅਧਿਆਪਕਾਂ ਦੀਆਂ ਬਦਲੀਆਂ ਤਾਂ ਰੱਦ ਦਿੱਤੀਆਂ ਸਨ,ਪਰ ਝੂਠਾ ਮੁਕੱਦਮਾ ਅਤੇ ਦੋਸ਼ ਸੂਝੀਆਂ ਨੂੰ ਵਾਪਸ ਨਹੀਂ ਲਿਆ ਗਿਆ। ਇਸ ਕਰਕੇ ਉਨ੍ਹਾਂ ਦੀ ਜਥੇਬੰਦੀ ਨੇ ਝੂਠਾ ਮੁਕੱਦਮਾ ਖਾਰਜ ਕਰਵਾਉਣ ਅਤੇ ਜਾਰੀ ਕੀਤੀਆਂ ਦੋਸ਼ ਸੂਚੀਆਂ ਨੂੰ ਰੱਦ ਕਰਵਾਉਣ ਲਈ ਦੁਬਾਰਾ ਸੰਘਰਸ਼ ਦਾ ਬਿਗਲ ਵਜਾਇਆ ਹੈ। ਸੰਘਰਸ਼ ਦੇ ਪਹਿਲੇ ਪੜਾਅ 'ਚ ਪੰਜਾਬ ਭਰ ਵਿਚ ਵਿਧਾਇਕਾਂ ਨੂੰ ਮੰਗ ਪੱਤਰ ਦੇ ਕੇ ਉਕਤ ਮੰਗਾਂ ਨੂੰ ਮੰਨਣ ਦੀ ਮੰਗ ਕੀਤੀ ਜਾ ਰਹੀ ਹੈ। ਇਸ ਤੋਂ ਬਾਅਦ ਵੀ ਜੇਕਰ ਉਨ੍ਹਾਂ ਦੀਆਂ ਮੰਗਾਂ ਨੂੰ ਨਾਂ ਮੰਨਿਆ ਗਿਆ ਤਾਂ ਉਹ ਪੰਜਾਬ ਭਰ ਵਿਚ ਸੰਘਰਸ਼ ਨੂੰ ਤੇਜ ਕਰ ਦੇਣਗੇ।

# ਏ ਐੱਸ ਆਈ ਕੁਲਦੀਪ ਸਿੰਘ ਨਮਿੱਤ ਅੰਤਮ ਅਰਦਾਸ ਭਲਕੇ



**ਬਹਿਰਾਮ (ਅਵਤਾਰ ਕਲੇਰ)** ਬਸਪਾ ਪੰਜਾਬ ਦੇ ਸਾਬਕਾ ਸੂਬਾ ਕਮੇਟੀ ਮੈਂਬਰ ਸਰਪੰਚ ਅਜੀਤ ਰਾਮ ਗੁਣਾਚੌਰ ਦੇ ਸਪੁੱਤਰ ਅਤੇ ਬਸਪਾ ਦੇ ਜ਼ਿਲ੍ਹਾ ਸਕੱਤਰ ਵਿਜੈ ਗੁਣਾਚੌਰ ਦੇ ਛੋਟੇ ਭਰਾ ਏ ਐੱਸ ਆਈ ਕੁਲਦੀਪ ਸਿੰਘ ਜੋ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ, ਉਹਨਾਂ ਨਮਿੱਤ ਅੰਤਿਮ ਅਰਦਾਸ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਗੁਣਾਚੌਰ ਵਿਖੇ 18 ਜੂਨ ਨੂੰ ਦੁਪਹਿਰ 12 ਵਜੇ ਨੂੰ ਹੋਵੇਗੀ।

ਧਾਰਮਿਕ ਸ਼ਖਸੀਅਤਾਂ ਅਤੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਸ਼ਰਧਾਂਜਲੀਆਂ ਭੇਟ ਕਰਨਗੇ ।

# ਨਵੇਂ ਐੱਸ ਐੱਚ ਓ ਦਾ ਕੀਤਾ ਸਵਾਗਤ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਦੋਆਬਾ ਜਨਰਲ ਕੈਟਾਗਰੀ ਫਰੰਟ ਦੇ ਪ੍ਰਧਾਨ ਬਲਵੀਰ ਸਿੰਘ ਫੁਗਲਾਣਾ ,ਜਨਰਲ ਸਕੱਤਰ ਜਗਤਾਰ ਸਿੰਘ ਭੁੰਗਰਨੀ ,ਕੈਸ਼ੀਅਰ ਜਸਵਿੰਦਰ ਸਿੰਘ ਸੰਘਾ , ਕਰਨਜੀਤ ਸਿੰਘ ਅਟਵਾਲ ਮੋਨਾਂ ਕਲਾਂ ,ਮਾ. ਅਵਤਾਰ ਸਿੰਘ ਮੋਨਾਂ ਖੁਰਦ,ਸੁਰਿੰਦਰ ਸਿੰਘ ਜੱਜ ਵੱਲੋਂ ਥਾਣਾ ਮੇਹਟੀਆਣਾ ਦੇ ਨਵੇਂ ਆਏ ਐਸ ਐਚ ਓ ਆਈ ਪੀ ਐਸ ਮੈਡਮ ਅਕਾਰਸੀ ਜੈਨ ਨੂੰ ਬੁੱਕਾ ਦੇ ਕੇ ਸਨਮਾਨਤ ਕਰਦੇ ਹੋਏ ਜੀ ਆਇਆਂ ਕਿਹਾ ਗਿਆ।

# ਸਰਹਾਲ ਕਾਜ਼ੀਆਂ ਵਿਖੇ ਬਾਬਾ ਜਵਾਹਰ ਸਿੰਘ ਝੰਡਾ ਦੀ ਯਾਦ 'ਚ ਮੇਲਾ ਮਨਾਇਆ



**ਬਹਿਰਾਮ (ਅਵਤਾਰ ਕਲੇਰ)** ਧੰਨ -ਧੰਨ ਬਾਬਾ ਜਵਾਹਰ ਸਿੰਘ ਝੰਡਾ ਜੀ ਦੇ ਅਸਥਾਨ ਸਰਹਾਲ ਕਾਜੀਆਂ ਵਿਖੇ ਸਾਲਾਨਾ ਮੇਲਾ ਮਨਾਇਆ ਗਿਆ । ਇਸ ਤਿੰਨ ਦਿਨਾਂ ਮੇਲੇ ਦੌਰਾਨ ਪਹਿਲੇ ਦੋ ਦਿਨ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ । ਨਿਸ਼ਾਨ ਸਾਹਿਬ ਦੀ ਰਸਮ ਅਦਾ ਕੀਤੀ ਗਈ । ਤੀਸਰੇ ਦਿਨ ਖੁੱਲ੍ਹੇ ਪੰਡਾਲ ਵਿੱਚ ਸਟੇਜ ਸਜਾਈ ਗਈ ਜਿਸ ਵਿੱਚ ਦੋਗਾਣਾ ਜੋੜੀ ਦਿਲਰਾਜ - ਮਿਸ ਨੀਲਮ ਨੇ ਸੱਭਿਆਚਾਰਕ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ । ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਹਲਕਾ ਇੰਚਾਰਜ ਕੁਲਜੀਤ ਸਿੰਘ ਸਰਹਾਲ , ਬਲਵੀਰ ਸਿੰਘ ਕਰਨਾਣਾ ਚੇਅਰਮੈਨ ਮਾਰਕੀਟ ਕਮੇਟੀ ਬੰਗਾ , ਸੁਰਿੰਦਰ ਸਿੰਘ ਢੀਂਡਸਾ , ਸਾਗਰ ਅਰੋੜਾ ਪਹੁੰਚੇ । ਸਰਹਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੇਲੇ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਹਨ ਅਤੇ ਮੇਲਿਆਂ ਨਾਲ ਆਪਸੀ ਏਕਤਾ ਅਤੇ ਭਾਈਚਾਰਕ ਸਾਂਝ ਬਣੀ ਰਹਿੰਦੀ ਹੈ । ਉਹਨਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵਲੋਂ ਲੋਕਾਂ ਨਾਲ ਕੀਤੇ ਹੋਏ ਵਾਅਦੇ ਪੂਰੇ ਕੀਤੇ ਜਾ ਰਹੇ ਹਨ । ਸਰਕਾਰ ਸਿਹਤ ਸਹੂਲਤਾਂ ਲਈ ਮੁਫਤ ਕਲੀਨਿਕ ਅਤੇ ਸਕੂਲਾਂ ਵਿੱਚ ਬੱਚਿਆਂ ਦੀ ਪੜ੍ਹਾਈ ਤੇ ਖਾਸ ਧਿਆਨ ਦੇ ਰਹੀ ਹੈ । ਠੰਡਾ ਮਿੱਠਾ ਜਲ ਅਤੇ ਲੰਗਰ ਅਤੁੱਟ ਵਰਤਾਇਆ ਗਿਆ । ਸਟੇਜ ਸੈਕਟਰੀ ਦੀ ਭੂਮਿਕਾ ਪਰਤਾਪ ਚੌਹਾਨ ਨੇ ਬਾਖੂਬੀ ਨਿਭਾਈ । ਇਸ ਮੌਕੇ ਪ੍ਰਧਾਨ ਜਸਵਿੰਦਰ ਸਿੰਘ , ਉਪ ਪ੍ਰਧਾਨ ਰਣਜੀਤ ਸਿੰਘ ਪੰਚ , ਖਜਾਨਚੀ ਗੁਰਮੇਲ ਸਿੰਘ , ਅਮਰੀਕ ਸਿੰਘ ਕਲੇਰ , ਸਰਪੰਚ ਬਸੰਬਰ ਲਾਲ , ਸਰਬਜੀਤ ਸਿੰਘ ਕਲੇਰ , ਭੁਪਿੰਦਰ ਸਿੰਘ , ਪ੍ਰਭਜੋਤ ਸਿੰਘ , ਪ੍ਰਦੀਪ ਬੀਸਲਾ , ਬਾਬਾ ਕੇਵਲ ਸਿੰਘ , ਨਵਤੇਜ ਸਿੰਘ , ਜਗਤਾਰ ਸਿੰਘ ਬੀਸਲਾ , ਸਤਨਾਮ ਸਿੰਘ ਕਲੇਰ , ਗੁਰਪ੍ਰੀਤ ਪੰਚ , ਮੰਗਲ ਰਾਮ , ਪਾਲ ਸਿੰਘ ਤੋਂ ਇਲਾਵਾ ਸੰਗਤਾਂ ਹਾਜਰ ਸਨ ।

# ਵਪਾਰਕ ਰੇਤ ਮਾਈਨਿੰਗ ਸਾਈਟਾਂ ਲਈ ਡਰਾਅ ਆਫ ਲਾਟਸ ਕੱਢਿਆ



**ਹੁਸ਼ਿਆਰਪੁਰ,: (ਓ ਪੀ ਰਾਣਾ )** ਜ਼ਿਲ੍ਹੇ ਦੇ ਕਲੱਸਟਰ ਨੰਬਰ 28 ਦੀਆਂ ਤਿੰਨ ਵਪਾਰਕ ਰੇਤ ਮਾਈਨਿੰਗ ਸਾਈਟਾਂ ਸੰਧਵਾਲ, ਨੌਸ਼ਹਿਰਾ ਅਤੇ ਬੜਿਆਲ ਲਈ ਸ਼ੁੱਕਰਵਾਰ ਨੂੰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਦਫਤਰ ਦੇ ਬੀ.ਆਰ.ਜੀ.ਐਫ ਹਾਲ ਵਿਖੇ ਡਰਾਅ ਆਫ ਲਾਟਸ ਕੱਢਿਆ ਗਿਆ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਵੱਲੋਂ ਮੀਡੀਆ ਅਤੇ ਬੋਲੀਕਾਰਾਂ ਦੀ ਹਾਜਰੀ ਵਿੱਚ ਐੱਚ-1 ਬੋਲੀ ਦੀਆਂ 3 ਪਰਚੀਆਂ ਕੱਢੀਆਂ ਗਈਆਂ। ਜਿਸ ਲਈ ਕਿਰਤ ਬਿਲਡਿੰਗ ਮਟੀਰੀਅਲ ਪਿੰਡ ਖਾਂਬਰਾ, ਜਲੰਧਰ ਨੂੰ ਕਲਸਟਰ 28 ਲਈ ਐਚ-1 ਐਲਾਨਿਆ ਗਿਆ। ਇਸ ਤੋਂ ਇਲਾਵਾ 2 ਹੋਰ ਐੱਚ-1 ਬੋਲੀਕਾਰਾਂ ਦੀਆਂ ਪਰਚੀਆਂ ਕੱਢੀਆਂ ਗਈਆਂ ਤਾਂ ਜੋ ਕਿਸੇ ਵਿਭਾਗੀ ਸਮੱਸਿਆ ਦੀ ਸੂਰਤ ਵਿੱਚ ਉਨ੍ਹਾਂ ਨੂੰ ਸਹੀ ਮੰਨਿਆ ਜਾ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਡਰਾਅ ਕਰਵਾਉਣ ਸਮੇਂ ਪੂਰੀ ਪਾਰਦਰਸ਼ਤਾ ਅਪਣਾਈ ਗਈ ਹੈ। ਉਨ੍ਹਾਂ ਦੱਸਿਆ ਕਿ ਹਾਜਰ ਸਮੂਹ ਵਿਅਕਤੀਆਂ/ਫਰਮਾਂ ਦੀ ਹਾਜਰੀ ਵਿੱਚ ਉਨ੍ਹਾਂ ਦੀਆਂ ਪਰਚੀਆਂ ਬਣਾਉਂਦੇ ਹੋਏ ਡਰਾਅ ਕੱਢਿਆ ਗਿਆ ਅਤੇ ਸਾਰੀ ਪ੍ਰਕਿਰਿਆ ਦੀ ਵੀਡੀਓ ਰਿਕਾਰਡਿੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਸਾਰੀ ਪ੍ਰਕਿਰਿਆ ਨੂੰ ਹੋਰ ਪਾਰਦਰਸ਼ੀ ਬਣਾਉਣ ਲਈ ਬੋਲੀਕਾਰਾਂ ਨੂੰ ਆਪਣੇ ਖਰਚੇ 'ਤੇ ਸਾਰੀ ਪ੍ਰਕਿਰਿਆ ਦੀ ਵੀਡੀਓਗ੍ਰਾਫੀ ਕਰਨ ਦੀ ਵੀ ਇਜਾਜਤ ਦਿੱਤੀ ਗਈ ਸੀ।

ਇਸ ਮੌਕੇ ਸਹਾਇਕ ਕਮਿਸ਼ਨਰ (ਜਨਰਲ) ਵਿਓਮ ਭਾਰਦਵਾਜ, ਐਸ.ਈ ਜਲੰਧਰ ਡਰੇਨੇਜ ਆਸੂਤੋਸ ਕੁਮਾਰ, ਐਕਸੀਅਨ ਮੁੱਖ ਦਫਤਰ ਇੰਦਰਜੀਤ ਸਿੰਘ ਅਤੇ ਡੀ.ਏ.ਓ ਮਹੇਸ਼ ਮੀਨਾ ਵੀ ਹਾਜਰ ਸਨ।

# ਠੰਢੇ-ਮਿੱਠੇ ਜਲ ਦੀ ਛਬੀਲ ਲਾਈ



**ਮੇਹਲੀ (ਗੁਰਨਾਮ)**:-ਇੱਥੋਂ ਥੋੜ੍ਹੀ ਦੂਰ ਪਿੰਡ ਚੱਕ ਮੰਡੇਰ ਵਿਖੇ ਪਿੰਡ ਵਾਸੀ ਅਤੇ ਐਨ .ਆਰ ਆਈ ਵੀਰਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਸੰਤ ਬਾਬਾ ਰਾਮਾ ਨੰਦ ਦੀ ਯਾਦ ਵਿੱਚ ਗਰਮੀ ਤੋਂ ਰਹਿਤ ਦੁਆਉਣ ਲਈ ਠੰਡੇ ਮਿੱਠੇ ਜਲ ਦੀ ਛਬੀਲ ਲਾਈ। ਸੇਵਾ ਕਰਨ ਵਾਲਿਆ ਚ ਨੌਜਵਾਨ ਅਤੇ ਬੀਬੀਆਂ ਹਾਜਰ ਸਨ।

# ਲੈਫਟੀਨੈਂਟ ਬਣੇ ਗੁਰਕਰਨ ਸਿੰਘ ਦਾ ਸੈਣੀ ਭਵਨ ਦੀ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ



**ਰੂਪਨਗਰ, (ਨਵਾਂ ਜ਼ਮਾਨਾ ਸਰਵਿਸ)** ਨਜਦੀਕ ਪਿੰਡ ਕਟਲੀ ਦੇ ਆਮ ਪਰਵਾਰ ਤੋਂ ਆਪਣੀ ਮੇਹਨਤ ਅਤੇ ਲਗਨ ਨਾਲ ਭਾਰਤੀ ਫੌਜ ਵਿੱਚ ਲੈਫਟੀਨੈਂਟ ਬਣੇ ਗੁਰਕਰਨ ਸਿੰਘ ਦਾ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਗੁਰਕਰਨ ਸਿੰਘ ਪਿੰਡ ਕਟਲੀ ਦੇ ਪਹਿਲੇ ਨੌਜਵਾਨ ਹਨ ਜੋ ਕਿ ਭਾਰਤੀ ਫੌਜ ਵਿੱਚ ਰੈਗੂਲਰ ਕਮਿਸ਼ਨਡ ਅਫਸਰ ਬਣੇ ਹਨ। ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਡਾ. ਅਜਮੇਰ ਸਿੰਘ ਨੇ ਕਿਹਾ ਕਿ ਜਿਸ ਤਰ੍ਹਾਂ ਗੁਰਕਰਨ ਸਿੰਘ ਨੇ ਚੰਗੀ ਵਿਦਿਆ ਹਾਸਲ ਕਰਕੇ ਸਖਤ ਮੇਹਨਤ ਨਾਲ ਫੌਜ ਵਿੱਚ ਇਹ ਅਹੁਦਾ ਪ੍ਰਾਪਤ ਕੀਤਾ ਹੈ ਇਸੇ ਤਰਾਂ ਨੌਜਵਾਨਾਂ ਨੂੰ ਚੰਗੀ ਵਿਦਿਆ ਹਾਸਲ ਕਰਕੇ ਆਪਣੇ ਆਪ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਭਾਗ ਲੈ ਕੇ ਸਨਮਾਨਯੋਗ ਪਦਵੀ ਹਾਸਲ ਕਰਨੀ ਚਾਹੀਦੀ ਹੈ। ਗੁਰਕਰਨ ਸਿੰਘ ਨੇ ਕਿਹਾ ਕਿ ਉਸ ਦੇ ਪਰਵਾਰ ਦੀ ਉਸ ਨੂੰ ਇਸ ਮੁਕਾਮ 'ਤੇ ਪਹੁੰਚਾਉਣ ਲਈ ਬਹੁਤ ਵੱਡੀ ਦੇਣ ਹੈ। ਗੁਰਕਰਨ ਸਿੰਘ ਦੇ ਪਿਤਾ ਗੁਰਚਰਨ ਸਿੰਘ ਨੇ ਉਸ ਦੇ ਸਪੁੱਤਰ ਨੂੰ ਸਨਮਾਨਿਤ ਕਰਨ ਲਈ ਸੈਣੀ ਭਵਨ ਦੀ ਸੰਸਥਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਸ ਨੂੰ ਅੱਜ ਇਸ ਗੱਲ ਦੀ ਅਤਿਅੰਤ ਖੁਸ਼ੀ ਹੈ। ਪਿੰਡ ਕਟਲੀ ਦੇ ਸਰੰਪਚ ਕਮਲ ਸੈਣੀ ਨੇ ਸੈਣੀ ਭਵਨ ਦੀ ਸੰਸਥਾ ਵਲੋਂ ਬਰਾਦਰੀ ਦੇ ਚੰਗੇ ਲੋਕਾਂ ਨੂੰ ਉਤਸ਼ਾਹਿਤ ਕਰਨ ਦੇ ਯਤਨਾਂ ਦੀ ਸ਼ਲਾਘਾ ਕੀਤੀ। ਸੰਸਥਾ ਦੇ ਟਰੱਸਟੀ ਗੁਰਮੁੱਖ ਸਿੰਘ ਸੈਣੀ, ਰਾਮ ਸਿੰਘ ਸੈਣੀ, ਰਾਜਿੰਦਰ ਸਿੰਘ ਨਨੂਆ, ਰਾਜਿੰਦਰ ਸੈਣੀ, ਅਮਰਜੀਤ ਸਿੰਘ ਨੇ ਵੀ ਗੁਰਕਰਨ ਸਿੰਘ ਤੇ ਉਸ ਦੇ ਪਰਵਾਰ ਨੂੰ ਵਧਾਈ ਦਿੱਤੀ। ਇਸ ਮੌਕੇ 'ਤੇ ਲੈਫ. ਗੁਰਕਰਨ ਸਿੰਘ ਦੇ ਮਾਤਾ ਮਨਜੀਤ ਕੌਰ, ਅੰਕਲ ਹਰਜੀਤ ਸਿੰਘ ਤੋਂ ਇਲਾਵਾ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰ ਇੰਜ. ਹਰਜੀਤ ਸਿੰਘ ਸੈਣੀ, ਰਾਜਿੰਦਰ ਸਿੰਘ ਗਿਰਨ, ਡਾ. ਜਸਵੰਤ ਕੌਰ, ਜਗਦੇਵ ਸਿੰਘ, ਦਲਜੀਤ ਸਿੰਘ, ਸੁਰਿੰਦਰ ਸਿੰਘ, ਪ੍ਰਿਤਪਾਲ ਸਿੰਘ ਤੇ ਪ੍ਰਿੰਸੀਪਲ ਹਾਜ਼ਰ ਸਨ।

# ਸੜਕ ਟੁੱਟੀ ਹੋਣ ਕਰਕੇ ਰਾਹਗੀਰਾਂ ਦਾ ਲੰਘਣਾ ਔਖਾ ਤੇ ਐਕਸੀਡੈਂਟ ਦਾ ਖਤਰਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਪ੍ਰਾਪਰਟੀ ਡੀਲਰ ਆਪਣੀਆਂ ਨਜਾਇਜ਼ ਕਲੋਨੀਆਂ ਨੂੰ ਮਹਿੰਗੇ ਭਾਅ ਵੇਚਣ ਲਈ ਅਤੇ ਰਸੂਖ ਰੱਖਦੇ ਲੋਕ ਨਜਾਇਜ ਤੌਰ 'ਤੇ ਹਨੇਰੇ ਸਵੇਰੇ ਨਗਰ ਨਿਗਮ ਪ੍ਰਸ਼ਾਸਨ ਤੋਂ ਪ੍ਰਵਾਨਗੀ ਲਏ ਬਿਨਾਂ ਪਾਣੀ ਸਪਲਾਈ ਅਤੇ ਸੀਵਰੇਜ ਦੇ ਨਵੇਂ ਕੁਨੈਕਸ਼ਨ ਸੜਕਾਂ ਤੋੜ ਕੇ ਲੈ ਲੈਂਦੇ ਹਨ ਪਰ ਫਿਰ ਟੁੱਟੀਆਂ ਸੜਕਾਂ ਨੂੰ ਬਣਾਉਂਦੇ ਨਹੀਂ ਹਨ। ਭਾਵੇਂ ਨਗਰ ਨਿਗਮ ਅਧਿਕਾਰੀਆ ਨੂੰ ਮੌਕੇ 'ਤੇ ਸੂਚਿਤ ਵੀ ਕਰੋ ਜਾਂ ਸਬੰਧਤ ਕੌਂਸਲਰ ਨੂੰ ਨਜਾਇਜ ਕੁਨੈਕਸ਼ਨ ਬਾਰੇ ਰਿਪੋਰਟ ਕਰੋ ਪਰ ਕੋਈ ਫਾਇਦਾ ਨਹੀਂ ਹੁੰਦਾ। ਅਧਿਕਾਰੀ ਵੀ ਅਜਿਹੇ ਵਿਅਕਤੀਆਂ ਵਿਰੁੱਧ ਕੋਈ ਸਖਤ ਕਾਰਵਾਈ ਅਮਲ ਵਿੱਚ ਨਹੀਂ ਲਿਆਉਂਦੇ। ਰ ਸਾਲਾਂ ਬੱਧੀ ਟੁੱਟੀ ਸੜਕ ਨਹੀਂ ਬਣਦੀ ਅਤੇ ਉਸ ਇਲਾਕੇ ਦੇ ਲੋਕ ਅਕਸਰ ਐਕਸੀਡੈਂਟਾਂ ਦਾ ਸ਼ਿਕਾਰ ਹੋ ਕੇ ਲੰਮਾ ਸਮਾਂ ਸੰਤਾਪ ਹੰਢਾਉਂਦੇ ਹਨ। ਇਸੇ ਤਰ੍ਹਾਂ ਬਿਜਲੀ ਬੋਰਡ ਦੀ ਫੁੱਟਬਾਲ ਗਰਾਊਂਡ ਦੇ ਸਾਹਮਣੇ ਗਲੀ ਨੰਬਰ-5, ਸੀਮੈਂਟ ਦੀ ਸੜਕ ਜੋ ਦਸ਼ਮੇਸ਼ ਨਗਰ ਮੁਹੱਲੇ ਤੋਂ ਦੂਖ ਨਿਵਾਰਨ ਗੁਰਦੁਆਰੇ ਨੂੰ ਜਾਂਦੀ ਹੈ ਉਸ ਸੜਕ ਨੂੰ ਪੁੱਟ ਕੇ ਲਏ ਗਏ ਸੀਵਰੇਜ ਅਤੇ ਪਾਣੀ ਦੇ ਕੁਨੈਕਸ਼ਨ ਨਾਲ ਸਬੰਧਤ ਹੈ। ਜਿੱਥੇ ਕਰੀਬ ਇੱਕ ਮਹੀਨਾ ਪਹਿਲਾਂ ਹੀ ਪਿੱਪਲਾਂਵਾਲਾ ਦੇ ਇਕ ਪ੍ਰਾਪਰਟੀ ਡੀਲਰ ਨੇ ਆਪਣੇ ਪਲਾਟ ਨੂੰ ਸੀਵਰੇਜ ਪਾਉਣ ਲਈ ਸੜਕ ਤੋੜੀ ਸੀ। ਭਾਵੇਂ ਕਿ ਉਸ ਸੜਕ ਤੋੜੀ ਦਾ ਮਾਮਲਾ ਨਗਰ ਨਿਗਮ ਦੇ ਅਧਿਕਾਰੀਆਂ ਦੇ ਧਿਆਨ ਵਿੱਚ ਆਉਣ ਕਰਕੇ ਉਕਤ ਪ੍ਰਾਪਰਟੀ ਡੀਲਰ ਨੇ ਉਹ ਸੜਕ ਇੱਕ ਬਾਰ ਬਣਾਈ ਤਾਂ ਸੀ ਪਰ ਸਹੀ ਢੰਗ ਨਾਲ ਨਾ ਬਣਾਈ ਹੋਣ ਕਰਕੇ ਉਸੇ ਹੀ ਥਾਂ ਤੋਂ ਦੁਬਾਰਾ ਕਿਸੇ ਹੋਰ ਵਿਅਕਤੀ ਨੇ ਪਾਣੀ ਸਪਲਾਈ ਦਾ ਕੁਨੈਕਸ਼ਨ ਲਿਆ ਅਤੇ ਬਾਰਸ਼ ਦੇ ਪਾਣੀ ਕਾਰਨ ਬਣਾਈ ਸੜਕ ਦੀ ਮਿੱਟੀ ਬੈਠਣ ਕਾਰਨ ਸਾਰੀ ਸੜਕ ਦੁਬਾਰਾ ਬੁਰੀ ਤਰ੍ਹਾਂ ਟੁੱਟ ਚੁੱਕੀ ਹੈ। ਜਿਥੋਂ ਰਾਹਗੀਰਾਂ ਦਾ ਲੰਘਣਾ ਬਹੁਤ ਮੁਸ਼ਕਿਲ ਹੋਇਆ ਹੋਇਆ ਹੈ। ਜਿੱਥੇ ਕਿਸੇ ਵੇਲੇ ਵੀ ਕੋਈ ਭਿਆਨਕ ਹਾਦਸਾ ਵਾਪਰ ਸਕਦਾ ਹੈ। ਇਸ ਮੌਕੇ ਬਲਜੀਤ ਸਿੰਘ, ਦਵਿੰਦਰ ਠਾਕਰ, ਮਲਕੀਤ ਸਿੰਘ, ਸੁਰੇਸ਼ ਕੁਮਾਰ, ਦੀਪਕ, ਵਿਸ਼ਵਜੋਤ ਸਿੰਘ ਆਦਿ ਹਾਜਰ ਸਨ।

# ਸ਼ੇਰਗੜ੍ਹ ਵਿਖੇ ਭਲਕੇ ਲਗਾਇਆ ਜਾਵੇਗਾ ਖੂਨਦਾਨ ਕੈਂਪ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਬੇਗਮਪੁਰਾ ਟਾਈਗਰ ਫੋਰਸ ਦੀ ਇੱਕ ਹੰਗਾਮੀ ਮੀਟਿੰਗ ਬਲਾਕ 2 ਦੇ ਪ੍ਰਧਾਨ ਸ਼ਤੀਸ ਕੁਮਾਰ ਸ਼ੇਰਗੜ ਦੀ ਪ੍ਰਧਾਨਗੀ ਹੇਠ ਪਿੰਡ ਸ਼ੇਰਗੜ ਵਿਖੇ ਹੋਈ। ਮੀਟਿੰਗ ਵਿੱਚ ਫੋਰਸ ਦੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ, ਪੰਜਾਬ ਪ੍ਰਧਾਨ ਵੀਰਪਾਲ ਠਰੋਲੀ, ਦੋਆਬਾ ਪ੍ਰਧਾਨ ਨੇਕੂ ਅਜਨੋਹਾ ਤੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਨੇ ਵਿਸ਼ੇਸ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸ਼ਤੀਸ ਕੁਮਾਰ ਸ਼ੇਰਗੜ ਨੇ ਦੱਸਿਆ ਕਿ ਬੇਗਮਪੁਰਾ ਟਾਇਗਰ ਫੋਰਸ ਵਲੋਂ ਪਿੰਡ ਸ਼ੇਰਗੜ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਧਰਮਸ਼ਾਲਾ ਵਿਖੇ 18 ਜੂਨ ਨੂੰ ਇੱਕ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ ਜਿਸ ਵਿੱਚ ਸਤਿਨਾਮ ਹਸਪਤਾਲ ਦੇ ਬਲੱਡ ਸੈਂਟਰ ਦੀ ਟੀਮ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਹਰ ਇਨਸਾਨ ਨੂੰ ਖੂਨਦਾਨ ਕਰਦੇ ਰਹਿਣਾ ਚਾਹੀਦਾ ਹੈ ਕਿਉਂਕਿ ਦਾਨ ਕੀਤੇ ਖੂਨ ਦਾ ਇੱਕ ਕਤਰਾ ਕਿਸੇ ਦੀ ਜਾਨ ਬਚਾ ਸਕਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੀਡੀਆ ਇੰਚਾਰਜ ਚੰਦਰ ਪਾਲ ਹੈਪੀ, ਮਨਪ੍ਰੀਤ ਕੋਹਲੀ, ਅਜੈ ਕੁਮਾਰ, ਵਿੱਕੀ ਪੁਰਹੀਰਾ, ਸਨੀ ਸੀਣਾ, ਭਿੰਦਾ ਸੀਣਾ, ਗੁਰਪ੍ਰੀਤ ਕੁਮਾਰ, ਅਮਨਦੀਪ, ਚਰਨਜੀਤ ਸਿੰਘ, ਰਾਮ ਜੀ, ਪੰਮਾ ਡਾਡਾ, ਗੋਗਾ ਮਾਂਝੀ, ਰਾਜ ਕੁਮਾਰ ਬੱਧਣ, ਅਵਿਨਾਸ਼ ਸਿੰਘ, ਅਮਨਦੀਪ ਸਿੰਘ, ਚਰਨਜੀਤ ਸਿੰਘ, ਇੰਦਰਪਾਲ ਸਿੰਘ, ਕਮਲਜੀਤ ਸਿੰਘ, ਗਿਆਨ ਚੰਦ, ਮੁਸਾਫ਼ਰ ਸਿੰਘ, ਸ਼ੇਰਾ ਸਿੰਘ, ਮਨੀਸ਼ ਕੁਮਾਰ, ਦਵਿੰਦਰ ਕੁਮਾਰ, ਨਰੇਸ਼ ਕੁਮਾਰ ਸਹਿਰੀ ਪ੍ਰਧਾਨ, ਬਾਲੀ, ਗੁਰਪ੍ਰੀਤ ਗੋਪਾ, ਰਵੀ ਸਮੇਤ ਫੋਰਸ ਦੇ ਹੋਰ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ।

# ਭਰੋਸੇ 'ਚ ਲੈ ਭੋਲੇ-ਭਾਲੇ ਕਿਸਾਨ ਨਾਲ ਆੜ੍ਹਤੀਆਂ ਨੇ ਕੀਤੀ ਧੋਖਾਧੜੀ

**ਮਾਮਲਾ ਪਹੁੰਚਿਆ ਸੀਨੀਅਰ ਪੁਲਸ ਕਪਤਾਨ ਦੇ ਦਰਬਾਰ**



**ਜਗਰਾਓਂ (ਅਮਿਤ ਖੰਨਾ)**

ਪਿੰਡ ਮਾਨੂਕੇ ਦੇ ਰਹਿਣ ਵਾਲੇ ਕਿਸਾਨ ਜਗਦੇਵ ਸਿੰਘ ਨਾਲ ਪਿੰਡ ਰਸੂਲਪੁਰ ਦੇ ਆੜ੍ਹਤੀ ਸੁਖਦੇਵ ਸਿੰਘ ਵੱਲੋਂ ਆਪਣੇ ਭਰੋਸੇ ਵਿੱਚ ਲੈ ਕੇ ਭੋਲੇ-ਭਾਲੇ ਕਿਸਾਨ ਜਗਦੇਵ ਸਿੰਘ ਨਾਲ ਧੋਖਾਧੜੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮਾਮਲੇ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਕਿਸਾਨ ਜਗਦੇਵ ਸਿੰਘ ਨੇ ਦੱਸਿਆ ਕਿ ਉਸ ਦੀ ਜੱਦੀ ਜ਼ਮੀਨ, ਜੋ ਕਿ ਉਸ ਦੇ ਪਿਤਾ ਕਾਕਾ ਸਿੰਘ ਦੇ ਨਾਮ 'ਤੇ ਹੈ, ਪਰ ਪਿਤਾ ਦੀ ਮੌਤ ਹੋਣ ਤੋਂ ਬਾਅਦ ਸੰਨ 2017 ਵਿੱਚ ਵਸੀਅਤ ਮੁਤਾਬਕ ਆਪਣੇ ਨਾਮ ਪਟਵਾਰਖਾਨੇ ਤੋਂ ਪੈਸਿਆਂ ਦੀ ਘਾਟ ਹੋਣ ਕਾਰਨ ਤਬਦੀਲ ਨਹੀਂ ਕਰਵਾ ਸਕਿਆ ਸੀ। ਕਿਸਾਨ ਜਗਦੇਵ ਸਿੰਘ ਨੇ ਦੱਸਿਆ ਕਿ ਅਗਸਤ 2022 ਉਸ ਨਾਲ ਪਿੰਡ ਰਸੂਲਪੁਰ ਦੇ ਆੜ੍ਹਤੀਏ ਸੁਖਦੇਵ ਸਿੰਘ ਨੇ ਸੰਪਰਕ ਕੀਤਾ ਅਤੇ ਉਸ ਨੂੰ ਦੱਸਿਆ ਕਿ ਪਿੰਡ ਤਹਿਸੀਲ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਵਿਖੇ ਜੋ ਮੇਰੀ ਜ਼ਮੀਨ ਹੈ, ਉਸਦੇ ਨਾਲ ਉਸਦੇ ਵੀ ਰਿਸ਼ਤੇਦਾਰਾਂ ਦੀ ਕੁਝ ਜ਼ਮੀਨ ਹੈ ਅਤੇ ਤੇਰੀ ਜ਼ਮੀਨ ਨਵੇਂ ਨੈਸ਼ਨਲ ਹਾਈਵੇ ਦੇ ਰੂਟ ਵਿੱਚ ਆਉਂਦੀ ਹੈ, ਜਿਸ ਦੀ ਚੰਗੀ ਕੀਮਤ ਤੈਨੂੰ ਮਿਲ ਸਕਦੀ ਹੈ। ਕਿਸਾਨ ਜਗਦੇਵ ਸਿੰਘ ਨੇ ਦੱਸਿਆ ਕਿ ਮੈਂ ਆੜ੍ਹਤੀਏ ਸੁਖਦੇਵ ਸਿੰਘ ਨੂੰ ਦੱਸਿਆ ਕਿ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਉਸ ਨੇ ਆਪਣੀ ਜ਼ਮੀਨ ਆਪਣੇ ਨਾਮ ਤਬਦੀਲ ਨਹੀਂ ਕਰਵਾਈ ਹੈ, ਆੜ੍ਹਤੀਏ ਸੁਖਦੇਵ ਸਿੰਘ ਨੇ ਉਸ ਨੂੰ ਕਿਹਾ ਕਿ ਮੇਰੀ ਤੁਹਾਡੇ ਇਲਾਕੇ ਦੇ ਪਟਵਾਰੀ ਨਾਲ ਚੰਗੀ ਲਿਹਾਜ ਹੈ ਤੇ ਮੈਂ ਤੇਰੀ ਜ਼ਮੀਨ ਤੇਰੇ ਨਾਂ ਤਬਦੀਲ ਕਰਵਾ ਦੇਵਾਂਗਾ ਤੇ ਨੈਸ਼ਨਲ ਹਾਈਵੇ ਨਾਲ ਵੀ ਤੇਰੀ ਜਮੀਰ ਦਾ ਸੌਦਾ ਤੈਅ ਕਰਕੇ ਪੈਸੇ ਵੀ ਤੇਰੇ ਖਾਤੇ ਵਿੱਚ ਪਵਾ ਦੇਵਾਂਗਾ। ਇਸ ਸਾਰੇ ਕੰਮ 'ਤੇ ਜੋ ਮੇਰਾ ਖਰਚ ਆਵੇਗਾ, ਉਹ ਮੈਨੂੰ ਦੇ ਦਿਓ। ਕਿਸਾਨ ਜਗਦੇਵ ਸਿੰਘ ਨੇ ਕਿਹਾ ਕਿ ਸੁਖਦੇਵ ਸਿੰਘ ਨੇ ਮੈਨੂੰ ਆਪਣੀਆਂ ਮਿੱਠੀਆਂ ਮਿੱਠੀਆਂ ਗੱਲਾਂ ਦੇ ਜਾਲ ਵਿੱਚ ਫਸਾ ਕੇ ਆੜ੍ਹਤੀ ਸੁਖਦੇਵ ਸਿੰਘ ਨੇ ਉਸ ਦਾ ਬੈਂਕ ਖਾਤਾ ਚੈੱਕ ਬੁੱਕ ਹਾਸਲ ਕਰ ਲਈ ਤੇ ਖੁਦ ਹੀ ਉਸ ਦੀ ਜ਼ਮੀਨ ਦਾ ਸੌਦਾ ਕਰਨ ਤੋਂ ਬਾਅਦ ਸਾਰੇ ਪੈਸੇ ਉਸ ਦੇ ਖਾਤੇ ਵਿੱਚੋਂ ਧੋਖਾਧੜੀ ਨਾਲ ਖੁਰਦ-ਬੁਰਦ ਕਰ ਕੇ 17 ਲੱਖ ਹਾਸਲ ਕਰਕੇ ਉਸ ਨਾਲ ਧੋਖਾਧੜੀ ਕੀਤੀ ਹੈ, ਜਿਸ ਦੇ ਚੱਲਦਿਆਂ ਅੱਜ ਇਨਸਾਫ ਦੀ ਮੰਗ ਕਰਦਿਆਂ ਉਹ ਆਪਣੇ ਰਿਸ਼ਤੇਦਾਰਾਂ ਤੇ ਕਿਸਾਨ ਆਗੂਆਂ ਦੇ ਪੁਲਸ ਲੁਧਿਆਣਾ ਦਿਹਾਤੀ ਦੇ ਪੁਲਸ ਕਪਤਾਨ ਨਵਨੀਤ ਸਿੰਘ ਬੈਂਸ ਨੂੰ ਆਪਣਾ ਇਕ ਮੰਗ ਪੱਤਰ ਦੇਣ ਆਏ ਹਨ ਤਾਂ ਜੋ ਉਨ੍ਹਾਂ ਨਾਲ ਧੋਖਾਧੜੀ ਕਰਨ ਵਾਲੇ ਆੜ੍ਹਤੀ ਸੁਖਦੇਵ ਸਿੰਘ ਖਿਲਾਫ ਸਖਤ ਕਾਨੂੰਨੀ ਕਾਰਵਾਈ ਕਰਦਿਆਂ ਆੜ੍ਹਤੀਏ ਸੁਖਦੇਵ ਸਿੰਘ ਵੱਲੋਂ ਉਸ ਦੀ ਧੋਖੇ ਨਾਲ ਹਾਸਲ ਕੀਤੀ ਗਈ 17 ਲੱਖ ਰੁਪਏ ਦੀ ਰਕਮ ਉਸ ਨੂੰ ਵਾਪਸ ਦਵਾਈ ਜਾਵੇ।

ਕਿਸਾਨ ਜਗਦੇਵ ਸਿੰਘ ਨੇ ਦੱਸਿਆ ਕਿ ਪੁਲਸ ਕਪਤਾਨ ਨੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਏਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਨ ਤੋਂ ਬਾਅਦ ਜੋ ਵੀ ਤੱਥ ਸਾਹਮਣੇ ਆਉਣਗੇ, ਉਸ ਦੇ ਅਧਾਰ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਇਸ ਮਾਮਲੇ ਦੀ ਤਫਤੀਸ਼ ਲਈ ਉਨ੍ਹਾਂ ਵੱਲੋਂ ਡੀਐੱਸਪੀ ਦਾਖਾਂ ਨੂੰ ਉਨ੍ਹਾਂ ਦੀ ਸ਼ਿਕਾਇਤ ਮਾਰਕ ਕਰ ਦਿੱਤੀ ਗਈ ਹੈ।

# ਕਰਜ਼ੇ ਤੋਂ ਦੁਖੀ ਮਿਸਤਰੀ ਨੇ ਜ਼ਹਿਰੀਲੀ ਵਸਤੂ ਨਿਗਲ ਕੇ ਜੀਵਨ ਲੀਲ੍ਹਾ ਕੀਤੀ ਖਤਮ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਨੇੜਲੇ ਪਿੰਡ ਜਗਾ ਰਾਮ ਤੀਰਥ ਵਿਖੇ ਕਰਜ਼ੇ ਦੇ ਬੋਝ ਥੱਲੇ ਦੱਬੇ ਰਾਜ ਮਿਸਤਰੀ ਵਜੋਂ ਕੰਮ ਕਰਦੇ ਇਕ ਨੌਜਵਾਨ ਵੱਲੋਂ ਜ਼ਹਿਰੀਲੀ ਵਸਤੂ ਨਿਗਲ ਕੇ ਖੁਦਕੁਸ਼ੀ ਕਰ ਲਏ ਜਾਣ ਦੀ ਮੰਦਭਾਗੀ ਖਬਰ ਸਾਹਮਣੇ ਆਈ ਹੈ, ਜਦੋਂਕਿ ਪਿੰਡ ਵਾਸੀਆਂ ਨੇ ਪੀੜਤ ਦੇ ਪਰਿਵਾਰ ਲਈ ਪੰਜਾਬ ਸਰਕਾਰ ਤੋਂ ਯੋਗ ਆਰਥਿਕ ਸਹਾਇਤਾ ਦੀ ਮੰਗ ਕੀਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਪਿੰਡ ਜਗਾ ਰਾਮ ਤੀਰਥ ਦਾ ਬਲਜਿੰਦਰ ਸਿੰਘ (35) ਪੁੱਤਰ ਜੱਸਾ ਸਿੰਘ ਮਕਾਨ ਉਸਾਰੀ ਦੇ ਨਿਰਮਾਣ ਕਾਰਜਾਂ ਦਾ ਮਿਸਤਰੀ ਸੀ ਤੇ ਦਿਹਾੜੀ ਕਰਕੇ ਪਰਿਵਾਰ ਦਾ ਪੇਟ ਪਾਲਦਾ ਸੀ। ਪਿੰਡ ਦੇ ਮੁਹਤਬਰਾਂ ਮੁਤਾਬਿਕ ਪਹਿਲਾਂ ਤੋਂ ਹੀ ਚੜ੍ਹੇ ਕਰਜ਼ੇ ਦਾ ਭਾਰ ਹੌਲਾ ਨਾ ਹੁੰਦਾ ਦੇਖ ਤੇ ਪਿਛਲੇ ਸਮੇਂ ਘਰ 'ਚ ਬਿਮਾਰੀ ਆਉਣ ਕਾਰਨ ਉਹ ਪ੍ਰੇਸ਼ਾਨ ਰਹਿਣ ਲੱਗ ਗਿਆ ਸੀ, ਇਸੇ ਦੇ ਚਲਦਿਆਂ ਬੀਤੀ ਦੇਰ ਸ਼ਾਮ ਉਸ ਨੇ ਜ਼ਹਿਰੀਲ ਵਸਤੂ ਨਿਗਲ ਕੇ ਆਪਣੀ ਜੀਵਨ ਲੀਲ੍ਹਾ ਖਤਮ ਕਰ ਲਈ। ਮ੍ਰਿਤਕ ਆਪਣੇ ਪਿੱਛੇ ਪਤਨੀ ਤੇ ਦੋ ਛੋਟੇ ਬੱਚੇ ਛੱਡ ਗਿਆ ਹੈ। ਪਿੰਡ ਦੇ ਸਰਪੰਚ ਜੱਸਾ ਸਿੰਘ ਨੇ ਕਿਹਾ ਕਿ ਮ੍ਰਿਤਕ ਨੌਜਵਾਨ ਪਰਿਵਾਰ ਦਾ ਇਕੱਲਾ ਕਮਾਊ ਵਿਅਕਤੀ ਸੀ, ਇਸ ਲਈ ਪੰਜਾਬ ਸਰਕਾਰ ਜਿੱਥੇ ਪਰਿਵਾਰ ਸਿਰ ਚੜ੍ਹੇ ਕਰਜ਼ੇ ਦਾ ਪਤਾ ਲਗਾ ਕੇ ਉਸ ਨੂੰ ਮੁਆਫ ਕਰੇ, ਉੱਥੇ ਪਰਿਵਾਰ ਨੂੰ ਯੋਗ ਆਰਥਿਕ ਸਹਾਇਤਾ ਮੁਹੱਈਆ ਕਰਵਾਈ ਜਾਵੇ ਤਾਂ ਕਿ ਬੱਚਿਆਂ ਦਾ ਪਾਲਣ ਪੋਸ਼ਣ ਸਹੀ ਹੋ ਸਕੇ।

# ਪੰਜਾਬ ਸਰਕਾਰ ਗ੍ਰਿਫਤਾਰ ਕੀਤੇ ਕਿਸਾਨਾਂ ਨੂੰ ਤੁਰੰਤ ਰਿਹਾਅ ਕਰੇ : ਸੰਯੁਕਤ ਕਿਸਾਨ ਮੋਰਚਾ



**ਸਮਰਾਲਾ (ਸੁਰਜੀਤ ਸਿੰਘ)**-ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੀ ਭਰਵੀਂ ਮੀਟਿੰਗ ਰੁਲਦਾ ਸਿੰਘ ਮਾਨਸਾ, ਬਲਦੇਵ ਸਿੰਘ ਲਤਾਲਾ, ਵੀਰ ਸਿੰਘ ਬੜਵਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਦੀ ਜਾਣਕਾਰੀ ਪ੍ਰੈੱਸ ਨੂੰ ਦਿੰਦੇ ਹੋਏ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਜੋ ਕਿਸਾਨਾਂ 'ਤੇ ਜਬਰ ਢਾਹਿਆ ਗਿਆ, ਉਸ ਦੀ ਘੋਰ ਨਿੰਦਾ ਕੀਤੀ ਗਈ ਤੇ ਕਿਸਾਨਾਂ ਦੀਆਂ ਗ੍ਰਿਫਤਾਰੀਆਂ ਤੋਂ ਬਾਅਦ ਐੱਸ.ਕੇ.ਐੱਮ. ਨੇ ਮੋਰਚੇ ਨੂੰ ਸੰਭਾਲਿਆ ਤੇ ਮੋਰਚੇ ਨੂੰ ਜਿੱਤ ਦਾ ਰੂਪ ਦਿੱਤਾ ਗਿਆ, ਜਿਸ ਵਿੱਚ ਸਰਕਾਰ ਦੇ ਵਾਅਦੇ ਅਨੁਸਾਰ ਸਾਰੇ ਕਿਸਾਨ ਬਿਨਾਂ ਸ਼ਰਤ ਰਿਹਾਅ ਕੀਤੇ ਜਾਣਗੇ ਤੇ ਸੂਰਜਮੁਖੀ ਦੀ ਫਸਲ ਐੱਮ.ਐੱਸ.ਪੀ. 'ਤੇ ਖਰੀਦੀ ਜਾਵੇਗੀ। ਪਟਿਆਲੇ ਬਿਜਲੀ ਬੋਰਡ ਦੇ ਦਫਤਰ ਤੇ ਕਈ ਜ਼ਿਲ੍ਹਿਆਂ 'ਚ ਧਰਨਾ ਦੇ ਰਹੇ ਕਿਸਾਨਾਂ ਉੱਪਰ ਪੰਜਾਬ ਸਰਕਾਰ ਦੁਆਰਾ ਢਾਹੇ ਤਸ਼ੱਦਦ ਦੀ ਸਖ਼ਤ ਸ਼ਬਦਾ ਵਿੱਚ ਨਿੰਦਾ ਕੀਤੀ ਗਈ ਤੇ ਬਿਜਲੀ ਬੋਰਡ ਤੇ ਸਰਕਾਰ ਵੱਲੋਂ ਕਿਸਾਨਾਂ ਨਾਲ ਉਨ੍ਹਾਂ ਦੀਆਂ ਮੰਗਾ ਪ੍ਰਤੀ ਕੋਈ ਮੀਟਿੰਗ ਵੀ ਨਹੀਂ ਕੀਤੀ ਗਈ। ਧਰਨਾ ਦੇ ਰਹੇ ਕਿਸਾਨਾਂ ਦੀਆਂ ਮੁੱਖ ਮੰਗਾਂ ਤਾਂ ਕੀ ਮੰਨਣੀਆਂ ਸਨ, ਸਗੋਂ ਪੁਲਸ ਦੇ ਜਬਰ ਨਾਲ ਧਰਨਾ ਹੀ ਚੁਕਾ ਦਿੱਤਾ ਗਿਆ। ਅੱਜ ਦੀ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਸਰਕਾਰ ਫੌਰੀ ਤੌਰ 'ਤੇ ਗ੍ਰਿਫਤਾਰ ਕੀਤੇ ਕਿਸਾਨਾਂ ਨੂੰ ਤੁਰੰਤ ਰਿਹਾਅ ਕਰੇ, ਨਹੀਂ ਤਾਂ ਐੱਸ.ਕੇ.ਐੱਮ. ਆਉਂਦੇ ਦਿਨਾਂ 'ਚ ਮੀਟਿੰਗ ਕਰਕੇ ਅਗਲੇ ਸੰਘਰਸ਼ ਦਾ ਐਲਾਨ ਕਰੇਗਾ, ਜਿਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਮੀਟਿੰਗ ਵਿੱਚ ਸਤਨਾਮ ਸਿੰਘ ਅਜਨਾਲਾ, ਮੁਕੇਸ਼ ਚੰਦਰ, ਨਿਰਭੈ ਸਿੰਘ ਢੁੱਡੀਕੇ, ਮਨਜੀਤ ਸਿੰਘ ਰਾਏ, ਸਤਨਾਮ ਸਿੰਘ ਬਹਿਰੂ, ਅਵਤਾਰ ਸਾਰੋ, ਰਣਜੀਤ ਸਿੰਘ ਆਕੜ, ਹਰਦੇਵ ਸੰਧੂ, ਮਨਜੀਤ ਸਿੰਘ ਧਨੇਰ, ਅਵਤਾਰ ਸਿੰਘ ਮੇਹਲੋਂ, ਸੁੱਖ ਗਿੱਲ ਮੋਗਾ, ਰਣਜੀਤ ਸਿੰਘ, ਬਿੰਦਰ ਸਿੰਘ, ਵੀਰਪਾਲ ਸਿੰਘ ਢਿੱਲੋਂ, ਰਾਜਵਿੰਦਰ ਕੌਰ ਰਾਜੂ, ਕਿਰਨਜੀਤ ਸਿੰਘ ਸੇਖੋਂ, ਹਰਿੰਦਰ ਸਿੰਘ ਚਨਾਰਥਲ, ਬੂਟਾ ਸਿੰਘ, ਬਲਦੇਵ ਸਿੰਘ ਨਿਹਾਲਗੜ੍ਹ, ਬੂਟਾ ਸਿੰਘ ਸ਼ਾਦੀਪੁਰ, ਜਿੰਦੂ ਖੋਖਰ ਆਦਿ ਸ਼ਾਮਲ ਹੋਏ।

## ਕਾਤਰਾਂ

### ਬਲੌਜ਼ਮਜ਼ ਸਕੂਲ ਵੱਲੋਂ ਡਾਂਸ ਦੀਆਂ ਆਨਲਾਈਨ ਕਲਾਸਾਂ

**ਜਗਰਾਓਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਛੁੱਟੀਆਂ ਵਿੱਚ ਵੀ ਬੱਚਿਆਂ ਦੇ ਅੰਦਰ ਦੀਆਂ ਕਲਾਕ੍ਰਿਤੀਆਂ ਨੂੰ ਬਾਹਰ ਕੱਢਣ ਲਈ ਡਾਂਸ ਕਲਾਸਾਂ ਲਗਾਈਆ ਗਈਆਂ, ਜਿਸ ਵਿੱਚ ਕਲਾ ਦੇ ਸ਼ੌਕੀਨ ਬੱਚੇ ਆਨਲਾਈਨ ਕਲਾਸਾਂ ਵਿੱਚ ਉਹ ਆਪਣੀ ਕਲਾ ਵਿੱਚ ਨਿਖਾਰ ਲੈ ਕੇ ਆਉਣਗੇ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ: ਅਮਰਜੀਤ ਕੌਰ ਨਾਜ਼ ਨੇ ਬੋਲਦਿਆਂ ਕਿਹਾ ਕਿ ਬੱਚੇ ਆਪਣੇ ਅੰਦਰ ਦੀ ਕਲਾ ਬਾਹਰ ਕੱਢਣ ਲਈ ਇਨ੍ਹਾਂ ਕਲਾਸਾਂ ਰਾਹੀਂ ਭਰਪੂਰ ਆਨੰਦ ਲੈ ਸਕਦੇ ਹਨ ਤੇ ਆਪਣੇ ਸਰੀਰ ਨੂੰ ਫਿੱਟ ਰੱਖ ਸਕਦੇ ਹਨ। ਇਸ ਗਤੀਵਿਧੀ ਰਾਹੀਂ ਵਿਦਿਆਰਥੀ ਆਪਣੇ ਅੰਦਰ ਦੀਆਂ ਕਲਾਵਾਂ ਨੂੰ ਆਪਣੇ ਭਵਿੱਖ ਵਿੱਚ ਵਰਤੋਂ 'ਚ ਲਿਆ ਸਕਦੇ ਹਨ। ਇਸ ਮੌਕੇ ਸਕੂਲ ਦੀ ਮੈਨੇਜਿੰਗ ਕਮੇਟੀ ਦੇ ਚੇਅਰਮੈਨ ਹਰਭਜਨ ਸਿੰਘ ਜੌਹਲ, ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ, ਅਜਮੇਰ ਸਿੰਘ ਰੱਤੀਆ ਤੇ ਸਤਵੀਰ ਸਿੰਘ ਸੇਖੋਂ ਨੇ ਵੀ ਬੱਚਿਆਂ ਦੁਆਰਾ ਕੀਤੀ ਜਾਂਦੀ ਇਸ ਕੋਸ਼ਿਸ਼ ਦੀ ਸ਼ਲਾਘਾ ਕੀਤੀ।

### ਮੁਕੰਦ ਸਿੰਘ ਤੂਰ ਨਮਿਤ ਅੰਤਿਮ ਅਰਦਾਸ ਭਲਕੇ



**ਸਮਾਣਾ (ਇਕਬਾਲ ਸਿੰਘ ਬੱਲ)**-ਮਿਠ ਬੋਲੜੇ, ਨੇਕ ਵਿਚਾਰਾਂ ਵਾਲੇ ਤੇ ਖ਼ੁਸ਼ ਦਿਲ ਇਨਸਾਨ ਮੁਕੰਦ ਸਿੰਘ ਤੂਰ ਕਰੀਬ 80 ਸਾਲਾਂ ਦੀ ਉਮਰ ਭੋਗ ਕੇ ਸੰਸਾਰਕ ਯਾਤਰਾ ਪੂਰੀ ਕਰਦਿਆਂ ਸੰਖੇਪ ਬਿਮਾਰੀ ਕਾਰਨ 9 ਜੂਨ ਨੂੰ ਇਸ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਕੇ ਨਿਰੰਕਾਰ ਪ੍ਰਭੂ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਇਸ ਦੁੱਖ ਦੀ ਘੜੀ ਵਿੱਚ ਨਿਰੰਕਾਰੀ ਸੇਵਾ ਦਲ ਪਟਿਆਲਾ ਖੇਤਰ ਦੇ ਖੇਤਰੀ ਸੰਚਾਲਕ ਮਨਮੋਹਨ ਸਿੰਘ, ਸਮਾਣਾ ਬਰਾਂਚ ਦੇ ਸੰਚਾਲਕ ਪ੍ਰੇਮ ਕੁਮਾਰ, ਸਹਾਇਕ ਸੰਚਾਲਿਕਾ ਭੈਣ ਉਰਮਿਲਾ, ਨਿਰੰਕਾਰੀ ਮੀਡੀਆ ਸਹਾਇਕ ਇਕਬਾਲ ਸਿੰਘ ਬੱਲ ਤੋਂ ਇਲਾਵਾ ਵੱਖ-ਵੱਖ ਰਾਜਨੀਤਕ, ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਵੱਲੋਂ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ ਤੇ ਆਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ 18 ਜੂਨ ਨੂੰ ਦੁਪਹਿਰ 12.00 ਤੋਂ 1.00 ਵਜੇ ਗੁਰਦੁਆਰਾ ਗੁਰੂ ਰਵਿਦਾਸ ਸਾਹਿਬ ਜੀ ਮਲਕਾਣਾ ਪੱਤੀ ਮਾਜਰੀ ਸਮਾਣਾ ਵਿਖੇ ਪਾਏ ਜਾਣਗੇ।

### ਪੰਜਾਬ ਸਰਕਾਰ ਤੇਲ ਕੀਮਤਾਂ 'ਚ ਕੀਤਾ ਵਾਧਾ ਤੁਰੰਤ ਵਾਪਸ ਲਵੇ : ਅਕਲੀਆ/ਖਿਆਲਾ

**ਮਾਨਸਾ (ਪਮਾਰ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜ਼ਿਲ੍ਹਾ ਮਨਸਾ ਦੇ ਪ੍ਰਧਾਨ ਲਖਵੀਰ ਸਿੰਘ ਅਕਲੀਆ ਤੇ ਜ਼ਿਲ੍ਹਾ ਸਕੱਤਰ ਬਲਵਿੰਦਰ ਸ਼ਰਮਾ ਖਿਆਲਾ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਪੰਜਾਬ ਅੰਦਰ ਬਦਲਾਅ ਦਾ ਨਆਰਾ ਲੈ ਕੇ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਪਿਛਲੀਆਂ ਸਰਕਾਰਾਂ ਦੇ ਰਸਤੇ 'ਤੇ ਚੱਲ ਪਈ ਹੈ। ਇਸ ਦੀ ਤਾਜ਼ਾ ਮਿਸ਼ਾਲ ਪੈਟਰੋਲ ਡੀਜ਼ਲ ਦੀਆਂ ਕੀਮਤਾਂ 'ਚ ਟੈਕਸ ਦੇ ਰੂਪ ਵਿੱਚ 1 ਰੁਪਏ ਪ੍ਰਤੀ ਲੀਟਰ ਵਾਧਾ ਕਰਨ ਤੋਂ ਮਿਲ ਜਾਂਦੀ ਹੈ, ਜਦੋਂਕਿ ਕੇਂਦਰੀ ਪੂਲ ਅੰਦਰ ਪੈਟਰੋਲ ਡੀਜ਼ਲ ਦੀਆਂ ਕੀਮਤਾਂ ਵਿੱਚ ਵੱਡੀ ਪੱਧਰ 'ਤੇ ਗਿਰਾਵਟ ਆਈ ਹੈ। ਇਸ ਦੇ ਬਾਵਜੂਦ ਦੋਵਾਂ ਦੀਆਂ ਕੀਮਤਾਂ 'ਤੇ ਸਰਕਾਰ ਵੱਲੋਂ ਟੈਕਸ ਲਗਾਇਆ ਜਾ ਰਿਹਾ ਹੈ, ਪਰ ਜਦੋਂ ਵੀ ਸਰਕਾਰਾਂ ਵੱਲੋਂ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ 'ਚ ਵਾਧਾ ਕੀਤਾ ਜਾਂਦਾ ਹੈ ਤਾਂ ਘਰੇਲੂ ਵਰਤੋਂ ਦੀਆਂ ਚੀਜ਼ਾਂ 'ਤੇ ਅਸਰ ਪੈਣਾ ਲਾਜ਼ਮੀ ਹੈ, ਇਸ ਕਰਕੇ ਮਹਿੰਗਾਈ ਛੜੱਪੇ ਮਾਰ ਕੇ ਵਧ ਰਹੀ ਹੈ ਤੇ ਇਸ ਦੀ ਮਾਰ ਹੇਠ ਪੇਂਡੂ ਤੇ ਸ਼ਹਿਰੀ ਮੱਧ ਵਰਗ ਦੇ ਲੋਕ ਅਉਂਦੇ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਪੰਜਾਬ ਮੰਗ ਕਰਦੀ ਹੈ ਕਿ ਸਰਕਾਰ ਵੱਲੋਂ ਹਾਲ ਹੀ ਵਿੱਚ ਤੇਲ ਦੀਆਂ ਕੀਮਤਾਂ 'ਚ ਕੀਤੇ ਵਾਧੇ ਨੂੰ ਤੁਰੰਤ ਵਾਪਸ ਲਿਆ ਜਾਵੇ।

### ਜਾਲ੍ਹੀ ਅੰਗੂਠਾ ਲਗਾ ਕੇ ਪੈਸੇ ਵਸੂਲਣ ਵਾਲੇ ਮੁਲਜ਼ਮ ਕਾਬੂ

**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਫਾਜ਼ਿਲਕਾ ਥਾਣਾ ਸਿਟੀ ਪੁਲਸ ਨੇ ਜਾਲ੍ਹੀ ਅੰਗੂਠੇ ਦੇ ਨਿਸ਼ਾਨ ਲਗਾ ਕੇ ਪੈਸੇ ਹੜੱਪਣ ਵਾਲੇ ਦੋ ਮੁਲਜ਼ਮਾਂ ਖਿਲਾਫ ਮਾਮਲਾ ਦਰਜ ਕਰਕੇ ਗ੍ਰਿਫਤਾਰ ਕੀਤਾ ਹੈ। ਜਾਂਚ ਅਧਿਕਾਰੀ ਜਤਿੰਦਰ ਸਿੰਘ ਨੇ ਦੱਸਿਆ ਕਿ ਕੰਵਰਪਾਲ ਸਿੰਘ ਵਾਸੀ ਗਲੀ ਨੰਬਰ 4, ਬਸਤੀ ਹਜ਼ੂਰ ਸਿੰਘ ਵਾਲੀ ਫਾਜ਼ਿਲਕਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ ਬੈਂਕ ਆਫ ਇੰਡੀਆ ਫਾਜ਼ਿਲਕਾ ਵਿੱਚ ਕੈਸ਼ੀਅਰ ਦਾ ਕੰਮ ਕਰਦਾ ਹੈ। ਜਿੱਥੇ ਬਚਨੋ ਬਾਈ ਪਤਨੀ ਰੇਸ਼ਮ ਸਿੰਘ ਵਾਸੀ ਪਾਲੀਵਾਲਾ ਤੇ ਇੰਦਰਜੀਤ ਸਿੰਘ ਪੁੱਤਰ ਜਸਵੀਰ ਸਿੰਘ ਵਾਸੀ ਚੱਕ ਟਾਹਲੀਵਾਲਾ ਸੁੰਦਰ ਬਾਈ ਨਾਮ ਦੀ ਔਰਤ ਦੇ ਨਾਂ ਦਾ ਜਾਲ੍ਹੀ ਅੰਗੂਠਾ ਲਗਾ ਕੇ ਬੈਂਕ ਵਿੱਚੋਂ ਪੈਸੇ ਕਢਵਾਉਣ ਦੀ ਨੀਅਤ ਨਾਲ ਗਏ ਸਨ। ਪੁਲਸ ਨੇ ਉਪਰੋਕਤ ਮੁਲਜ਼ਮਾਂ ਖਿਲਾਫ ਧਾਰਾ 419, 420 ਤਹਿਤ ਕੇਸ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਹੈ। ਦੂਜੇ ਪਾਸੇ ਬੈਂਕ ਆਫ ਇੰਡੀਆ ਦੀ ਫਾਜ਼ਿਲਕਾ ਬ੍ਰਾਂਚ ਦੇ ਮੈਨੇਜਰ ਅਮਿਤ ਯਾਦਵ ਨੇ ਦੱਸਿਆ ਕਿ ਉਹ ਪਿਛਲੇ ਕੁਝ ਸਮੇਂ ਤੋਂ ਇਨ੍ਹਾਂ ਮੁਲਜ਼ਮਾਂ 'ਤੇ ਨਜ਼ਰ ਰੱਖ ਰਹੇ ਸਨ। ਉਸ ਅਨੁਸਾਰ ਇਨ੍ਹਾਂ ਮੁਲਜ਼ਮਾਂ ਦਾ ਇੱਕ ਗਰੋਹ ਵੀ ਹੈ, ਜੋ ਇਸ ਤਰ੍ਹਾਂ ਜਾਲ੍ਹੀ ਦਸਤਖਤ ਜਾਂ ਅੰਗੂਠੇ ਦੇ ਨਿਸ਼ਾਨ ਲਗਾ ਕੇ ਬੈਂਕ ਵਿੱਚੋਂ ਪੈਸੇ ਕਢਵਾ ਕੇ ਠੱਗੀ ਮਾਰਨ ਦੀ ਕੋਸ਼ਿਸ਼ ਕਰਦਾ ਸੀ। ਇਨ੍ਹਾਂ ਵਿਅਕਤੀਆਂ ਨੂੰ ਅੰਗੂਠੇ ਦੇ ਨਿਸ਼ਾਨ ਦੀ ਵਰਤੋਂ ਕਰਕੇ ਉਨ੍ਹਾਂ ਦੀ ਸ਼ਾਖਾ ਵਿੱਚ ਸੁੰਦਰ ਬਾਈ ਦੇ ਖਾਤੇ ਵਿੱਚੋਂ ਪੈਸੇ ਕਢਵਾਉਣ ਦੀ ਕੋਸ਼ਿਸ਼ ਕਰਦੇ ਹੋਏ ਕਾਬੂ ਕੀਤਾ ਗਿਆ।

# ਮੁਲਾਜ਼ਮ ਸੰਘਰਸ਼ਾਂ ਦੇ ਜੇਤੂ ਜਰਨੈਲ ਸੱਜਣ ਸਿੰਘ ਨੂੰ ਦੂਜੀ ਬਰਸੀ 'ਤੇ ਕੀਤਾ ਯਾਦ

**ਭਗਵੰਤ ਮਾਨ ਸਰਕਾਰ ਤੋਂ ਮੁਲਾਜ਼ਮ ਤੇ ਪੈਨਸ਼ਨਰਾਂ ਨਾਲ ਕੀਤੇ ਚੋਣ ਵਾਅਦੇ ਪੂਰੇ ਕਰਨ ਦੀ ਕੀਤੀ ਮੰਗ**



**ਕੋਟਕਪੂਰਾ (ਰਛਪਾਲ ਭੁੱਲਰ)**

ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਪੰਜਾਬ ਪੈਨਸ਼ਨਰਜ਼ ਯੂਨੀਅਨ, ਆਲ ਇੰਡੀਆ ਆਸ਼ਾ ਵਰਕਰ ਤੇ ਆਸ਼ਾ ਫੈਸੀਲੀਟੇਟਰ ਯੂਨੀਅਨ ਜ਼ਿਲ੍ਹਾ ਫਰੀਦਕੋਟ ਵੱਲੋਂ ਮੁਲਾਜ਼ਮ ਘੋਲਾਂ ਦੇ ਅੱਧੀ ਸਦੀ ਤੋਂ ਵੀ ਵੱਧ ਸਮਾਂ ਜੇਤੂ ਜਰਨੈਲ ਰਹੇ ਸਾਥੀ ਸੱਜਣ ਸਿੰਘ ਦੀ ਦੂਜੀ ਬਰਸੀ 'ਤੇ ਜ਼ਿਲ੍ਹੇ ਭਰ ਤੋਂ ਆਏ ਮੁਲਾਜ਼ਮਾਂ, ਪੈਨਸ਼ਨਰਾਂ ਤੇ ਆਸ਼ਾ ਵਰਕਰਾਂ ਨੇ ਉਨ੍ਹਾਂ ਨੂੰ ਯਾਦ ਕੀਤਾ ਤੇ ਉਨ੍ਹਾਂ ਦੀ ਬਰਸੀ ਨੂੰ ਮੰਗ ਦਿਵਸ ਦੇ ਤੌਰ 'ਤੇ ਮਨਾਇਆ। ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਵਿੱਚ ਹੋਏ ਇਸ ਸਮਾਗਮ ਨੂੰ ਕੁਲਵੰਤ ਸਿੰਘ ਚਾਨੀ, ਪ੍ਰੇਮ ਚਾਵਲਾ, ਬਲਦੇਵ ਸਿੰਘ ਸਹਿਦੇਵ, ਅਮਰਜੀਤ ਕੌਰ ਸੂਬਾ ਪ੍ਰਧਾਨ ਆਸ਼ਾ ਵਰਕਰ ਯੂਨੀਅਨ ਏਟਕ, ਜਸਵਿੰਦਰ ਸਿੰਘ ਬਰਾੜ ਸੇਵਾ ਮੁਕਤ ਪੇਂਡੂ ਵਿਕਾਸ ਅਫਸਰ, ਸੁਖਚੈਨ ਸਿੰਘ ਥਾਂਦੇਵਾਲਾ, ਪ੍ਰਦੀਪ ਸਿੰਘ ਬਰਾੜ, ਹਰਪਾਲ ਸਿੰਘ ਮਚਾਕੀ, ਨਛੱਤਰ ਸਿੰਘ ਭਾਣਾ, ਇਕਬਾਲ ਸਿੰਘ ਰਣ ਸਿੰਘ ਵਾਲਾ, ਹਰਵਿੰਦਰ ਸ਼ਰਮਾ, ਪ੍ਰਿੰਸੀਪਲ ਬਲਬੀਰ ਸਿੰਘ ਬਰਾੜ ਤੇ ਅਸ਼ੋਕ ਕੌਸ਼ਲ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕਿਹਾ ਕਿ ਭਾਵੇਂ ਸਾਥੀ ਸੱਜਣ ਸਿੰਘ ਨੂੰ ਰਸਮੀ ਤੌਰ 'ਤੇ ਬਹੁਤਾ ਪੜ੍ਹਨ ਲਿਖਣ ਦਾ ਮੌਕਾ ਤਾਂ ਨਹੀਂ ਮਿਲਿਆ, ਪਰ ਮੁਲਾਜ਼ਮ ਮਸਲਿਆਂ 'ਤੇ ਸਰਕਾਰ ਨਾਲ ਗੱਲਬਾਤ ਦੌਰਾਨ ਉਹ ਕਹਿੰਦੇ ਕਹਾਉਂਦੇ ਉੱਚ ਅਧਿਕਾਰੀਆਂ ਨੂੰ ਵੀ ਲਾ-ਜੁਆਬ ਕਰਨ ਦੀ ਸਮਰਥਾ ਰੱਖਦੇ ਸਨ। ਉਨ੍ਹਾਂ ਦੇ ਸਿਰਤੋੜ ਯਤਨਾਂ ਕਾਰਨ ਹੀ ਗੁਲਾਮੀ ਦੀ ਜੂਨ ਹੰਢਾ ਰਹੇ ਦਰਜਾ ਚਾਰ ਮੁਲਾਜ਼ਮਾਂ ਦੀ ਇੱਕ ਸ਼ਕਤੀਸ਼ਾਲੀ ਜਥੇਬੰਦੀ ਹੋਂਦ ਵਿੱਚ ਆਈ, ਜਿਸ ਨੇ ਅੱਗੇ ਚੱਲ ਕੇ ਪੰਜਾਬ ਦੇ ਸਾਰੇ ਮੁਲਾਜ਼ਮ ਵਰਗ ਦੀਆਂ ਮੰਗਾਂ ਪ੍ਰਵਾਨ ਕਰਵਾਉਣ 'ਚ ਅਹਿਮ ਹਿੱਸਾ ਪਾਇਆ। ਸਾਥੀ ਪ੍ਰੇਮ ਚਾਵਲਾ ਨੇ ਕਿਹਾ ਕਿ ਭਾਵੇਂ ਦੋ ਸਾਲ ਪਹਿਲਾਂ ਕਰੋਨਾ ਦੀ ਮਹਾਂਮਾਰੀ ਨੇ ਸਾਥੀ ਸੱਜਣ ਸਿੰਘ ਨੂੰ ਸਾਡੇ ਤੋਂ ਖੋਹ ਲਿਆ ਹੈ, ਪਰ ਉਨ੍ਹਾ ਦੇ ਅਧੂਰੇ ਪਏ ਕਾਰਜ ਨੂੰ ਅਸੀਂ ਪੂਰਾ ਕਰਨਾ ਹੈ। ਅਸ਼ੋਕ ਕੌਸ਼ਲ ਨੇ ਸਾਥੀ ਹਰਵਿੰਦਰ ਸ਼ਰਮਾ ਦੀ ਡਿਊਟੀ ਦੌਰਾਨ ਕਰੰਟ ਲੱਗਣ ਕਾਰਨ ਮੌਤ ਦੇ ਮੂੰਹ ਵਿੱਚੋਂ ਬਚ ਜਾਣ ਦੀ ਮਿਸਾਲ ਦਿੰਦਿਆਂ ਦੱਸਿਆ ਕਿ ਪਿਛਲੇ 10-12 ਸਾਲ ਤੋਂ ਆਊਟਸੋਰਸ ਮੁਲਾਜ਼ਮ ਨਿਗੂਣੀਆਂ ਤਨਖ਼ਾਹਾਂ ਤੇ ਆਪਣੀਆਂ ਜਾਨਾਂ ਖਤਰੇ 'ਚ ਪਾ ਕੇ ਡਿਊਟੀਆਂ ਕਰ ਰਹੇ ਹਨ, ਪਰ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਬੁਲੰਦ ਕਰਨ ਵਾਲੀ ਸਰਕਾਰ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਕਰ ਰਹੀ। ਨਾਹਰ ਸਿੰਘ ਗਿੱਲ ਨੇ ਕਾਮਰੇਡ ਅਮੋਲਕ ਸਿੰਘ ਦਾ ਲਿਖਿਆ ਇਨਕਲਾਬੀ ਗੀਤ ਪੇਸ਼ ਕਰਕੇ ਮਾਹੌਲ ਨੂੰ ਜਜ਼ਬਾਤੀ ਕਰ ਦਿੱਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੋਮ ਨਾਥ ਅਰੋੜਾ, ਪ੍ਰਮੋਦ ਸ਼ਰਮਾ ਬਰਗਾੜੀ, ਮੁਖਤਿਆਰ ਸਿੰਘ ਮੱਤਾ, ਇਕਬਾਲ ਸਿੰਘ ਮੰਘੇੜਾ, ਹਰਦੀਪ ਸਿੰਘ ਫਿੱਡੂ ਭਲਵਾਨ, ਗੁਰਚਰਨ ਸਿੰਘ ਮਾਨ, ਬੀਬੀ ਸਿੰਬਲਜੀਤ ਕੌਰ, ਨਿਰਮਲ ਸਿੰਘ ਜਟਾਣਾ, ਸੁਖਮੰਦਰ ਸਿੰਘ ਰਾਮ ਸਰ, ਗੇਜ ਰਾਮ ਭੋਰਾ, ਗੁਰਾ ਸਿੰਘ ਢਿੱਲਵਾਂ, ਮੇਜਰ ਸਿੰਘ, ਵਿਨੋਦ ਕੁਮਾਰ ਲੈਕਚਰਾਰ, ਚੰਦ ਸਿੰਘ ਢਿੱਲਵਾਂ, ਚਰਨਜੀਤ ਕੌਰ ਲੰਭਵਾਲੀ ਤੇ ਵੱਡੀ ਗਿਣਤੀ 'ਚ ਆਸ਼ਾ ਵਰਕਰ ਵੀ ਹਾਜ਼ਰ ਸਨ। ਅੰਤ 'ਚ ਪ੍ਰਧਾਨ ਕੁਲਵੰਤ ਸਿੰਘ ਚਾਨੀ ਨੇ ਸਭ ਦਾ ਧੰਨਵਾਦ ਕੀਤਾ ਤੇ ਨਾਅਰਿਆਂ ਦੀ ਗੂੰਜ ਨਾਲ ਬਰਸੀ ਸਮਾਗਮ ਯਾਦਗਾਰੀ ਹੋ ਨਿੱਬੜਿਆ।

# ਕੁੱਲ ਹਿੰਦ ਕਿਸਾਨ ਸਭਾ ਤੇ ਸਰਬ ਭਾਰਤ ਨੌਜਵਾਨ ਸਭਾ ਨੇ ਐੱਸ ਐੱਸ ਪੀ ਨੂੰ ਸੌਂਪਿਆ ਮੰਗ ਪੱਤਰ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਕੁੱਲ ਹਿੰਦ ਕਿਸਾਨ ਸਭਾ ਤਹਿਸੀਲ ਕਮੇਟੀ ਤੇ ਸਰਬ ਭਾਰਤ ਨੌਜਵਾਨ ਸਭਾ ਜ਼ਿਲ੍ਹਾ ਫਾਜ਼ਿਲਕਾ ਵੱਲੋਂ ਇੱਕ ਮੰਗ ਪੱਤਰ ਸੌਂਪਿਆ ਗਿਆ। ਇਸ ਮੰਗ ਪੱਤਰ ਰਾਹੀਂ ਉਨ੍ਹਾਂ ਦੱਸਿਆ ਕਿ ਮੁਦਈ ਹਰਜਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਬੱਖੂ ਸਾਹ ਤੇ ਉਸ ਦੇ ਪਰਿਵਾਰ ਨਾਲ ਹੋਈ ਬੇਇਨਸਾਫੀ ਦਾ ਉੱਚ ਅਫਸਰਾਂ ਦੇ ਧਿਆਨ ਵਿੱਚ ਲਿਆਉਣ 'ਤੇ ਵੀ ਅੱਜ ਤੱਕ ਮੁਦਈ ਪਰਿਵਾਰ ਨੂੰ ਇਨਸਾਫ ਨਹੀਂ ਮਿਲਿਆ, ਜਿਸ ਦੇ ਚਲਦਿਆਂ ਉਨ੍ਹਾਂ ਵੱਲੋਂ ਐੱਸ ਐੱਸ ਪੀ ਫਾਜ਼ਿਲਕਾ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ ਹੈ।

ਆਗੂਆਂ ਨੇ ਕਿਹਾ ਕਿ ਇਹ ਮਾਮਲਾ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਉਨ੍ਹਾਂ ਦੇ ਹੱਕ ਸੱਚ ਦੀ ਅਵਾਜ਼ ਨੂੰ ਰਾਜਨੀਤਕ ਪਹੁੰਚ ਕਰਕੇ ਦਬਾਇਆ ਗਿਆ ਹੈ। ਉਨ੍ਹਾਂ ਪੁਲਸ ਪ੍ਰਸ਼ਾਸਨ ਤੋਂ ਕਦੀ ਉਮੀਦ ਨਹੀਂ ਕੀਤੀ ਸੀ ਕਿ ਉਨ੍ਹਾਂ ਦੇ ਮੁਦਈ ਹਰਜਿੰਦਰ ਸਿੰਘ ਨਾਲ ਇੰਨੀ ਵੱਡੀ ਬੇਇਨਸਾਫੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਮੁਦਈ ਹਰਜਿੰਦਰ ਸਿੰਘ ਨੂੰ ਆਉਂਦੇ ਕੁਝ ਦਿਨਾਂ ਵਿੱਚ ਮੁੱਢਲੀਆਂ ਧਾਰਵਾ 307 ਨੂੰ ਬਹਾਲ ਕਰਕੇ ਇਨਸਾਫ ਨਾ ਦਿੱਤਾ ਗਿਆ ਤਾਂ ਉਹ ਐੱਸ ਐੱਸ ਪੀ ਦਫਤਰ ਸਹਾਮਣੇ ਰੋਸ ਧਰਨਾ ਦੇਣ ਲਈ ਅਸੀਂ ਮਜਬੂਰ ਹੋਣਗੇ, ਜਿਸ ਦੀ ਸਾਰੀ ਜ਼ੁੰਮੇਵਾਰੀ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਦੀ ਹੋਵੇਗੀ।

ਉਨ੍ਹਾਂ ਕਿਹਾ ਕਿ ਇਸ ਨੂੰ ਉਨ੍ਹਾਂ ਦਾ ਕੇਵਲ ਮੰਗ ਪੱਤਰ ਹੀ ਨਾ ਸਮਝਿਆ ਜਾਵੇ, ਸਗੋਂ ਉਨ੍ਹਾਂ ਵੱਲੋਂ ਹੋਣ ਜਾ ਰਹੇ ਤਿੱਖੇ ਸੰਘਰਸ਼ ਦੀ ਚੇਤਾਵਨੀ ਸਮਝਿਆ ਜਾਵੇ। ਇਸ ਮੌਕੇ ਕਾਮਰੇਡ ਕੁਲਦੀਪ ਸਿੰਘ ਬੱਖੂ ਸਾਹ, ਕਾਮਰੇਡ ਹੁਸ਼ਿਆਰ ਸਿੰਘ, ਕਾਮਰੇਡ ਸੁਬੇਗ ਸਿੰਘ ਤੇ ਹੋਰ ਹਾਜ਼ਰ ਸਨ।

# 'ਆਪ' ਸਰਕਾਰ 750 ਦੇ ਕਰੀਬ ਕਿਰਾਏਦਾਰ ਦੁਕਾਨਦਾਰਾਂ ਨੂੰ ਮਾਲਕੀ ਹੱਕ ਦੇਣ ਲਈ ਤੱਤਪਰ : ਨੀਨਾ ਮਿੱਤਲ



**ਰਾਜਪੁਰਾ (ਰਮੇਸ਼ ਕਟਾਰੀਆ)**-ਆਮ ਆਦਮੀ ਪਾਰਟੀ ਦੀ ਸਰਕਾਰ ਨੇ ਰਾਜਪੁਰਾ ਦੇ 750 ਦੇ ਕਰੀਬ ਨਗਰ ਕੌਂਸਲ ਦੇ ਕਿਰਾਏਦਾਰਾਂ ਨੂੰ ਮਾਲਕੀ ਹੱਕ ਦੇਣ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮਾਲਕੀ ਹੱਕ ਦਿਵਾਉਣ ਲਈ ਰਾਜਪੁਰਾ ਦੀ ਵਿਧਾਇਕ ਨੀਨਾ ਮਿੱਤਲ ਨੇ ਆਪ ਦੀ ਸਰਕਾਰ ਆਪ ਦੇ ਦੁਆਰ ਤਹਿਤ ਇਸ ਕੰਮ ਲਈ ਆਪਣੇ ਕੋਆਰਡੀਨੇਟਰ ਸ੍ਰੀ ਸ਼ਾਮ ਸੁੰਦਰ ਵਧਵਾ, ਵਿਜੈ ਮੈਨਰੋ, ਨਗਰ ਕੌਂਸਲ ਦੇ ਸੀਨੀਅਰ ਮੀਤ ਪ੍ਰਧਾਨ ਜੈ ਕਿਸ਼ਨ, ਗਗਨ ਖੁਰਾਣਾ, ਵਿਕਰਮਜੀਤ ਸਿੰਘ ਕੰਡੇਵਾਲ ਤੇ ਜਗਦੀਸ਼ ਖਨੇਜਾ ਸਮੇਤ ਉਨ੍ਹਾਂ ਨੇ ਬਜ਼ਾਰ ਵਿੱਚ ਨਗਰ ਕੌਂਸਲ ਦੀਆਂ ਕਿਰਾਏਦਾਰ 'ਤੇ ਦਿੱਤੀਆਂ ਦੁਕਾਨਾਂ 'ਤੇ ਜਾ ਕੇ ਕਿਰਾਏਦਾਰਾਂ ਨੂੰ ਦੁਕਾਨਾਂ ਦਾ ਮਾਲਕ ਬਣਾਉਣ ਲਈ ਫਾਰਮ ਦਿੱਤੇ ਤੇ ਕਿਹਾ ਕਿ ਇਹ ਸਭ ਇੱਥੋਂ ਦੀ ਵਿਧਾਇਕ ਨੀਨਾ ਮਿੱਤਲ ਦੀ ਅਣਥਕ ਮਿਹਨਤ ਨਾਲ ਸੰਭਵ ਹੋ ਰਿਹਾ ਹੈ। ਉਨ੍ਹਾ ਚੋਣਾਂ ਵੇਲੇ ਦੁਕਾਨਦਾਰਾਂ ਨੂੰ ਵਿਸ਼ਵਾਸ ਦਿਵਾਇਆ ਸੀ ਕਿ ਆਮ ਪਾਰਟੀ ਦੀ ਸਰਕਾਰ ਬਣਨ ਉਪਰੰਤ ਨਗਰ ਕੌਂਸਲ ਦੇ ਕਿਰਾਏਦਾਰਾਂ ਨੂੰ ਇਨ੍ਹਾਂ ਦੁਕਾਨਾਂ ਦਾ ਮਾਲਕ ਬਣਾਇਆ ਜਾਵੇਗਾ, ਜਿਸ ਤਹਿਤ ਇਹ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਤੇ ਦਸੰਬਰ ਤੱਕ ਇਨ੍ਹਾਂ ਦੁਕਾਨਦਾਰਾਂ ਨੂੰ ਮਾਲਕੀ ਹੱਕ ਦੇਣ ਦੀ ਸੰਭਾਵਨਾ ਹੈ। ਇਹ ਕਾਰਵਾਈ ਹੋਣ ਨਾਲ ਦੁਕਾਨਦਾਰ ਕਾਫੀ ਖੁਸ਼ ਨਜ਼ਰ ਆ ਰਹੇ ਸਨ ਤੇ ਵਿਧਾਇਕ ਸਾਹਿਬਾ ਦਾ ਧੰਨਵਾਦ ਕਰ ਰਹੇ ਸਨ।

# ਸਿਹਤ ਕਰਮਚਾਰੀਆਂ ਦਾ ਵਫਦ ਸਿਵਲ ਸਰਜਨ ਨੂੰ ਮਿਲਿਆ



**ਸੰਗਰੂਰ (ਪ੍ਰਵੀਨ ਸਿੰਘ)**-ਸਿਹਤ ਵਿਭਾਗ ਦੇ ਮਲਟੀਪਰਪਜ਼ ਕੇਡਰ ਦੀਆਂ ਪਿਛਲੇ ਸਮੇਂ ਤੋਂ ਲਟਕਦੀਆਂ ਮੰਗਾਂ ਦੇ ਹੱਲ ਦੇ ਲਈ ਮਲਟੀਪਰਪਜ਼ ਹੈਲਥ ਇੰਪਲਾਈਜ਼ ਮੇਲ ਫੀਮੇਲ ਯੂਨੀਅਨ ਪੰਜਾਬ ਦੇ ਪ੍ਰਧਾਨ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਸੰਗਰੂਰ ਦੇ ਮੁਲਾਜ਼ਮਾਂ ਦਾ ਇੱਕ ਵਫਦ ਸਿਵਲ ਸਰਜਨ ਸੰਗਰੂਰ ਡਾਕਟਰ ਪਰਮਿੰਦਰ ਕੌਰ ਕੌਰ ਨੂੰ ਮਿਲਿਆ। ਵਫਦ ਨੇ ਮੁੱਖ ਮੰਗਾਂ ਰੈਗੂਲਰ ਪਾਲਸੀ ਅਧੀਨ ਡਾਇਰੈਕਟਰ ਦਫਤਰ ਵੱਲੋਂ ਸਮਾਂਬੱਧ ਆ ਰਾਹੇ ਪੱਤਰਾਂ ਮੁਤਾਬਕ 10 ਸਾਲਾ ਪਾਲਸੀ ਦਾ ਰਿਕਾਰਡ ਜਲਦੀ ਭੇਜਣ ਸਬੰਧੀ, ਐੱਨ ਐੱਚ ਐੱਮ ਅਧੀਨ ਮਲਟੀਪਰਪਜ਼ ਫੀਮੇਲ ਕੇਡਰ ਦੇ ਸਾਲਾਨਾ ਕੰਟਰੈਕਟ ਵਿੱਚ ਵਾਧੇ ਸਬੰਧੀ ਪਿਛਲੇ ਸਮੇਂ ਵੱਖ ਵੱਖ ਬਲਾਕਾਂ ਵਿੱਚ ਕੰਟਰੈਕਟ ਫੀਮੇਲ ਵਰਕਰਾਂ ਦਾ ਏਰੀਅਰ ਜਾਰੀ ਕਰਵਾਉਣ ਸਬੰਧੀ, ਪੁਰਾਣੀ ਪੈਨਸ਼ਨ ਸਕੀਮ ਵਿੱਚ ਗਏ ਕੁਝ ਮੁਲਾਜ਼ਮਾਂ ਦੇ ਸੀ ਪੀ ਐੱਫ ਦੀ ਅਦਾਇਗੀ ਸਬੰਧੀ ਕੁਝ ਕਰਮਚਾਰੀਆਂ ਦੇ ਕੇਸਾਂ ਦੇ ਛੇਤੀ ਹੱਲ ਸਬੰਧੀ, ਏ ਸੀ ਪੀ ਸਕੀਮ ਤੇ ਨੋਸ਼ਨਲੀ ਫਿਕਸੇਸ਼ਨ ਦੇ ਕੇਸਾਂ ਦੇ ਹੱਲ ਸਬੰਧੀ ਇਸ ਤੋਂ ਇਲਾਵਾ ਹੈਲਥ ਵੈੱਲਨੈੱਸ ਸੈਂਟਰ ਤੇ ਟੀਮ ਇੰਨਸੈਂਟਿਵ ਵਿੱਚ ਇਕਸਾਰਤਾ ਸਬੰਧੀ, ਪਿਛਲੇ ਸਮੇਂ ਤੋਂ ਪਾਸ ਮੈਡੀਕਲ ਬਿੱਲਾਂ ਦੇ ਬਜਟ ਜਲਦੀ ਭੇਜਣ ਤੋਂ ਇਲਾਵਾ ਹੋਰ ਮੰਗਾਂ ਦੇ ਸਬੰਧ ਵਿੱਚ ਚਰਚਾ ਕਰਦੇ ਹੋਏ ਸਿਵਲ ਸਰਜਨ ਡਾ. ਪਰਮਿੰਦਰ ਕੌਰ ਨੇ ਸਾਰੇ ਮਸਲੇ ਇੱਕ ਹਫਤੇ ਵਿੱਚ ਹੱਲ ਕਰਨ ਦਾ ਵਿਸ਼ਵਾਸ ਦੁਆਇਆ ਅਤੇ ਕਿਹਾ ਕਿ ਦਫਤਰ ਵਿੱਚ ਹਰ ਬਰਾਂਚ ਨਾਲ ਸਬੰਧਤ ਮਸਲੇ ਪਹਿਲ ਦੇ ਅਧਾਰ 'ਤੇ ਹੱਲ ਕਰਵਾਏ ਜਾਣਗੇ। ਇਸ ਮੌਕੇ ਜਥੇਬੰਦੀ ਦੇ ਆਗੂ ਤੇ ਜ਼ਿਲ੍ਹਾ ਮਾਸ ਮੀਡੀਆ ਅਫਸਰ ਬਲਜਿੰਦਰ ਸਿੰਘ ਜਥੇਬੰਦੀ ਆਗੂ ਜਸਵੀਰ ਕੌਰ, ਨਿੰਦਰ ਕੌਰ, ਮਨਪ੍ਰੀਤ ਕੌਰ, ਮਲਕੀਤ ਕੌਰ, ਅਮਨਦੀਪ ਕੌਰ ਤੋਂ ਇਲਾਵਾ ਸੁਪਰਡੈਂਟ ਅੰਮ੍ਰਿਤਪਾਲ ਸਿੰਘ, ਕੁਲਵਿੰਦਰ ਸਿੰਘ ਸਮੇਤ ਹੋਰ ਦਫਤਰੀ ਸਟਾਫ ਹਾਜ਼ਰ ਸਨ।

# ਮੋਟਰਸਾਈਕਲ ਚੋਰ ਗਰੋਹ ਦੇ ਤਿੰਨ ਮੈਂਬਰ ਪੁਲਸ ਅੜਿੱਕੇ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਥਾਣਾ ਸਿਟੀ ਧੂਰੀ ਦੇ ਐੱਸ.ਐੱਚ.ਓ. ਇੰਸਪੈਕਟਰ ਰਮਨਦੀਪ ਸਿੰਘ ਬਾਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਸੰਗਰੂਰ ਸ੍ਰੀ ਸੁਰੇਂਦਰ ਲਾਂਬਾ ਵੱਲੋਂ ਸਮਾਜ ਵਿਰੋਧੀ ਅਨਸਰਾਂ ਖਿਲਾਫ਼ ਕਾਰਵਾਈ ਕਰਨ ਦੀਆਂ ਦਿੱਤੀਆਂ ਹਦਾਇਤਾਂ ਦੇ ਮੱਦੇਨਜ਼ਰ ਤੇ ਕਪਤਾਨ ਪੁਲਸ ਧੂਰੀ ਯੋਗੇਸ਼ ਸ਼ਰਮਾ ਤੇ ਡੀ.ਐੱਸ.ਪੀ. ਧੂਰੀ ਕਰਨ ਸਿੰਘ ਸੰਧੂ ਦੀ ਅਗਵਾਈ ਹੇਠ ਥਾਣਾ ਸਿਟੀ ਧੂਰੀ ਦੀ ਪੁਲਸ ਨੇ ਚੋਰ ਗਰੋਹ ਦੇ ਤਿੰਨ ਮੈਂਬਰਾਂ ਨੂੰ ਕਾਬੂ ਕਰਨ 'ਚ ਸਫ਼ਲਤਾ ਪ੍ਰਾਪਤ ਕੀਤੀ ਹੈ। ਉਨ੍ਹਾ ਦੱਸਿਆ ਕਿ ਪੁਲਸ ਪਾਰਟੀ ਨੂੰ ਸੂਚਨਾ ਮਿਲੀ ਸੀ ਕਿ ਤਿੰਨ ਵਿਅਕਤੀ, ਜੋ ਥਾਣਾ ਸਿਟੀ ਧੂਰੀ ਦੇ ਏਰੀਏ ਤੇ ਆਸ-ਪਾਸ ਦੇ ਇਲਾਕੇ 'ਚ ਚੋਰੀਆਂ ਕਰਨ ਦੇ ਆਦੀ ਹਨ, ਜਿਨ੍ਹਾਂ ਖਿਲਾਫ਼ ਪਹਿਲਾਂ ਵੀ ਚੋਰੀ ਦੇ ਕੇਸ ਦਰਜ ਹਨ ਤੇ ਅੱਜ ਵੀ ਉਹ ਚੋਰੀ ਦੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਸ਼ਹਿਰ ਧੂਰੀ ਵੱਲ ਆ ਰਹੇ ਹਨ ਤੇ ਪੁਲਸ ਵੱਲੋਂ ਕੀਤੀ ਗਈ ਗਈ ਨਾਕਾਬੰਦੀ ਦੌਰਾਨ ਇੱਕ ਮੋਟਰਸਾਈਕਲ ਬਿਨਾਂ ਨੰਬਰੀ 'ਤੇ ਸਵਾਰ ਤਿੰਨ ਵਿਅਕਤੀਆਂ ਨੂੰ ਕਾਬੂ ਕੀਤਾ ਗਿਆ। ਉਨ੍ਹਾ ਦੱਸਿਆ ਕਿ ਫੜੇ ਗਏ ਮੁਲਜ਼ਮਾਂ ਦੀ ਪਛਾਣ ਕਰਮਜੀਤ ਸਿੰਘ ਉਰਫ ਮਨੀ, ਗੁਰਪਾਲ ਸਿੰਘ ਉਰਫ ਬੰਟੀ ਪੁੱਤਰ ਬਲਵੰਤ ਸਿੰਘ, ਸੁਖਜੀਤ ਸਿੰਘ ਉਰਫ ਸੁੱਖੀ ਵਾਸੀਆਨ ਸੰਗਰੂਰ ਵਜੋਂ ਹੋਈ ਹੈ, ਜਿਨ੍ਹਾਂ ਪਾਸੋਂ ਇੱਕ ਚੋਰੀ ਕੀਤਾ ਮੋਟਰਸਾਈਕਲ ਬਿਨਾਂ ਨੰਬਰੀ ਵੀ ਬਰਾਮਦ ਕੀਤਾ ਗਿਆ ਹੈ।

# ਐਡਵੋਕੇਟ ਮਨੋਜ ਗੋਇਲ ਭਾਜਪਾ ਦੇ ਵਣਜ ਤੇ ਵਪਾਰ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਨਿਯੁਕਤ



**ਭੀਖੀ (ਧਰਮਵੀਰ ਸ਼ਰਮਾ)**-ਭਾਰਤੀ ਜਨਤਾ ਪਾਰਟੀ ਦੇ ਉੱਪ ਪ੍ਰਧਾਨ ਰਜਿੰਦਰ ਰਾਜੀ ਦੀ ਪ੍ਰੇਰਣਾ ਸਦਕਾ ਭਾਜਪਾ ਵਿੱਚ ਸ਼ਾਮਲ ਹੋਏ ਐਡਵੋਕੇਟ ਮਨੋਜ ਕੁਮਾਰ ਗੋਇਲ ਨੂੰ ਭਾਜਪਾ ਜ਼ਿਲ੍ਹਾ ਪ੍ਰਧਾਨ ਰਾਕੇਸ਼ ਜੈਨ ਨੇ ਪਾਰਟੀ ਦੇ ਵਣਜ ਤੇ ਵਪਾਰ ਸੈੱਲ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਹੈ। ਇਸ ਮੌਕੇ ਵਪਾਰ ਸੈੱਲ ਦੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਮਨੋਜ ਗੋਇਲ ਨੇ ਕਿਹਾ ਕਿ ਉਹ ਪਾਰਟੀ ਵੱਲੋਂ ਸੌਂਪੀ ਇਸ ਜ਼ਿੰਮੇਵਾਰੀ ਨੂੰ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਵਪਾਰੀ ਵਰਗ ਦੀ ਸੇਵਾ ਲਈ ਹਰ ਸਮੇਂ ਤੱਤਪਰ ਰਹਿਣਗੇ। ਇਸ ਮੌਕੇ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਰਾਕੇਸ਼ ਜੈਨ ਤੇ ਜ਼ਿਲ੍ਹਾ ਉੱਪ ਪ੍ਰਧਾਨ ਰਜਿੰਦਰ ਰਾਜੀ, ਵਿਵੇਕ ਜੈਨ ਬੱਬੂ, ਅਰੁਨ ਗੋਇਲ, ਵਰਿੰਦਰ ਸ਼ੇਰਪੁਰੀਆ, ਵਿਜੈ ਕੁਮਾਰ, ਅਸ਼ਵਨੀ ਗੌਤਮ ਤੇ ਅਜੇ ਸ਼ਰਮਾ ਵੀ ਹਾਜ਼ਰ ਸਨ।

# ਵਿਧਾਇਕ ਨੇ ਸੰਗਤਪੁਰ ਸੋਢੀਆਂ 'ਚ ਰੱਖੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ



ਸੰਗਤਪੁਰ ਸੋਢੀਆਂ 'ਚ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਦੇ ਵਿਧਾਇਕ ਲਖਵੀਰ ਸਿੰਘ ਰਾਏ ਤੇ ਹੋਰ।

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਪਿੰਡ ਸੰਗਤਪੁਰ ਸੋਢੀਆਂ ਵਿਖੇ ਵਿਧਾਇਕ ਲਖਵੀਰ ਸਿੰਘ ਰਾਏ ਵੱਲੋਂ ਨਵੇਂ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ ਗਏ। ਇਸ ਮੌਕੇ ਜਿੱਥੇ ਨਵੇਂ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ ਗਏ, ਉਥੇ ਹੀ ਨਵੇਂ ਵਿਕਾਸ ਕਾਰਜਾਂ ਨੂੰ ਪ੍ਰਵਾਨਗੀ ਦਿੱਤੀ ਗਈ। ਇਸ ਮੌਕੇ ਵਿਧਾਇਕ ਲਖਵੀਰ ਸਿੰਘ ਰਾਏ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ ਦੀ ਭਗਵੰਤ ਮਾਨ ਸਰਕਾਰ ਹੁਣ ਲੋਕਾਂ ਦੀ ਸਰਕਾਰ ਹੈ, ਜੋ ਆਮ ਲੋਕਾਂ ਦੀ ਸੁੱਖ-ਸਹੂਲਤ ਲਈ ਉਨ੍ਹਾਂ ਦੀ ਰਾਏ ਨਾਲ ਵਿਕਾਸ ਕਾਰਜ ਕਰਵਾਉਂਦੀ ਹੈ। ਇਸੇ ਤਹਿਤ ਪਿੰਡ ਵਿੱਚ ਡਾਕਖਾਨੇ ਤੇ ਪਿੰਡ ਦੇ ਦਰਵਾਜ਼ੇ ਦੇ ਨਵੀਨੀਕਰਨ ਲਈ ਵਿਕਾਸ ਕਾਰਜ ਸ਼ੁਰੂ ਕਰਵਾਏ ਗਏ। ਇਸ ਤੋਂ ਇਲਾਵਾ ਧਰਮਸ਼ਾਲਾ ਵਿੱਚ ਪੱਥਰ ਲਾਉਣ ਦਾ ਕੰਮ ਵੀ ਸ਼ੁਰੂ ਕਰਵਾਇਆ ਗਿਆ।

ਉਨ੍ਹਾਂ ਦੱਸਿਆ ਕਿ ਪਿੰਡ ਵਾਸੀਆਂ ਦੀ ਰਾਏ ਅਨੁਸਾਰ ਪਿੰਡ ਦੇ ਪਾਣੀ ਦੀ ਨਿਕਾਸੀ ਨੂੰ ਲੈ ਕੇ ਨਵੇਂ ਵਿਕਾਸ ਕਾਰਜਾਂ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ, ਤਾਂ ਜੋ ਗੰਦੇ ਪਾਣੀ ਦੀ ਨਿਕਾਸੀ ਕਰਕੇ ਪਿੰਡ ਨੂੰ ਸਾਫ-ਸੁਥਰਾ ਬਣਾਇਆ ਜਾ ਸਕੇ। ਇਸ ਮੌਕੇ ਗਰਾਮ ਪੰਚਾਇਤ ਸੰਗਤਪੁਰ ਸੋਢੀਆਂ ਵੱਲੋਂ ਵਿਧਾਇਕ ਲਖਵੀਰ ਸਿੰਘ ਰਾਏ ਨੂੰ ਸਿਰੋਪਾਓ ਭੇਟ ਕਰ ਸਨਮਾਨਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਰੁਪਿੰਦਰ ਕੌਰ, ਸੁਰੇਸ਼ ਕੁਮਾਰ ਬੰਟੀ, ਪੰਚ ਹਰਮੇਸ਼ ਕੁਮਾਰ, ਪੰਚ ਭੁਪਿੰਦਰ ਸਿੰਘ, ਪੰਚ ਸਿਮਰਨਜੀਤ ਕੌਰ, ਐਡਵੋਕੇਟ ਕੇ ਜੀ ਸ਼ਰਮਾ, ਸੰਤੂ ਨੰਬਰਦਾਰ, ਨਾਹਰ ਸਿੰਘ ਆਦਮਪੁਰ, ਪਿਆਰਾ ਸਿੰਘ ਨਰਿੰਦਰ ਸਿੰਘ ਨੰਨੂ, ਪਰਮਜੀਤ ਸਿੰਘ, ਹਰਵਿੰਦਰ ਸਿੰਘ ਸੋਢੀ, ਬਲਵੰਤ ਸਿੰਘ ਤੋਤਾ, ਅਵਤਾਰ ਸਿੰਘ ਪੰਡਰਾਲੀ, ਹਰਮਿੰਦਰ ਸਿੰਘ ਸੋਢੀ, ਸੈਕਟਰੀ ਰਜਿੰਦਰ ਸਿੰਘ, ਸਿਹਤ ਕਰਮਚਾਰੀ ਰਣਦੀਪ ਸਿੰਘ, ਮੋਹਨ ਪਾਠਕ, ਹਰਵਿੰਦਰ ਸਿੰਘ ਬਧੋਛੀ, ਰਾਜ ਸਿੰਘ ਆਦਿ ਹਾਜ਼ਰ ਸਨ।

# ਦੋਰਾਹਾ ਤੋਂ ਗੁਰਥਲੀ ਪੁਲ ਤੱਕ ਸੜਕ ਦੀ ਮੁਰੰਮਤ ਕਰਵਾਈ



**ਦੋਰਾਹਾ (ਹਰਮਿੰਦਰ ਸੇਠ)**-ਦੋਰਾਹਾ ਤੋਂ ਗੁਰਥਲੀ ਪੁਲ ਵੱਲ ਜਾਣ ਵਾਲੀ ਸੜਕ ਪਿਛਲੇ ਲੰਮੇ ਸਮੇਂ ਤੋਂ ਟੁੱਟੀ ਹੋਣ ਕਰਕੇ ਉਥੇ ਕਿਸੇ ਵੀ ਸਮੇਂ ਕੋਈ ਅਣਸੁਖਾਵੀਂ ਘਟਨਾ ਵਾਪਰ ਸਕਦੀ ਸੀ, ਜਿਸ ਕਰਕੇ ਅੱਜ ਸੋਸ਼ਲ ਵਰਕਰ ਮਨਜੋਤ ਸਿੰਘ ਮਾਨ ਦੀ ਅਗਵਾਈ ਹੇਠ ਰਾਮਜੀ ਕੰਕਰੀਟ ਵਾਲਿਆਂ ਨੇ ਟੋਏ ਭਰ ਦਿੱਤੇ। ਇਸ ਕੰਮ ਦੀ ਉਥੋਂ ਲੰਘ ਰਹੇ ਰਾਹਗੀਰਾਂ ਨੇ ਕਾਫੀ ਸ਼ਲਾਘਾ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਨਜੋਤ ਸਿੰਘ ਮਾਨ ਨੇ ਕਿਹਾ ਕਿ ਪਿਛਲੇ ਕਾਫੀ ਸਮੇਂ ਇਸੇ ਸੜਕ 'ਤੇ ਵੱਡੇ ਵੱਡੇ ਟੋਏ ਹੋਣ ਕਰਕੇ ਰਾਹਗੀਰਾਂ ਨੂੰ ਕਾਫੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਸੀ, ਜਿਸ ਕਰਕੇ ਉਨ੍ਹਾਂ ਕਹਿ ਕੇ ਇਸ ਨੂੰ ਰਿਪੇਅਰ ਕਰਵਾ ਦਿੱਤਾ। ਇਸ ਮੌਕੇ ਅਨੀਕੇਤ ਸੈਨੀ ਪਲਾਂਟ ਇੰਚਾਰਜ ਰਾਮਜੀ ਕੰਕਰੀਟ ਦੋਰਾਹਾ, ਮਨਿੰਦਰ ਮਨੀ, ਸੁਭਾਸ਼ ਸ਼ਰਮਾ, ਯੂਥ ਆਗੂ ਲਖਵਿੰਦਰ ਸਿੰਘ ਲੱਖੀ, ਮਨਜੀਤ ਸਿੰਘ ਏ.ਐੱਸ.ਆਈ, ਸਤਵਿੰਦਰ ਸਿੰਘ ਏ.ਐੱਸ.ਆਈ. ਆਦਿ ਹਾਜ਼ਰ ਸਨ।

# ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ ਦੇ ਸੱਦੇ 'ਤੇ ਕਨਵੈਨਸ਼ਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ ਦੇ ਸੱਦੇ 'ਤੇ ਸਰਕਲ ਮੁਕਤਸਰ ਅੰਦਰ ਕੰਮ ਕਰਦੀਆਂ ਵੱਖ-ਵੱਖ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਨਵੀਂ ਦਾਣਾ ਮੰਡੀ ਜੰਗ ਸਿੰਘ ਭਵਨ ਵਿਖੇ ਵਿਸ਼ਾਲ ਕੰਨਵੈਨਸ਼ਨ ਕੀਤੀ ਗਈ। ਇਸ ਕੰਨਵੈਸ਼ਨ ਦੌਰਾਨ ਬੁਲਾਰਿਆਂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਤੇ ਕਾਰਪੋਰੇਸ਼ਨਾਂ ਵੱਲੋਂ ਵਾਰ-ਵਾਰ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ। ਲਗਾਤਾਰ ਟਾਲ-ਮਟੋਲ ਵਾਲੀ ਨੀਤੀ ਆਪਣਾਈ ਜਾ ਰਹੀ ਹੈ। ਇਸ ਮੌਕੇ ਕਰਮਚਾਰੀਆਂ ਨੇ ਛੇਵੇਂ ਪੇ ਕਮਿਸ਼ਨ ਨੂੰ ਜਾਰੀ ਕਰਨ ਦੀ ਮੰਗ ਕੀਤੀ। ਬੁਲਾਰਿਆਂ ਨੇ ਕਿਹਾ ਕਿ ਕਰਮਚਾਰੀ ਇਸ ਪੇ ਕਮੀਸ਼ਨ ਦੇ ਹੱਕਦਾਰ ਨੇ। ਇਸ ਤੋਂ ਇਲਾਵਾ ਹੋਰ ਮਗਾਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਨਾਲ ਹੀ ਮੰਗਾਂ ਨਾ ਪੂਰੀਆਂ ਕੀਤੇ ਜਾਣ ਤੇ 05 ਜੁਲਾਈ ਨੂੰ ਮੁੱਖ ਦਫਤਰ ਪਟਿਆਲਾ ਵਿਖੇ ਧਰਨਾ ਦੇਣ ਦੀ ਚਿਤਾਵਨੀ ਦਿੱਤੀ ਗਈ। ਕੰਨਵੈਨਸ਼ਨ ਨੂੰ ਟੀ ਐੱਸ ਯੂ ਵੱਲੋਂ ਸਰਕਲ ਆਗੂ ਰਾਧਾ ਕ੍ਰਿਸ਼ਨ, ਰਤਨ ਸਿੰਘ, ਸਰਬਜੀਤ ਸਿੰਘ ਭਾਣਾ, ਲਖਵਿੰਦਰ ਸਿੰਘ, ਬਲਜੀਤ ਸਿੰਘ ਕ੍ਰਿਪਾਲਕੇ, ਬਲਜੀਤ ਸਿੰਘ ਮੋਦਲਾ, ਮਨਿੰਦਰ ਸਿੰਘ ਮਲੋਟ, ਰਣਜੀਤ ਸਿੰਘ ਥਾਂਦੇਵਾਲਾ, ਸ਼ਿਵਦੀਪ ਸਿੰਘ ਬਰਾੜ ਆਦਿ ਮੌਜੂਦ ਸਨ।

# ਉੱਘੇ ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲਖ ਦੀ ਛੇਵੀਂ ਬਰਸੀ ਮਨਾਈ



**ਮਾਨਸਾ (ਆਤਮਾ ਸਿੰਘ ਪਮਾਰ)**-ਪ੍ਰੋਫੈਸਰ ਅਜਮੇਰ ਸਿੰਘ ਔਲਖ ਯਾਦਗਾਰੀ ਸਾਹਿਤਕ ਤੇ ਸੱਭਿਆਚਾਰ ਕਮੇਟੀ ਮਾਨਸਾ ਵੱਲੋਂ ਉੱਘੇ ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲਖ ਦੀ ਛੇਵੀਂ ਬਰਸੀ ਮੌਕੇ ਸਥਾਨਕ ਬੱਚਤ ਭਵਨ ਵਿਖੇ ਇੱਕ ਸੰਵਾਦ ਗੋਸ਼ਟੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੰਜਾਬੀ ਚਿੰਤਕ ਆਲੋਚਕ ਡਾਕਟਰ ਸੁਖਦੇਵ ਸਿੰਘ ਸਿਰਸਾ ਨੇ ਬੋਲਦਿਆਂ ਕਿਹਾ ਕਿ ਪ੍ਰੋ. ਔਲਖ ਦਾ ਨਾਟਕ ਦਰਅਸਲ ਜ਼ਿੰਦਗੀ ਦਾ ਨਾਟਕ ਸੀ। ਉਨ੍ਹਾ ਨੇ ਜ਼ਿੰਦਗੀ ਦੇ ਅੰਤਰ ਵਿਰੋਧਾਂ ਨੂੰ ਸਹਿਜ ਤੇ ਸਰਲ ਤਰੀਕੇ ਨਾਲ ਆਪਣੇ ਨਾਟਕਾਂ ਵਿੱਚ ਪੇਸ਼ ਕੀਤਾ। ਔਲਖ ਨੇ ਆਪਣੇ ਨਾਟਕ/ਰੰਗ-ਮੰਚ ਵਿੱਚ ਨਵਾਂ ਅਧਿਆਏ ਜੋੜਿਆ। ਉਨ੍ਹਾ ਉਸ ਬੰਦੇ ਨੂੰ ਕੇਂਦਰ 'ਚ ਲਿਆਂਦਾ, ਜਿਸ ਨੂੰ ਅਸੀਂ ਬੰਦਾ ਹੀ ਨਹੀਂ ਸਮਝਦੇ। ਔਲਖ ਦੇ ਨਾਟਕ ਦੁਰਕਾਰੇ ਤੇ ਹਾਸ਼ੀਆਗਤ ਲੋਕਾਂ ਦੀ ਗੱਲ ਕਰਦੇ ਹਨ।

ਕਮੇਟੀ ਦੇ ਪ੍ਰਧਾਨ ਕਹਾਣੀਕਾਰ ਦਰਸ਼ਨ ਜੋਗਾ ਨੇ ਸਵਾਗਤ ਕਰਦਿਆਂ ਪ੍ਰੋ. ਔਲਖ ਦੇ ਜੀਵਨ 'ਤੇ ਚਰਚਾ ਕੀਤੀ। ਇਸ ਮੌਕੇ ਨਾਟਕਕਾਰ ਤੇ ਲੋਕ ਕਲਾ ਮੰਚ ਦੇ ਮੁੱਢਲੇ ਕਲਾਕਾਰ ਬਲਰਾਜ ਮਾਨ ਨੇ ਪ੍ਰੋਫੈਸਰ ਸਾਹਿਬ ਦੇ ਨਾਟਕ ਰਚਨ ਦੇ ਸ਼ੁਰੂਆਤੀ ਸਮੇਂ ਬਾਰੇ ਵਿਸਥਾਰ 'ਚ ਗੱਲਾਂ ਕੀਤੀਆਂ। ਉਨ੍ਹਾਂ ਕਿਹਾ ਕਿ ਮੁੱਢਲੇ ਦੌਰ ਵਿੱਚ ਔਲਖ ਆਪਣੇ ਨਾਟਕ ਕਲਾਕਾਰਾਂ ਤੇ ਦਰਸ਼ਕਾਂ ਵਿੱਚੋਂ ਆਈ ਰਾਏ ਨੂੰ ਵੀ ਅਧਾਰ ਬਣਾਉਂਦੇ ਸਨ। ਇਸੇ ਕਰਕੇ ਉਨ੍ਹਾਂ ਦੇ ਨਾਟਕ ਜਨ ਸਧਾਰਨ ਵਿੱਚ ਵੀ ਮਕਬੂਲ ਹੋਏ। ਪ੍ਰੋ. ਔਲਖ ਹੁਰਾਂ ਦੀ ਸ਼ਖਸੀਅਤ ਸਬੰਧੀ ਚਰਚਾ ਕਰਦਿਆਂ ਪ੍ਰੋ. ਦਰਸ਼ਨ ਸਿੰਘ, ਪ੍ਰੋ. ਸੁਖਦੇਵ ਸਿੰਘ, ਮਨਜੀਤ ਕੌਰ ਔਲਖ, ਹਰਿੰਦਰ ਮਨਸ਼ਾਹੀਆ ਤੇ ਡਾ. ਕੁਲਦੀਪ ਸਿੰਘ ਦੀਪ ਨੇ ਕਿਹਾ ਕਿ ਵਰਤਮਾਨ ਸਮੇਂ ਪੇਂਡੂ ਰੰਗਮੰਚ ਖਤਮ ਹੋ ਰਿਹਾ, ਜਿਸ ਨੂੰ ਮੁੜ ਉਭਾਰਨ ਦੀ ਲੋੜ ਹੈ। ਉਨ੍ਹਾ ਕਿਹਾ ਕਿ ਪ੍ਰੋ. ਔਲਖ ਦੇ ਹਰ ਨਾਟਕ ਦੇ ਮੰਚਨ ਲਈ ਲੋੜੀਂਦੇ ਉਪਰਾਲਿਆਂ ਦੀ ਜ਼ਰੂਰਤ ਹੈ। ਇਸ ਮੌਕੇ ਡਾ. ਸੁਰਜੀਤ ਸਿੰਘ ਭੱਟੀ ਤੇ ਅਮੋਲਕ ਸਿੰਘ ਨੇ ਕਿਹਾ ਕਿ ਪ੍ਰੋ. ਔਲਖ ਦੇ ਨਾਟਕ ਕਿਰਤੀਆਂ, ਛੋਟੀ ਕਿਸਾਨੀ ਤੋਂ ਇਲਾਵਾ ਸਮਾਜਿਕ ਅਨਿਆਂ ਵਿਰੁੱਧ ਡਟ ਕੇ ਖੜਦੇ ਹਨ। ਉਨ੍ਹਾ ਕਿਹਾ ਕਿ ਨਾਟਕਕਾਰ ਦੀ ਯਾਦ ਵਿੱਚ ਸਰਕਾਰਾਂ ਨੂੰ ਪਹਿਲ ਦੇ ਅਧਾਰ 'ਤੇ ਮਾਨਸਾ ਜ਼ਿਲ੍ਹੇ ਵਿੱਚ ਹੀ ਕੋਈ ਢੁੱਕਵੀਂ ਯਾਦਗਾਰ ਸਥਾਪਤ ਕਰਨੀ ਚਾਹੀਦੀ ਹੈ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਅਜਿਹੇ ਲੇਖਕਾਂ ਤੇ ਉਨ੍ਹਾਂ ਦੀਆਂ ਰਚਨਾਵਾਂ ਤੋਂ ਪ੍ਰੇਰਨਾ ਲੈਣ ਦੇ ਨਾਲ ਨਾਲ ਆਪਣੇ ਪੁਰਖਿਆਂ 'ਤੇ ਗਰਵ ਮਹਿਸੂਸ ਕਰ ਸਕਣ। ਮੰਚ ਸੰਚਾਲਨ ਕਰਦਿਆਂ ਉੱਘੇ ਕਵੀ ਗੁਰਪ੍ਰੀਤ ਨੇ ਵੱਖ ਵੱਖ ਮੌਕੇ ਕੀਤੀਆਂ ਟਿੱਪਣੀਆਂ 'ਚ ਕਿਹਾ ਕਿ ਪ੍ਰੋ. ਔਲਖ ਸਾਦਾ ਦਿਲ ਤੇ ਨੇਕ ਇਨਸਾਨ ਸਨ, ਜਿਨ੍ਹਾਂ ਨੇ ਕਿਰਤੀ ਵਰਗ ਦੇ ਦੁੱਖਾਂ ਦੀ ਬਾਤ ਪਾਉਂਦਿਆਂ, ਉਨ੍ਹਾਂ ਨੂੰ ਆਪਣੇ ਹੱਕਾਂ ਲਈ ਚੇਤਨ ਵੀ ਕੀਤਾ।

ਇਸ ਮੌਕੇ ਭਾਸ਼ਾ ਵਿਭਾਗ ਮਾਨਸਾ ਵੱਲੋਂ ਕਿਤਾਬਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ। ਸੈਮੀਨਾਰ ਦੌਰਾਨ ਮਨਜੀਤ ਕੌਰ ਔਲਖ, ਬਿੱਟੂ ਮਾਨਸਾ, ਸਾਬਕਾ ਵਿਧਾਇਕ ਕਾ. ਹਰਦੇਵ ਅਰਸ਼ੀ, ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ, ਪ੍ਰੋ. ਦਿਲਬਾਗ ਸਿੰਘ, ਜਗਜੀਤ ਸਿੰਘ ਚਾਹਲ, ਤੇਜਿੰਦਰ ਕੌਰ, ਹਰਿੰਦਰ ਮਾਨਸ਼ਾਹੀਆ, ਪ੍ਰੋ. ਸੁਪਨਦੀਪ ਕੌਰ, ਹਰਦੀਪ ਸਿੱਧੂ, ਜਗਤਾਰ ਔਲਖ, ਹਰਪ੍ਰੀਤ ਪੁਰਬਾ, ਗੁਰਲਾਭ ਸਿੰਘ, ਮਨਜੀਤ ਸਿੰਘ ਚਾਹਲ, ਰਾਮ ਸਿੰਘ ਭੈਣੀਬਾਘਾ ਆਦਿ ਹਾਜ਼ਰ ਸਨ।

# ਅਮਲੋਹ ਬਾਜ਼ਾਰ 'ਚ ਵਿਅਕਤੀ 'ਤੇ ਕਾਤਲਾਨਾ ਹਮਲਾ ਕਰਨ ਵਾਲਾ ਗ੍ਰਿਫ਼ਤਾਰ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਨਿਹੰਗ ਸਿੰਘ ਦੇ ਬਾਣੇ 'ਚ ਆਏ ਇੱਕ ਵਿਅਕਤੀ ਵੱਲੋਂ ਅਮਲੋਹ ਦੇ ਬਾਜ਼ਾਰ 'ਚ ਇੱਕ ਵਿਅਕਤੀ 'ਤੇ ਕਿਰਪਾਨ ਨਾਲ ਹਮਲਾ ਕਰਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦੇਣ ਦਾ ਸਮਾਚਾਰ ਹੈ। ਹਸਪਤਾਲ 'ਚ ਜ਼ੇਰੇ ਇਲਾਜ ਬਲਜੀਤ ਸਿੰਘ ਵਾਸੀ ਪਿੰਡ ਅਲਦਾਦਪੁਰ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਸ ਦਾ ਲੜਕਾ ਤਰਨਵੀਰ ਸਿੰਘ ਜੋ ਕਿ ਗਿਆਰਵੀਂ ਜਮਾਤ ਦਾ ਵਿਦਿਆਰਥੀ ਹੈ, ਦੀ ਕੁਝ ਦਿਨ ਪਹਿਲਾਂ ਪਿੰਡ ਖਨਿਆਣ ਦੇ ਵਸਨੀਕ ਗੁਰਵਿੰਦਰ ਸਿੰਘ ਉਰਫ ਰਾਜੂ ਦੇ ਲੜਕੇ ਨਾਲ ਤਕਰਾਰਬਾਜ਼ੀ ਹੋ ਗਈ ਸੀ ਤੇ ਬੀਤੇ ਦਿਨ ਜਦੋਂ ਉਹ ਆਪਣੇ ਲੜਕੇ ਤਰਨਵੀਰ ਸਿੰਘ ਨੂੰ ਲੈਣ ਲਈ ਅਮਲੋਹ ਦੇ ਸਿਵਲ ਹਸਪਤਾਲ ਨਜ਼ਦੀਕ ਪਹੁੰਚਿਆ ਤਾਂ ਉੱਥੇ ਖੜੇ ਗੁਰਵਿੰਦਰ ਸਿੰਘ ਉਰਫ ਰਾਜੂ ਨੇ ਜਾਨੋਂ ਮਾਰ ਦੇਣ ਦੀ ਨੀਅਤ ਨਾਲ ਉਸ ਦੇ ਸਿਰ 'ਤੇ ਕਿਰਪਾਨ ਨਾਲ ਹਮਲਾ ਕਰ ਦਿੱਤਾ, ਜਿਸ ਤੋਂ ਬਚਣ ਲਈ ਉਸ ਨੇ ਆਪਣੀ ਬਾਂਹ ਅੱਗੇ ਕੀਤੀ ਤਾਂ ਕਿਰਪਾਨ ਉਸ ਦੀ ਬਾਂਹ 'ਤੇ ਵੱਜੀ, ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਿਆ ਤੇ ਹਮਲਾਵਰ ਗੁਰਵਿੰਦਰ ਸਿੰਘ ਉਰਫ ਰਾਜੂ ਆਪਣੀ ਇਨੋਵਾ ਕਾਰ ਤੇ ਕਿਰਪਾਨ ਸਮੇਤ ਉੱਥੋਂ ਫਰਾਰ ਹੋ ਗਿਆ। ਥਾਣਾ ਅਮਲੋਹ ਦੀ ਪੁਲਸ ਨੇ ਅ/ਧ 307 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਤਫਤੀਸ਼ ਕਰਦਿਆਂ ਗੁਰਵਿੰਦਰ ਸਿੰਘ ਉਰਫ ਰਾਜੂ ਨੂੰ ਵਾਰਦਾਤ 'ਚ ਵਰਤੀ ਗਈ ਕਿਰਪਾਨ ਤੇ ਇਨੋਵਾ ਗੱਡੀ ਸਮੇਤ ਗ੍ਰਿਫ਼ਤਾਰ ਕਰ ਲਿਆ।

# ਬੇਰਿੰਗ ਸਕੂਲ ਅੰਦਰ ਸਕੂਲ ਪ੍ਰਬੰਧਕਾਂ ਤੇ ਚਰਚ ਸਮਰਥਕਾਂ ਵਿਚਕਾਰ ਖਿੱਚੋਤਾਣ




**ਗਹਿਰੀ ਮੰਡੀ (ਮਨਜੀਤ ਸਿੰਘ ਮਿੰਟੂ)**-ਬੇਰਿੰਗ ਸਕੂਲ ਜੰਡਿਆਲਾ ਗੁਰੂ ਅੰਦਰ ਬਣੇ ਕਿਰੀਟ ਚਰਚ ਦੇ ਸਮਰਥਕਾਂ ਅਤੇ ਸਕੂਲ ਪ੍ਰਬੰਧਕਾਂ ਵਿਚਾਲੇ ਚਰਚ ਦੀ ਜਗ੍ਹਾ ਨੂੰ ਲੈ ਕਿ ਮਾਮਾਲਾ ਤੂਲ ਫੜਦਾ ਜਾ ਰਿਹਾ ਹੈ। ਇਸ ਸੰਬੰਧੀ ਸਮਰਥਕ ਪਰਵਾਰਾਂ ਦਾ ਪੱਖ ਸੁਣਨ ਅਤੇ ਵਿਵਾਦਿਤ ਸਥਾਨ ਦਾ ਮੌਕਾ ਮੁਆਇਨਾ ਕਰਨ ਲਈ ਕੌਮੀ ਘੱਟ ਗਿਣਤੀਆਂ ਲੋਕ ਭਲਾਈ ਸੰਸਥਾ (ਰਜਿ) ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਅਤੇ ਈਸਾਈ ਵਿੰਗ ਦੇ ਚੇਅਰਮੈਨ ਪਾਸਟਰ ਕੁਲਜਿੰਦਰ ਸਿੰਘ ਗਿੱਲ ਨੇ ਸਾਂਝੇ ਤੌਰ 'ਤੇ ਦੌਰਾ ਕਰਕੇ ਮੌਕੇ ਦਾ ਮੁਆਇਨਾ ਕੀਤਾ ਅਤੇ ਸਥਾਨਿਕ ਪ੍ਰਭਾਵਿਤ ਪਰਵਾਰਾਂ ਨੂੰ ਸੁਣਿਆ। ਸਤਨਾਮ ਸਿੰਘ ਗਿੱਲ ਨੇ ਦੱਸਿਆ ਹੈ ਕਿ ਮਾਮਲਾ ਚਰਚ ਨੂੰ ਸੰਭਾਵਿਤ ਤੌਰ ਤੇ ਲੱਗਣ ਜਾ ਰਹੀ ਢਾਹ ਨਾਲ ਸਬੰਧਿਤ ਹੈ। ਰਿਹਾਇਸ਼ੀ ਸਥਾਨ ਤੇ ਪ੍ਰਾਈਵੇਟ ਸਕੂਲ ਖੋਲ੍ਹਣ ਦਾ ਮਾਮਲਾ ਸਿੱਧੇ ਤੌਰ ਤੇ ਨਿਯਮਾਂ ਦੀ ਉਲੰਘਣਾ ਨਾਲ ਜੁੜਿਆ ਹੈ। ਜੌਰਜ ਮਸੀਹ ਸਮੇਤ ਅਨੇਕਾਂ ਲੋਕਾਂ ਨੇ ਦੱਸਿਆ ਕਿ ਨਿੱਜੀ ਸਕੂਲ ਚਰਚ ਦੇ ਸਾਹਮਣੇ ਖੋਲਣ ਨੂੰ ਲੈ ਕੇ ਈਸਾਈ ਭਾਈਚਾਰਾ ਰਜ਼ਾਮੰਦ ਨਹੀ ਹੈ। ਫਿਰ ਵੀ ਚਰਚ ਨੂੰ ਜਾਂਦਾ ਰਸਤਾ ਰੋਕ ਕੇ ਨੀਹਾਂ ਪੁੱਟ ਦਿੱਤੀਆਂ ਗਈਆਂ ਹਨ। ਉਨ੍ਹਾਂ ਨੇ ਦੱਸਿਆ ਕਿ ਜਲਦ ਹੀ ਅਸੀਂ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਡਾਕਟਰ ਸ਼ੁਭਾਸ਼ ਥੋਬਾ ਨੂੰ ਮਿਲਕੇ ਅਪੀਲ ਕਰਾਂਗੇ ਕਿ ਉਹ ਦੌਰਾ ਕਰਕੇ ਸਥਾਨਕ ਲੋਕਾਂ ਦੀ ਸੁਣਵਾਈ ਕਰਨ।

ਇਸ ਸਬੰਧੀ ਬੇਰਿੰਗ ਸਕੂਲ ਜੰਡਿਆਲਾ ਦੇ ਮੈਨੇਜਰ ਨੇ ਜਾਣਕਾਰੀ ਸਾਂਝੀ ਕਰਦਿਆ ਦੱਸਿਆ ਕਿ ਸਕੂਲ ਅੰਦਰ ਕੋਈ ਵੀ ਗੈਰ ਕਾਨੂੰਨੀ ਉਸਾਰੀ ਨਹੀਂ ਹੋ ਰਹੀ। ਸਿਰਫ ਕੁਝ ਲੋਕ ਜਿਨ੍ਹਾਂ ਨੂੰ ਸੰਸਥਾ ਵਲੋਂ ਰਹਿਣ ਵਾਸਤੇ ਜਗ੍ਹਾ ਦਿੱਤੀ ਹੋਈ ਹੈ ਉਹ ਝਮੇਲਾ ਖੜਾ ਕਰ ਰਹੇ ਹਨ।

ਉਨਾਂ ਦੱਸਿਆ ਅਤੇ ਦਿਖਾਇਆ ਕਿ ਸਕੂਲ ਦੀ ਸਾਰੀ ਜ਼ਮੀਨ ਦੇ ਕਾਗਜ਼ਾਤ ਸਕੂਲ ਸੰਸਥਾ ਦੇ ਨਾਮ ਹਨ ਇਸ ਵਿੱਚ ਕਿਸੇ ਵੀ ਕਿਸਮ ਦਾ ਕੋਈ ਵੀ ਜ਼ਮੀਨ ਦਾ ਰੌਲਾ ਨਹੀਂ ਹੈ।

# ਪੀਰ ਬਾਬਾ ਪੱਕੇ ਸ਼ਾਹ ਦੀ ਯਾਦ 'ਚ ਸਾਲਾਨਾ ਮੇਲਾ 25 ਨੂੰ



**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**-ਸਥਾਨਕ ਸਹਿਰ ਅਜਨਾਲਾ ਦੀ ਕੀਰਤਨ ਸੋਸਾਇਟੀ ਦੇ ਖੁੱਲ੍ਹੇ ਮੈਦਾਨ ਤੋਂ ਕੁਝ ਦੂਰੀ 'ਤੇ ਸ਼ੱਕੀ ਨਾਲੇ ਕੰਢੇ 'ਤੇ ਸਥਿਤ ਪੀਰ ਬਾਬਾ ਪੱਕੇ ਸ਼ਾਹ ਦੀ ਯਾਦ 'ਚ 25 ਜੂਨ ਸਾਲਾਨਾ ਮੇਲਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਸੰਬੰਧੀ ਮੇਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁੱਖ ਨਿੱਝਰ ਵੱਲੋਂ ਓਐੱਸਡੀ ਐਡਵੋਕੇਟ ਰਾਜੀਵ ਮਦਾਨ ਤੇ ਓਐੱਸਡੀ ਚਰਨਜੀਤ ਸਿੰਘ ਸਿੱਧੂ ਦੀ ਸਾਂਝੀ ਅਗਵਾਈ 'ਚ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਮੇਲੇ 'ਚ ਵਿਸ਼ੇਸ਼ ਤੌਰ 'ਤੇ ਪੁੱਜਣ ਲਈ ਸੱਦਾ ਪੱਤਰ ਦੇਣ ਉਪਰੰਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੀਰ ਬਾਬਾ ਪੱਕੇ ਸ਼ਾਹ ਦੀ ਯਾਦ 'ਚ 25 ਜੂਨ ਨੂੰ ਮਨਾਏ ਜਾ ਰਹੇ ਮੇਲੇ 'ਚ ਵੱਡੀ ਗਿਣਤੀ 'ਚ ਪੁੱਜਣ ਵਾਲੀਆਂ ਸੰਗਤਾਂ 'ਚ ਕੈਬਨਿਟ ਮੰਤਰੀ ਧਾਲੀਵਾਲ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਨਗੇ ਜਦੋਂਕਿ ਲੋਕ ਗਾਇਕ ਰਾਜ ਅਲਗੜ੍ਹ ਤੇ ਮਿਸ ਨੀਲਮ ਤੇ ਅੰਮ੍ਰਿਤ ਕਵਾਲ ਆਪਣੇ ਸਾਥੀਆਂ ਨਾਲ ਸੰਗਤਾਂ ਨੂੰ ਧਾਰਮਿਕ ਗੀਤ ਤੇ ਕਵਾਲੀਆਂ ਸੁਣਾ ਕੇ ਨਿਹਾਲ ਕਰਨਗੇ। ਇਸ ਮੌਕੇ ਮੇਲਾ ਕਮੇਟੀ ਮੈਂਬਰ ਰਘੂ ਰਾਜਾ, ਸੀਨੀ, ਨੌਜਵਾਨ ਆਗੂ ਅਜੇ ਕੁਮਾਰ, ਅਮਨ ਭਗਤ, ਅੰਮ੍ਰਿਤਪਾਲ ਸਿੰਘ, ਹੈਪੀ ਮੁਕਾਮ, ਜਸਬੀਰ ਸਰਾਂ, ਬਾਬਾ ਸੰਦੀਪ, ਰਿੰਕੂ, ਸੰਨੀ ਚੋਪੜਾ ਅਤੇ ਵਿਸ਼ਾਲ ਡੀ. ਜੇ. ਆਦਿ ਹਾਜ਼ਰ ਸਨ।

# ਜਲੰਧਰ ਵਾਂਗ 2024 ਦੀਆਂ ਲੋਕ ਸਭਾ ਚੋਣਾਂ ਜਿੱਤ ਕੇ ਪਾਰਟੀ ਨੂੰ ਹੋਰ ਮਜ਼ਬੂਤ ਕਰਾਂਗੇ: ਜਗਰੂਪ ਸੇਖਵਾਂ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੂੰ ਪਾਰਟੀ ਲਈ ਵਧੀਆ ਸੇਵਾਵਾਂ ਨਿਭਾਉਣ ਲਈ ਪਾਰਟੀ ਹਾਈ ਕਮਾਂਡ ਵੱਲੋਂ ਉਨ੍ਹਾਂ ਨੂੰ ਪਾਰਟੀ ਦੇ ਸੂਬਾ ਜਨਰਲ ਸਕੱਤਰ ਦੇ ਅਹੁਦੇ ਨਾਲ ਨਿਵਾਜੇ ਜਾਣ ਤੋਂ ਬਾਅਦ ਪਹਿਲੀ ਵਾਰ ਕਾਦੀਆਂ ਪਹੁੰਚਣ ਤੇ ਪਾਰਟੀ ਵਰਕਰਾਂ ਅਤੇ ਅਹੁਦੇਦਾਰਾਂ ਵੱਲੋਂ ਅੱਜ ਵੱਖ-ਵੱਖ ਥਾਵਾਂ ਤੇ ਉਨਾਂ ਦਾ ਹਾਰ ਪਾ ਕੇ ਭਰਵਾਂ ਸਵਾਗਤ ਕੀਤਾ ਗਿਆ। ਅੱਜ ਸਵੇਰੇ ਗੁਰਦੁਆਰਾ ਬਾਬਾ ਰਾਜਾ ਰਾਮ ਵਿਖੇ ਸ੍ਰੀ ਹਰਗੋਬਿੰਦਪੁਰ ਸਾਹਿਬ ਤੋਂ ਵਿਧਾਇਕ ਅਮਰਪਾਲ ਸਿੰਘ ਨੇ ਸਭ ਤੋਂ ਪਹਿਲਾਂ ਉਨਾਂ ਨੂੰ ਜਨਰਲ ਸਕੱਤਰ ਦੇ ਅਹੁਦੇ ਦੀ ਜ਼ਿੰਮੇਵਾਰੀ ਮਿਲਣ ਦੀ ਖ਼ੁਸ਼ੀ ਸਾਂਝੀ ਕਰਦਿਆਂ ਫੁੱਲਾਂ ਦੇ ਹਾਰ ਪਾ ਕੇ ਜਗਰੂਪ ਸੇਖਵਾਂ ਨੂੰ ਵਧਾਈ ਦਿੱਤੀ। ਇਸੇ ਤਰ੍ਹਾਂ ਅੱਡਾ ਕੋਟ ਟੋਡਰ ਮੱਲ,ਮਾਲੀਆ ,ਖਾਰਾ, ਅਤੇ ਕਾਦੀਆਂ ਵਿਖੇ ਲੋਕਾਂ ਵੱਲੋਂ ਸੇਖਵਾਂ ਨੂੰ ਫੁੱਲਾਂ ਦੇ ਹਾਰ ਪਾਕੇ ਜੋਰਦਾਰ ਸਵਾਗਤ ਕੀਤਾ। ਉਪਰੰਤ ਜਗਰੂਪ ਸੇਖਵਾਂ ਨੇ ਦਾਣਾ ਮੰਡੀ ਕਾਦੀਆਂ ਵਿਖੇ ਵਧਾਈਆਂ ਦੇਣ ਲਈ ਪਹੁੰਚੇ ਕਾਦੀਆਂ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਪਿੰਡਾਂ ਤੋਂ ਇਲਾਵਾ ਧਾਰੀਵਾਲ, ਬਟਾਲਾ, ਕਾਹਨੂੰਵਾਨ ਤੋ ਵਿਸੇਸ ਤੌਰ ਤੇ ਪਹੁੰਚੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਜਿਥੇ ਉਹਨਾਂ ਦਾ ਧੰਨਵਾਦ ਕੀਤਾ ਉਥੇ ਹੀ ਉਨ੍ਹਾਂ ਪਾਰਟੀ ਹਾਈ ਕਮਾਂਡ ਸ੍ਰੀ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਸਮੁੱਚੀ ਲੀਡਰਸ਼ਿਪ ਦਾ ਵੀ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਕੀਤੇ ਗਏ ਭਰੋਸੇ ਨੂੰ ਉਹ ਕਦੇ ਵੀ ਟੁੱਟਣ ਨਹੀਂ ਦੇਣਗੇ। ਉਨਾਂ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੋਕਾਂ ਨੇ ਰਵਾਇਤੀ ਪਾਰਟੀਆਂ ਦੀ ਰਾਜਨੀਤੀ ਨੂੰ ਨਕਾਰਦੇ ਹੋਏ ਰੰਗਲਾ ਪੰਜਾਬ ਬਣਾਉਣ ਵਾਲੀ ਰਾਜਨੀਤੀ ਨੂੰ ਸਵੀਕਾਰਿਆ ਹੈ। ਉਨਾਂ ਕਿਹਾ ਕਿ ਜਲੰਧਰ ਵਾਂਗ ਹੀ 2024 ਦੀਆਂ ਲੋਕ ਸਭਾ ਚੋਣਾਂ ਵੀ ਜਿੱਤ ਕੇ ਪਾਰਟੀ ਨੂੰ ਹੋਰ ਮਜ਼ਬੂਤ ਕਰਾਂਗੇ। ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਕਾਦੀਆਂ ਮੋਹਨ ਸਿੰਘ, ਚੇਅਰਮੈਨ ਮਾਰਕੀਟ ਕਮੇਟੀ ਕਾਹਨੂੰਵਾਨ ਡਾ. ਜਸਪਾਲ ਸਿੰਘ ਪੰਧੇਰ, ਚੇਅਰਮੈਨ ਮਾਰਕੀਟ ਕਮੇਟੀ ਧਾਰੀਵਾਲ ਭੁਪਿੰਦਰ ਸਿੰਘ ਰਿੰਕਾ, ਬਰਾਕ ਪ੍ਰਧਾਨ ਕਾਦੀਆਂ ਡਾ, ਰਾਕੇਸ਼ ਕਾਲੀਆ, ਕਰਨਬੀਰ ਸਿੰਘ ਰੰਧਾਵਾ, ਅਜੈ ਕੁਮਾਰ ਚੀਦਾ, ਜੋਗਿੰਦਰ ਸਿੰਘ ਨਾਥਪੁਰਾ, ਰਾਮੂ, ਹਰਦਿਆਲ ਸਿੰਘ ਧੱਕੜ, ਸਾਬੀ ਨਾਨੋਵਾਲ, ਕਾਮਰੇਡ ਗੁਰਮੇਜ ਸਿੰਘ, ਦਵਿੰਦਰ ਸ਼ਰਮਾ, ਨਰੇਸ ਗੋਇਲ ਇੰਪਰੂਵਮੈਟ ਟਰੱਸਟ ਬਟਾਲਾ, ਵਿਜੇ ਤ੍ਰਿਹਣ, ਜਤਿੰਦਰ ਸਿੰਘ ਸਕੱਤਰ ਮਾਰਕੀਟ ਕਮੇਟੀ ਕਾਦੀਆਂ, ਡਾ. ਲਖਵਿੰਦਰ ਸਿੰਘ ਕੋਟ ਟੋਡਰ ਮੱਲ, ਬਾਬੀਤਾ ਖੋਸਲਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਪਾਰਟੀ ਵਰਕਰ ਤੇ ਅਹੁਦੇਦਾਰ ਹਾਜ਼ਰ ਸਨ।

# ਭੇਦਭਰੀ ਹਾਲਤ 'ਚ ਮਿਲੀ ਨੌਜਵਾਨ ਦੀ ਲਾਸ਼, ਇਲਾਕੇ 'ਚ ਦਹਿਸ਼ਤ ਦਾ ਮਾਹੌਲ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਹਲਕਾ ਖੇਮਕਰਨ ਅਧੀਨ ਪੈਂਦੇ ਪਿੰਡ ਚੇਲਾ ਦੇ ਘਰ ਵਿੱਚੋਂ ਨੌਜਵਾਨ ਦੀ ਭੇਦਭਰੀ ਹਾਲਤ 'ਚ ਲਾਸ਼ ਬਰਾਮਦ ਹੋਣ ਦੀ ਖਬਰ ਸਾਹਮਣੇ ਆਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਨੌਜਵਾਨ ਦੀ ਪਹਿਚਾਣ ਦੀਪਕ ਕੁਮਾਰ (36) ਪੁੱਤਰ ਅਸ਼ੋਕ ਕੁਮਾਰ ਵਾਸੀ ਚੇਲਾ ਵਜੋਂ ਹੋਈ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਨੌਜਵਾਨ ਦੀਪਕ ਕੁਮਾਰ ਦੇ ਭਰਾ ਹੈਪੀ ਸ਼ਰਮਾ ਅਤੇ ਰਵਿੰਦਰ ਕੁਮਾਰ ਨੇ ਦੱਸਿਆ ਕਿ ਉਹ ਦੋਵੇਂ ਭਰਾ ਚੇਲਾ ਕਲੋਨੀ 'ਚ ਰਹਿੰਦੇ ਹਨ ਅਤੇ ਉਨ੍ਹਾਂ ਦਾ ਭਰਾ ਦੀਪਕ ਕੁਮਾਰ ਪਿੰਡ ਚੇਲਾ ਵਿਖੇ ਰਹਿੰਦਾ ਸੀ। ਉਨ੍ਹਾਂ ਦੱਸਿਆ ਉਨ੍ਹਾਂ ਦਾ ਪਿਤਾ ਅਸ਼ੋਕ ਕੁਮਾਰ ਜੋ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਹੈ, ਉਨ੍ਹਾਂ ਦੇ ਭਰਾ ਦੀਪਕ ਕੁਮਾਰ ਰਹਿੰਦਾ ਸੀ।

ਉਨ੍ਹਾਂ ਦੱਸਿਆ ਕਿ ਮਿਤੀ 13 ਜੂਨ ਨੂੰ ਉਹ ਆਪਣੇ ਪਿਤਾ ਨੂੰ ਰੋਟੀ ਦੇਣ ਘਰ ਗਏ ਸੀ, ਜਿਸ ਦੌਰਾਨ ਜਦੋਂ ਉਨ੍ਹਾਂ ਆਪਣੇ ਪਿਤਾ ਨੂੰ ਆਪਣੇ ਭਰਾ ਦੀਪਕ ਕੁਮਾਰ ਬਾਰੇ ਪੁੱਛਿਆ ਤਾਂ ਉਨ੍ਹਾਂ ਦੇ ਪਿਤਾ ਨੇ ਕਿਹਾ ਕਿ ਉਹ ਕੰਮ 'ਤੇ ਗਿਆ ਹੈ। ਮ੍ਰਿਤਕ ਦੇ ਭਰਾਵਾਂ ਨੇ ਦੱਸਿਆ ਕਿ ਕੱਲ ਉਨ੍ਹਾਂ ਦੇ ਪਿੰਡ ਦੇ ਕੁੱਝ ਲੋਕਾਂ ਨੇ ਉਨ੍ਹਾਂ ਨੂੰ ਫੋਨ ਕਰਕੇ ਦੱਸਿਆ ਕਿ ਉਨ੍ਹਾਂ ਦੇ ਘਰ ਦੇ ਨਿਕਾਸੀ ਪਾਈਪ 'ਚੋਂ ਖੂਨ ਨਿਕਲ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਉਹ ਆਪਣੇ ਭਰਾ ਦੇ ਘਰ ਜੋ ਪਿੰਡ ਚੇਲਾ 'ਚ ਹੈ, 'ਚ ਪਹੁੰਚੇ ਤਾਂ ਉਨ੍ਹਾਂ ਦੇਖਿਆ ਕਿ ਘਰ ਦੀ ਰਸੋਈ ਵਿੱਚ ਦੀਪਕ ਕੁਮਾਰ ਦੀ ਲਾਸ਼ ਪਈ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਤੁਰੰਤ ਥਾਣਾ ਭਿੱਖੀਵਿੰਡ ਦੀ ਪੁਲਸ ਨੂੰ ਸੂਚਿਤ ਕੀਤਾ। ਵਰਣਨਯੋਗ ਹੈ ਕਿ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਪੱਟੀ ਭੇਜ ਦਿੱਤਾ ਹੈ। ਮ੍ਰਿਤਕ ਦੇ ਭਰਾਵਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਭਰਾ ਦੀ ਮੌਤ ਦਾ ਕਾਰਨ ਪਤਾ ਕਰਨ ਲਈ ਪੁਲਸ ਜਾਂਚ ਕਰ ਰਹੀ ਹੈ। ਉੱਧਰ ਇਸ ਮਾਮਲੇ ਸੰਬੰਧੀ ਥਾਣਾ ਭਿੱਖੀਵਿੰਡ ਦੇ ਐਸਐਚਓ ਬਲਜਿੰਦਰ ਸਿੰਘ ਦਾ ਕਹਿਣਾ ਹੈ ਕਿ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਥਾਣਾ ਮੁਖੀ ਨੇ ਕਿਹਾ ਕਿ ਮ੍ਰਿਤਕ ਨੌਜਵਾਨ ਦੇ ਪਰਿਵਾਰ ਦੇ ਬਿਆਨ ਦਰਜ ਕਰਕੇ ਧਾਰਾ 174 ਦੀ ਕਾਰਵਾਈ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਮ੍ਰਿਤਕ ਦੀਪਕ ਕੁਮਾਰ ਸ਼ਾਦੀਸ਼ੁਦਾ ਸੀ, ਪ੍ਰੰਤੂ ਕਿਸੇ ਘਰੇਲੂ ਝਗੜੇ ਦੇ ਚੱਲਦਿਆਂ ਉਸਦੀ ਪਤਨੀ ਪੇਕੇ ਘਰ ਰਹਿ ਰਹੀ ਹੈ।

# ਗਤਕਾ ਚੈਂਪੀਅਨਸ਼ਿਪ 'ਚ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ




**ਝਬਾਲ (ਹਰਜਿੰਦਰ ਸਿੰਘ ਸੋਨੀ)**—ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀ. ਸੈਕੰ. ਪਬਲਿਕ ਸਕੂਲ ਝਬਾਲ ਦੇ ਵਿਦਿਆਰਥੀ ਵਿੱਦਿਅਕ ਖੇਤਰ ਦੇ ਨਾਲ-ਨਾਲ ਖੇਡਾਂ ਵਿੱਚ ਵੀ ਨਾਮਣਾ ਖੱਟਦੇ ਰਹਿੰਦੇ ਹਨ। ਅੱਠਵੀਂ ਪੰਜਾਬ ਸਟੇਟ ਸਬ ਜੂਨੀਅਰ, ਜੂਨੀਅਰ, ਸੀਨੀਅਰ ਗਤਕਾ ਚੈਂਪੀਅਨਸ਼ਿਪ 2023 ਗੁ: ਰਤਵਾੜਾ ਸਾਹਿਬ (ਮੋਹਾਲੀ) ਵਿਖੇ ਕਰਵਾਈ ਗਈ ਅਤੇ ਜਿਸ ਵਿੱਚ ਸਕੂਲ ਦੇ 6 ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਨੌਵੀ ਕਲਾਸ ਦੀ ਵਿਦਿਆਰਥਣ ਆਰਤੀ ਕੌਰ ਉਮਰ 17 ਸਾਲ ਨੇ ਜੂਨੀਅਰ ਟੀਮ ਪ੍ਰਦਰਸ਼ਨ ਕਰਕੇ ਤੀਸਰਾ ਸਥਾਨ (ਬਰਾਉਂਜ਼ ਮੈਡਲ) ਹਾਸਲ ਕੀਤਾ। ਸਕੂਲ ਦੇ ਮੈਂਬਰ ਇੰਚਾਰਜ ਅਤੇ ਪ੍ਰਿੰਸੀਪਲ ਨੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਅੱਗੇ ਤੋਂ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਕੇ ਸਕੂਲ ਅਤੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ ।

## ਚੋਰੀਸ਼ੁਦਾ ਮੋਟਰਸਾਈਕਲ ਸਮੇਤ ਇਕ ਕਾਬੂ

**ਗੁਰਦਾਸਪੁਰ, (ਜਨਕ ਮਹਾਜਨ)**- ਥਾਣਾ ਬਹਿਰਾਮਪੁਰ ਦੇ ਏ.ਐਸ.ਆਈ. ਕੰਚਨ ਕਿਸ਼ੋਰ ਨੇ ਸਮੇਤ ਪੁਲਸ ਪਾਰਟੀ ਗਸਤ ਬਾ ਤਲਾਸ਼ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਮੁੱਖਬਰ ਖਾਸ ਦੀ ਇਤਲਾਹ 'ਤੇ ਪੁਲੀ ਪਸਿਆਲ ਤੋਂ ਦੋਸ਼ੀ ਸੁਖਵਿੰਦਰ ਸੁੱਖ ਪੁੱਤਰ ਅਮਰਜੀਤ ਵਾਸੀ ਚਾਹੀਆ ਥਾਣਾ ਸਦਰ ਗੁਰਦਾਸਪੁਰ ਨੂੰ ਚੋਰੀਸ਼ੁਦਾ ਸਪਲੈਂਡਰ ਮੋਟਰਸਾਈਕਲ ਬਿਨ੍ਹਾਂ ਨੰਬਰੀ ਸਮੇਤ ਕਾਬੂ ਕੀਤਾ ਹੈ। ਪੁੱਛਗਿੱਛ ਦੌਰਾਨ ਦੋਸ਼ੀ ਨੇ ਦੱਸਿਆ ਕਿ ਇਹ ਮੋਟਰਸਾਈਕਲ ਉਸ ਨੇ ਆਰਟ ਐਂਡ ਕਰਾਫਟ ਮੇਲਾ ਅੌਜਲਾ ਬਾਈਪਾਸ ਗੁਰਦਾਸਪੁਰ ਤੋਂ ਪਿੱਛਲੇ ਮਹੀਨੇ ਚੋਰੀ ਕੀਤਾ ਸੀ ਜਿਸ ਨੂੰ ਅੱਜ ਵੇਚਣ ਲਈ ਜਾ ਰਿਹਾ ਸੀ। ਪੁਲਸ ਨੇ ਉਕਤ ਵਿਅਕਤੀ ਖ਼ਿਲਾਫ਼ ਧਾਰਾ 379, 411 ਤਹਿਤ ਮਾਮਲਾ ਦਰਜ ਕਰਕੇ ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਜਨ-ਸੁਣਵਾਈ ਕੈਂਪ ਆਯੋਜਿਤ, 325 ਵਿਅਕਤੀਆਂ ਨੇ ਉਠਾਇਆ ਲਾਭ



**ਬਟਾਲਾ/ਕਾਦੀਆਂ (ਤਰਲੋਕ ਬੱਗਾ)**—ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੱਜ ਕਲਾਸਵਾਲਾ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਮਿਸ਼ਨ 'ਅਬਾਦ' ਤਹਿਤ ਵਿਸ਼ੇਸ਼ ਜਨ ਸੁਣਵਾਈ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਗਿਆ। ਅੱਜ ਦੇ ਅਬਾਦ ਕੈਂਪ ਵਿੱਚ 325 ਵਿਅਕਤੀਆਂ ਨੇ ਸਰਕਾਰ ਦੀਆਂ ਵੱਖ-ਵੱਖ ਭਲਾਈ ਯੋਜਨਾਵਾਂ ਦਾ ਲਾਭ ਉਠਾਇਆ। ਇਸ ਮੌਕੇ ਵੱਖ-ਵੱਖ ਵਿਭਾਗਾਂ ਵੱਲੋਂ ਸਟਾਲ ਲਗਾ ਕੇ ਆਪਣੇ ਵਿਭਾਗ ਨਾਲ ਸਬੰਧਤ ਸੇਵਾਵਾਂ ਯੋਗ ਲਾਭਪਾਤਰੀਆਂ ਨੂੰ ਦਿੱਤੀਆਂ ਗਈਆਂ। ਇਸ ਦੌਰਾਨ ਸਿਹਤ ਵਿਭਾਗ ਵੱਲੋਂ ਮੁਫ਼ਤ ਮੈਡੀਕਲ ਕੈਂਪ ਵੀ ਲਗਾਇਆ ਜਿਸ ਦੌਰਾਨ ਮਾਹਿਰ ਡਾਕਟਰਾਂ ਵੱਲੋਂ ਕੈਂਪ ਵਿੱਚ ਆਏ ਵਿਅਕਤੀਆਂ ਦੀ ਮੁੱਢਲੀ ਜਾਂਚ ਕਰਕੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਬਾਦ ਕੈਂਪਾਂ ਅਤੇ ਜਨ-ਸੁਣਵਾਈ ਕੈਂਪਾਂ ਜਰੀਏ ਪਿੰਡਾਂ ਤੇ ਸ਼ਹਿਰਾਂ ਵਿੱਚ ਪਹੁੰਚ ਕਰਕੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਦੇ ਨਾਲ ਸਾਰੇ ਯੋਗ ਲਾਭਪਾਤਰੀਆਂ ਨੂੰ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਹਜ਼ਾਰਾਂ ਲੋਕ ਅਜਿਹੇ ਕੈਂਪਾਂ ਦਾ ਲਾਭ ਉਠਾ ਚੁੱਕੇ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਕੈਂਪਾਂ ਦੌਰਾਨ ਜਿਥੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਜਾ ਰਹੀਆਂ ਹਨ, ਲੋਕ ਭਲਾਈ ਯੋਜਨਾਵਾਂ ਦਾ ਲਾਭ ਦਿੱਤਾ ਜਾ ਰਿਹਾ ਹੈ ਓਥੇ ਲੋਕਾਂ ਨੂੰ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਖਿਲਾਫ ਵੀ ਲਾਮਬੰਦ ਕੀਤਾ ਜਾ ਰਿਹਾ ਹੈ। ਇਸ ਮੌਕੇ ਨਾਇਬ ਤਹਿਸੀਲਦਾਰ ਅਭਿਸ਼ੇਕ ਵਰਮਾ, ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਅਮਰਜੀਤ ਸਿੰਘ ਭਾਟੀਆ, ਮੁੱਖ ਖੇਤੀਬਾੜੀ ਅਫ਼ਸਰ ਕ੍ਰਿਪਾਲ ਸਿੰਘ ਢਿਲੋਂ, ਈ.ਓ. ਨਗਰ ਕੌਂਸਲ ਕਾਦੀਆਂ, ਬੀ.ਡੀ.ਪੀ.ਓ. ਕਾਦੀਆਂ ਤੋਂ ਇਲਾਵਾ ਹੋਰ ਅਧਿਕਾਰੀ ਤੇ ਇਲਾਕੇ ਦੇ ਮੋਹਤਬਰ ਵਿਅਕਤੀ ਹਾਜ਼ਰ ਸਨ।

# ਕਲਾਨੌਰ ਸਿਵਲ ਹਸਪਤਾਲ 'ਚ ਸੱਪ ਤੇ ਠੂੰਹਾਂ ਲੜੇ ਮਰੀਜ਼ ਹਾਲੋਂ ਬੇਹਾਲ

## ਰਾਤ ਵੇਲੇ ਐਮਰਜੈਂਸੀ 'ਚ ਨਹੀਂ ਮਿਲਦਾ ਕੋਈ ਡਾਕਟਰ



**ਕਲਾਨੌਰ, (ਮਨਦੀਪ ਕੁਮਾਰ)**-ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਸਿਹਤ ਸੇਵਾਵਾਂ ਨੂੰ ਲੈ ਕੇ ਵੱਡੇ-ਵੱਡੇ ਦਾਅਵੇ ਤਾਂ ਬਹੁਤ ਕਰਦੀ ਹੈ ਅਤੇ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਪਿੰਡ ਪੱਧਰ 'ਤੇ ਮੁਹੱਲਾ ਕਲੀਨੀਕ ਵੀ ਖੋਲ੍ਹੇ ਜਾ ਰਹੇ ਹਨ ਪਰ ਉੱਥੇ ਸਰਹੱਦੀ ਪੱਟੀ ਦੇ ਸੈਂਕੜੇ ਪਿੰਡਾਂ ਨੂੰ ਸਿਹਤ ਸੇਵਾ ਪ੍ਰਦਾਨ ਕਰ ਰਹੇ ਕਮਿਊਨਿਟੀ ਸਿਹਤ ਕੇਂਦਰ ਕਲਾਨੌਰ ਵਿਚ ਵੀਰਵਾਰ ਦੀ ਸਾਮ ਨੂੰ ਡਾਕਟਰ ਨਾ ਹੋਣ ਕਾਰਨ ਮਰੀਜ਼ਾਂ ਨੂੰ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਪਿੰਡ ਦਾਦੂਵਾਲ ਦੀ ਮਹਿਲਾ ਬਲਵਿੰਦਰ ਕੌਰ ਨੇ ਦੱਸਿਆ ਕਿ ਉਸ ਦੀ ਬੇਟੀ ਗਗਨਦੀਪ ਕੌਰ ਨੂੰ ਘਰੇਲੂ ਕੰਮ ਕਰਦਿਆਂ ਨੇ ਡੰਗ ਮਾਰ ਲਿਆ ਜਿਸ ਨੂੰ ਕਮਿਊਨਿਟੀ ਸਿਹਤ ਕੇਂਦਰ ਕਲਾਨੌਰ ਵਿਖੇ ਲਿਆਂਦਾ ਗਿਆ ਜਿੱਥੇ ਡਾਕਟਰ ਨਾ ਹੋਣ ਕਾਰਨ ਡਿਊਟੀ ਤੇ ਤੈਨਾਤ ਮਹਿਲਾ ਨਰਸ ਵੱਲੋਂ ਚੈੱਕ-ਅੱਪ ਕਰਨ ਨੂੰ ਗੁਰਦਾਸਪੁਰ ਰੈਫਰ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਕੰਵਰਦੀਪ ਸਿੰਘ ਨੇ ਦੱਸਿਆ ਕਿ ਉਸ ਦੇ ਬੇਟੇ ਆਗਿਆ ਪਾਲ ਸਿੰਘ 3 ਸਾਲ ਨੂੰ ਘਰ ਵਿੱਚ ਖੇਡਦੇ ਸਮੇਂ ਠੂੰਹੇ ਨੇ ਡੱਸ ਲਿਆ ਜਿਸ ਨੂੰ ਕਮਿਊਨਿਟੀ ਸਿਹਤ ਕੇਂਦਰ ਕਲਾਨੌਰ ਵਿਖੇ ਇਲਾਜ ਲਈ ਲਿਆਂਦਾ ਗਿਆ ਪ੍ਰੰਤੂ ਉਨ੍ਹਾਂ ਨੂੰ ਹਸਪਤਾਲ ਵਿਚ ਕੋਈ ਵੀ ਮੈਡੀਕਲ ਅਫਸਰ ਨਹੀਂ ਮਿਲਿਆ। ਇਸ ਸਬੰਧੀ ਸਿਵਲ ਸਰਜਨ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਫੋਨ ਨਹੀਂ ਉਠਾਇਆ। ਇਸ ਸੰਬੰਧੀ ਜਦੋਂ ਡਿਪਟੀ ਕਮਿਸਨਰ ਹਿਮਾਂਸੂ ਅਗਰਵਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਸ ਸਬੰਧੀ ਉਹ ਤੁਰੰਤ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਨਗੇ। ਗੌਰਤਲਬ ਹੈ ਕਿ ਇਸ ਹਸਪਤਾਲ ਦੀਆਂ ਰਾਤ ਵੇਲੇ ਐਮਰਜੈਂਸੀ ਵਿੱਚ ਡਾਕਟਰ ਨਾ ਹੋਣ ਦੀਆਂ ਖ਼ਬਰਾਂ ਪਹਿਲਾਂ ਵੀ ਪ੍ਰਕਾਸ਼ਤ ਹੁੰਦੀਆਂ ਰਹਿੰਦੀਆਂ ਹਨ ਪਰ ਹੁਣ ਦੇਖੋ ਸਿਹਤ ਵਿਭਾਗ ਦੀ ਕਾਰਵਾਈ ਕਰਦਾ ਹੈ।

# ਤਹਿਸੀਲ ਕੰਪਲੈਕਸ ਭਿੱਖੀਵਿੰਡ ਦੇ ਕਲਰਕਾਂ ਦੇ ਤਬਾਦਲੇ ਨਾ ਰੋਕੇ ਤਾਂ ਵਿੱਢਾਂਗੇ ਸੰਘਰਸ਼ : ਕੰਬੋਕੇ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਭਾਵੇਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਸਰਕਾਰੀ ਮੁਲਾਜ਼ਮਾਂ ਨੂੰ ਸਮੇਂ ਦਾ ਪਾਬੰਦ ਹੋਣ ਅਤੇ ਇਮਾਨਦਾਰੀ ਨਾਲ ਲੋਕਾਂ ਦੀ ਸੇਵਾ ਕਰਨ ਲਈ ਪ੍ਰੇਰਿਆ ਜਾਂਦਾ ਹੈ, ਪ੍ਰੰਤੂ ਤਹਿਸੀਲ ਕੰਪਲੈਕਸ ਭਿੱਖੀਵਿੰਡ 'ਚ ਬਤੌਰ ਕਲਰਕ ਡਿਊਟੀ ਨਿਭਾ ਰਹੇ ਦੋ ਕਲਰਕਾਂ ਨੂੰ ਇਮਾਨਦਾਰੀ ਨਾਲ ਕੰਮ ਕਰਨ ਦਾ ਫਲ ਤਬਾਦਲੇ ਦੇ ਰੂਪ ਵਿੱਚ ਮਿਲਿਆ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਅੰਬਾਵਤਾ ਦੇ ਜ਼ਿਲ੍ਹਾ ਤਰਨ ਤਾਰਨ ਪ੍ਰਧਾਨ ਪੰਜਾਬ ਸਿੰਘ ਕੰਬੋਕੇ ਨੇ ਕੀਤਾ। ਉਨ੍ਹਾਂ ਕਿਹਾ ਕਿ ਤਹਿਸੀਲ ਕੰਪਲੈਕਸ ਭਿੱਖੀਵਿੰਡ 'ਚ ਬਤੌਰ ਕਲਰਕ ਸੇਵਾਵਾਂ ਨਿਭਾ ਰਹੇ ਸਵਿੰਦਰ ਸਿੰਘ ਤੇ ਜਗਰੂਪ ਸਿੰਘ ਇਮਾਨਦਾਰ ਅਤੇ ਲਗਨ ਨਾਲ ਕੰਮ ਕਰਨ ਵਾਲੇ ਮੁਲਾਜ਼ਮ ਹਨ। ਉਨ੍ਹਾਂ ਕਿਹਾ ਕਿ ਇਲਾਕੇ ਦੇ ਲੋਕ ਉਪਰੋਕਤ ਦੋਵਾਂ ਕਲਰਕਾਂ ਦੀ ਇਮਾਨਦਾਰੀ ਤੋਂ ਵਾਕਿਫ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ਉਪਰੋਕਤ ਦੋਵਾਂ ਕਲਰਕਾਂ ਦੇ ਤਬਾਦਲਿਆਂ ਨਾਲ ਇਲਾਕੇ ਦੇ ਲੋਕਾਂ ਵਿੱਚ ਸੂਬਾ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਪ੍ਰਤੀ ਰੋਸ ਦੇਖਣ ਨੂੰ ਮਿਲ ਰਿਹਾ ਹੈ।

ਉਨ੍ਹਾਂ ਕਿਹਾ ਕਿ ਇੱਕ ਪਾਸੇ ਤਾਂ ਮਾਨ ਸਾਬ੍ਹ ਸਰਕਾਰੀ ਅਧਿਕਾਰੀਆਂ ਨੂੰ ਲੋਕਾਂ ਦੀ ਸੇਵਾ ਕਰਨ ਦੀਆਂ ਸਲਾਹਾਂ ਦਿੰਦੇ ਹਨ, ਪ੍ਰੰਤੂ ਦੂਜੇ ਪਾਸੇ ਇਮਾਨਦਾਰ ਮੁਲਾਜ਼ਮਾਂ ਦੇ ਤਬਾਦਲੇ ਕਰਕੇ ਆਮ ਲੋਕਾਂ ਨਾਲ ਬੇਇਨਸਾਫੀ ਕਰ ਰਹੇ ਹਨ। ਇਸ ਮੌਕੇ ਉਨ੍ਹਾਂ ਸੂਬਾ ਸਰਕਾਰ 'ਤੇ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਸਖਤ ਚੇਤਾਵਨੀ ਦਿੱਤੀ ਕਿ ਜੇਕਰ ਭਿੱਖੀਵਿੰਡ ਤਹਿਸੀਲ ਦੇ ਦੋਵੇਂ ਕਲਰਕਾਂ ਦੀ ਬਦਲੀ ਨਾ ਰੋਕੀ ਗਈ ਤਾਂ ਭਾਰਤੀ ਕਿਸਾਨ ਯੂਨੀਅਨ ਅੰਬਾਵਤਾ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਖਿਲਾਫ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।

# ਬਾਲ ਮਜ਼ਦੂਰੀ ਕਰਵਾਉਣ ਵਾਲੇ ਮਾਲਕਾਂ ਖਿਲਾਫ ਹੋਵੇਗੀ ਕਾਨੂੰਨੀ ਕਾਰਵਾਈ : ਕੁੰਵਰ ਡਾਵਰ



**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**—18 ਸਾਲ ਤੋਂ ਘੱਟ ਉਮਰ ਦੇ ਬਾਲ ਅਤੇ ਕਿਸ਼ੋਰ ਕਿਰਤੀਆਂ ਨੂੰ ਬਾਲ ਮਜ਼ਦੂਰੀ ਤੋਂ ਮੁਕਤ ਕਰਵਾਉਣ ਲਈ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਟਾਸਕ ਫੋਰਸ ਕਮੇਟੀ ਵੱਲੋਂ ਜ਼ਿਲ੍ਹੇ ਦੀਆਂ ਵੱਖ-ਵੱਖ ਥਾਵਾਂ ਜਿਵੇਂ ਦੁਕਾਨਾਂ, ਰੈਸਟੋਰੈਂਟਾਂ, ਢਾਬਿਆਂ ਆਦਿ 'ਤੇ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦੌਰਾਨ ਖਾਲਸਾ ਕਾਲਜ ਓਲੰਪਿਕ ਸਪੋਰਟਸ ਸ਼ਾਪ 'ਤੇ ਇਕ ਕਿਸ਼ੋਰ ਬੱਚਾ ਕੰਮ ਕਰਦਾ ਸੀ ਜਿਸ ਦੇ ਸਬੰਧ ਵਿੱਚ ਦੁਕਾਨ ਦੇ ਮਾਲਕ ਵੱਲੋਂ ਇਸ ਸਬੰਧੀ ਲੇਬਰ ਵਿਭਾਗ ਵਿੱਚ ਰਜਿਸਟਰਡ ਨਹੀਂ ਕਰਵਾਇਆ ਗਿਆ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਕੁੰਵਰ ਡਾਵਰ, ਸਹਾਇਕ ਲੇਬਰ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਬਾਲ ਸੁਰੱਖਿਆ ਵਿਭਾਗ ਦੇ ਨੁਮਾਇੰਦੇ ਨਾਲ ਰਾਬਤਾ ਕਾਇਮ ਕਰਕੇ ਬੱਚੇ ਨੂੰ ਮਾਪਿਆਂ ਦੇ ਸਪੁਰਦ ਕੀਤਾ ਗਿਆ। ਸਹਾਇਕ ਲੇਬਰ ਕਮਿਸ਼ਨਰ ਨੇ ਦੱਸਿਆ ਕਿ ਇਸੇ ਤਰ੍ਹਾਂ ਵੱਖ-ਵੱਖ ਅਦਾਰਿਆਂ 'ਤੇ ਕੰਮ ਕਰਦੇ ਪਾਏ ਗਏ ਕਿਸ਼ੋਰ ਕਿਰਤੀਆਂ ਨੂੰ ਮੁਕਤ ਕਰਵਾਇਆ ਜਾਵੇਗਾ ਅਤੇ ਮਾਲਕਾਂ ਖਿਲਾਫ ਬਣਦੀ ਕਾਨੂੰਨੀ ਕਰਵਾਈ ਕੀਤੀ ਜਾਵੇਗੀ। ਉਨ੍ਹਾਂ ਸਮੂਹ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ 18 ਸਾਲ ਤੋਂ ਘੱਟ ਉਮਰ ਦੇ ਬਾਲ/ਕਿਸ਼ੋਰ ਕਿਰਤੀਆਂ ਤੋਂ ਕੰਮ ਨਾ ਕਰਵਾਇਆ ਜਾਵੇ। ਜੇਕਰ ਫਿਰ ਵੀ ਕੋਈ ਬਾਲ/ਕਿਸ਼ੋਰ ਕਿਰਤੀ ਕਿਸੇ ਅਦਾਰੇ ਵਿਖੇ ਕੰਮ ਕਰਦਾ ਪਾਇਆ ਜਾਂਦਾ ਹੈ ਤਾਂ ਮਾਲਕਾਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਬਾਲ ਮਜ਼ਦੂਰੀ ਸਬੰਧੀ ਜਾਣਕਾਰੀ ਦੇਣ ਲਈ ਦਫਤਰ ਡਿਪਟੀ ਕਮਿਸ਼ਨਰ ਜਾਂ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਰੈੱਡ ਕਰਾਸ ਦੇ ਪੰਘੂੜੇ ਨੇ ਬਚਾਈ 190 ਬੱਚਿਆਂ ਦੀ ਜਾਨ



**ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)**—ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਲ 2008 ਵਿੱਚ ਲਾਵਾਰਿਸ ਬੱਚਿਆਂ ਦੀ ਜਾਨ ਬਚਾਉਣ ਲਈ ਰੈੱਡ ਕਰਾਸ ਦੀ ਸਹਾਇਤਾ ਨਾਲ ਸ਼ੁਰੂ ਕੀਤੀ ਗਈ ਪੰਘੂੜਾ ਸਕੀਮ ਹੁਣ ਤੱਕ 190 ਬੱਚਿਆਂ ਦੀ ਜਾਨ ਬਚਾਉਣ ਵਿਚ ਕਾਮਯਾਬ ਹੋਈ ਹੈ। 14/5/2023 ਨੂੰ ਦੁਪਹਿਰ 1:30 ਵਜੇ ਦਰਬਾਰ ਸਾਹਿਬ ਦਾ ਕਰਮਚਾਰੀ ਇਕ ਛੇ ਮਹੀਨੇ ਦੇ ਬੱਚੇ ਨੂੰ ਪੰਘੂੜੇ ਵਿੱਚ ਰੱਖ ਗਿਆ। ਇਸ ਬੱਚੇ ਦਾ ਮੈਡੀਕਲ ਪਾਰਵਤੀ ਦੇਵੀ ਹਸਪਤਾਲ ਤੋਂ ਕਰਵਾਇਆ ਗਿਆ ਸੀ ਅਤੇ ਇਸ ਵੇਲੇ ਇਹ ਬੱਚਾ ਬਿਲਕੁਲ ਤੰਦਰੁਸਤ ਹੈ। ਮੇਜਰ ਡਾ. ਵਰੁਣ ਕੁਮਾਰ, ਸੀ.ਐਮ.ਐਫ.ਓ. ਅੰਮ੍ਰਿਤਸਰ ਵੱਲੋਂ ਇਸ ਬੱਚੇ ਨੂੰ ਪੰਘੂੜੇ ਵਿੱਚ ਪ੍ਰਾਪਤ ਕੀਤਾ ਗਿਆ ਅਤੇ ਲਾਪਾ ਸਕੀਮ ਅਧੀਨ ਸਵਾਮੀ ਗੰਗਾ ਨੰਦ ਭੂਰੀ ਵਾਲੇ ਫਾਊਂਡੇਸ਼ਨ ਧਾਮ ਭੇਜਣ ਦੀ ਪ੍ਰਕਿਰਿਆ ਪੂਰੀ ਕੀਤੀ। ਉਨ੍ਹਾਂ ਨੇ ਦੱਸਿਆ ਕਿ ਰੈੱਡ ਕਰਾਸ ਸੁਸਾਇਟੀ ਦੀ ਸਹਾਇਤਾ ਨਾਲ ਸ਼ੁਰੂ ਇਸ ਨਿਵੇਕਲੀ ਪਹਿਲ ਦੀ ਤਾਰੀਫ ਕਰਦੇ ਕਿਹਾ ਕਿ ਇਹ 190 ਮਾਸੂਮ ਜਿੰਦਾਂ ਨੂੰ ਬਚਾਉਣ ਵਾਲਾ ਪੰਘੂੜਾ ਜਿੱਥੇ ਮੁਬਾਰਕਬਾਦ ਦਾ ਹੱਕਦਾਰ ਹੈ, ਉਥੇ ਪੰਘੂੜੇ ਵਿਚ ਹੁਣ ਤੱਕ ਆਏ ਬੱਚਿਆਂ ਵਿਚੋਂ ਵੱਡੀ ਗਿਣਤੀ ਲੜਕੀਆਂ ਦੀ ਹੀ ਮਿਲਣਾ ਸਮਾਜ ਲਈ ਇਕ ਗੰਭੀਰਤਾ ਦਾ ਮਸਲਾ ਹੈ।

ਦੱਸਣਯੋਗ ਹੈ ਕਿ ਪੰਘੂੜੇ ਵਿਚ ਆਏ ਬੱਚੇ ਦੀ ਜਾਣਕਾਰੀ ਪੰਘੂੜੇ ਹੇਠ ਲੱਗੀ ਘੰਟੀ ਤੋਂ ਰੈੱਡ ਕਰਾਸ ਕਰਮਚਾਰੀਆਂ ਨੂੰ ਮਿਲ ਜਾਂਦੀ ਹੈ ਅਤੇ ਉਹ ਤੁਰੰਤ ਬੱਚੇ ਨੂੰ ਨੇੜੇ ਸਥਿਤ ਪਾਰਵਤੀ ਦੇਵੀ ਹਸਪਤਾਲ ਤੋਂ ਮੈਡੀਕਲ ਸਹਾਇਤਾ ਦਿਵਾ ਦਿੰਦੇ ਹਨ। ਦੱਸਣਯੋਗ ਹੈ ਕਿ ਪੰਘੂੜੇ ਵਿਚ ਆਏ ਬੱਚਿਆਂ ਦੀ ਮੈਡੀਕਲ ਜਾਂਚ ਪਾਰਵਤੀ ਦੇਵੀ ਹਸਪਤਾਲ ਵਿਖੇ ਕਰਵਾਈ ਜਾਂਦੀ ਹੈ ਅਤੇ ਹਸਪਤਾਲ ਵੱਲੋਂ ਕੋਈ ਵੀ ਫੀਸ ਨਹੀਂ ਲਈ ਜਾਂਦੀ ਅਤੇ ਬੱਚਿਆਂ ਦਾ ਸਾਰਾ ਇਲਾਜ ਮੁਫ਼ਤ ਵਿੱਚ ਕੀਤਾ ਜਾਂਦਾ ਹੈ। ਇਸ ਮਗਰੋਂ ਸੁਰੱਖਿਅਤ ਪਾਲਣ ਪੋਸ਼ਣ ਅਤੇ ਚੰਗੇ ਭਵਿੱਖ ਦੀ ਆਸ ਵਿਚ ਸਰਕਾਰ ਵੱਲੋਂ ਐਲਾਨੀਆਂ ਸੰਸਥਾਵਾਂ ਲੀਗਲ ਅਡਾਪਸ਼ਨ ਐਡ ਪਲੇਸਮੈਂਟ ਏਜੰਸੀ ਵਿਚ ਬੱਚੇ ਦੀ ਪ੍ਰਵਰਿਸ਼ ਕਰਕੇ ਤਬਦੀਲ ਕਰ ਦਿੱਤਾ ਜਾਂਦਾ ਹੈ, ਜਿਥੋਂ ਲੋੜਵੰਦ ਪਰਿਵਾਰ ਬੱਚੇ ਨੂੰ ਗੋਦ ਲੈ ਲੈਂਦੇ ਹਨ। ਹੁਣ ਤੱਕ ਪੰਘੂੜਾ ਸਕੀਮ ਤਹਿਤ ਇਨ੍ਹਾਂ ਬੱਚਿਆਂ ਦੇ ਆਉਣ ਨਾਲ ਬੱਚਿਆਂ ਦੀ ਗਿਣਤੀ 190 ਹੋ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਬੱਚਾ ਗੋਦ ਲੈਣਾ ਚਾਹੁੰਦਾ ਹੋਵੇ ਤਾਂ ਉਹ ਆਨ ਲਾਈਨ ਵੈਬਸਾਈਟ ਰਾਹੀਂ ਆਪਣੀ ਰਜਿਸਟਰੇਸ਼ਨ ਕਰਵਾ ਸਕਦੇ ਹਨ।

# ਪਿੰਡ ਸਲੋਪੁਰ ਵਿਖੇ ਦੋ ਰੋਜ਼ਾ ਧਾਰਮਿਕ ਮੇਲਾ 19 ਤੋਂ

**ਗੁਰਦਾਸਪੁਰ (ਜਨਕ ਮਹਾਜਨ)**-ਗੁਰਦੁਆਰਾ ਬਾਬਾ ਗਿਆਨਦਾਸ ਸਿੰਘ ਦੀ ਲੋਕਲ ਪ੍ਰਬੰਧਕ ਕਮੇਟੀ ਵਲੋ ਐਨ. ਆਰ. ਆਈ. ਵੀਰਾ ਅਤੇ ਪਿੰਡ ਦੀ ਸਮੂਹ ਸੰਗਤ ਦੇ ਸਹਿਯੋਗ ਨਾਲ ਦੋ ਰੋਜ਼ਾ ਧਾਰਮਿਕ ਅਤੇ ਖੇਡ ਮੇਲਾ ਪਿੰਡ ਸਲੋਪੁਰ ਵਿਖੇ 5 ਅਤੇ 6 ਹਾੜ ਮੁਤਾਬਕ 19 ਅਤੇ 20 ਜੂਨ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਦੇ ਪ੍ਰਧਾਨ ਨਿਸ਼ਾਨ ਸਿੰਘ ਨੇ ਦੱਸਿਆ ਕਿ 1 ਜੂਨ ਤੋਂ ਅਖੰਡ ਪਾਠਾਂ ਦੀ ਲੜੀ ਨਿਰੰਤਰ ਜਾਰੀ ਹੈ। ਉਨ੍ਹਾਂ ਕਿਹਾ ਕਿ 17 ਜੂਨ ਨੂੰ ਜੋੜ ਮੇਲੇ ਦੇ ਅਖੰਡ ਪਾਠ ਆਰੰਭ ਹੋਣਗੇ ਜਿਨ੍ਹਾਂ ਦੇ ਭੋਗ 19 ਜੂਨ ਨੂੰ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ ਜਿਸ ਵਿਚ ਰਾਗੀ ਢਾਡੀ ਜਥੇ ਸੰਗਤਾ ਨੂੰ ਗੁਰੂ ਇਤਿਹਾਸ ਤੋ ਜਾਣੂ ਕਰਵਾਉਣਗੇ। ਉਨ੍ਹਾਂ ਦੱਸਿਆ ਕਿ ਦੋਵੇਂ ਦਿਨ ਸ਼ਾਮ ਦੇ ਸਮੇਂ ਕਬੱਡੀ ਖਿਡਾਰੀ ਆਪਣੀ ਕਲਾ ਦੇ ਜੌਹਰ ਵਿਖਾਉਣਗੇ ਜਿਸ ਵਿੱਚ ਖਾਲਸਾ ਕਲੱਬ ਮਾਝਾ, ਖਾਲਸਾ ਕਬੱਡੀ ਕਲੱਬ ਜਲੰਧਰ, ਸੰਤ ਬਾਬਾ ਹਜਾਰਾ ਛੋਟੇ ਘੁੰਮਣ, ਧੰਨ ਧੰਨ ਬਾਬਾ ਬਾਬਾ ਬੁੱਢਾ ਸਿੰਘ ਸ਼ਿਕਾਰ ਮਾਛੀਆਂ ਦੇ ਕਬੱਡੀ ਖਿਡਾਰੀ ਪਹੁੰਚ ਰਹੇ ਹਨ। ਉਨ੍ਹਾਂ ਦੱਸਿਆ ਕਿ 70 ਸਾਲ ਦੇ ਬਜ਼ੁਰਗਾਂ ਅਤੇ ਲੜਕੀਆਂ ਦੇ ਸ਼ੋਅ ਮੈਚ ਵੀ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜੋੜ ਮੇਲੇ ਦੇ ਦੋਵੇਂ ਦਿਨ ਗੁਰੂ ਕੇ ਅਤੁੱਟ ਲੰਗਰ ਸੰਗਤਾਂ 'ਚ ਵਰਤਾਏ ਜਾਣਗੇ। ਗੁਰਦੁਆਰਾ ਪ੍ਰਬੰਧਕਾਂ ਵਲੋਂ ਜ਼ਰੂਰੀ ਸੂਚਨਾ ਹੈ ਕਿ ਜੋੜ ਮੇਲੇ ਦੇ ਦੋਵੇਂ ਦਿਨ ਕੋਈ ਵੀ ਵਿਅਕਤੀ ਕਿਸੇ ਕਿਸਮ ਦਾ ਨਸ਼ਾ ਕਰਕੇ ਨਾ ਆਵੇ।

# ਬਿਮਾਰੀ ਨਾਲ ਜੂਝ ਰਹੀ ਲੋੜਵੰਦ ਬੱਚੀ ਦੀ ਕੀਤੀ ਵਿੱਤੀ ਮਦਦ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਮਾਨਵਤਾ ਦੀ ਸੇਵਾ ਨੂੰ ਸਮਰਪਿਤ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਟਰੱਸਟ ਰਜਿ: ਪੱਟੀ ਵੱਲੋ ਬੱਚੀ ਅਰਸ਼ਦੀਪ ਕੌਰ ਪੁੱਤਰੀ ਸਵ: ਮੰਗਾ ਸਿੰਘ ਵਾਸੀ ਪਿੰਡ ਡੱਲ ਜ਼ਿਲਾ ਤਰਨ-ਤਾਰਨ ਦੀ ਮਦਦ ਕੀਤੀ ਗਈ। ਟਰੱਸਟ ਦੇ ਮੁੱਖ ਪ੍ਰਬੰਧਕ ਗੁਰਮੀਤ ਸਿੰਘ ਅਤੇ ਖਜ਼ਾਨਚੀ ਅਮਨਦੀਪ ਸਿੰਘ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਬੱਚੀ ਦੇ ਪਿਤਾ ਦੀ ਕੁਝ ਮਹੀਨੇ ਪਹਿਲਾਂ ਹਾਰਟ-ਅਟੈਕ ਨਾਲ ਮੌਤ ਹੋ ਗਈ ਸੀ! ਬੱਚੀ ਨੂੰ ਟੀ ਬੀ ਦੀ ਬਿਮਾਰੀ ਹੋਣ ਕਰਕੇ ਇੱਕ ਫੇਫੜਾ ਸੁੰਗੜ ਰਿਹਾ ਹੈ ਅਤੇ ਛਾਤੀ ਵਿੱਚ ਜ਼ਖਮ (ਫੋੜਾ) ਬਣਿਆ ਹੋਇਆ ਹੈ! ਆਰਥਿਕ ਤੰਗੀ ਦੇ ਚੱਲਦਿਆ ਪਰਿਵਾਰ ਬੱਚੀ ਦਾ ਚੰਗਾ ਇਲਾਜ ਕਰਵਾਉਣ ਤੋਂ ਅਸਮਰਥ ਸੀ! ਪਰਿਵਾਰ ਵੱਲੋਂ ਟਰੱਸਟ ਪਾਸ ਮਦਦ ਲਈ ਬੇਨਤੀ ਕੀਤੀ ਗਈ ਸੀ, ਟਰੱਸਟ ਵੱਲੋਂ ਜਾਂਚ-ਪੜਤਾਲ ਉਪਰੰਤ ਸਮਰੱਥਾ ਅਨੁਸਾਰ ਦਸ ਹਜ਼ਾਰ ਰੁਪਏ ਦੀ ਮਦਦ ਦਿੱਤੀ ਗਈ! ਪਰਿਵਾਰ ਵੱਲੋਂ ਸਹਿਯੋਗ ਕਰਨ ਵਾਲੀ ਸੰਗਤ ਦਾ ਧੰਨਵਾਦ ਕੀਤਾ ਗਿਆ! ਟਰੱਸਟ ਮੁਖੀ ਵੱਲੋਂ ਵੀ ਸਹਿਯੋਗ ਕਰਨ ਵਾਲੀ ਸੰਗਤ ਦਾ ਧੰਨਵਾਦ ਕਰਦਿਆ ਕਿਹਾ ਕਿ ਅਗਰ ਸਾਡੇ ਕੋਲ ਸਮਰੱਥਾ ਹੈ ਤਾ ਸਾਨੂੰ ਜ਼ਰੂਰ ਕਿਸੇ ਗਰੀਬ-ਗੁਰਬੇ ਦੀ ਮਦਦ ਵਾਸਤੇ ਅੱਗੇ ਆਉਣਾ ਚਾਹੀਦਾ ਹੈ, ਅਸਲ ਵਿੱਚ ਗਰੀਬ ਦਾ ਮੂੰਹ-ਗੁਰੂ ਕੀ ਗੋਲਕ ਇਹੋ ਹੀ ਹੈ! ਇਸ ਮੌਕੇ ਟਰੱਸਟ ਦੇ ਸਰਪ੍ਰਸਤ ਡਾ. ਰਜਿੰਦਰ ਸਿੰਘ, ਮੀਤ ਪ੍ਰਧਾਨ ਬਲਬੀਰ ਸਿੰਘ, ਸਕੱਤਰ ਹਰਚਰਨ ਸਿੰਘ, ਮੈਂਬਰ ਜਗਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਸੁਖਮੀਤ ਸਿੰਘ, ਸੁਖਦੇਵ ਸਿੰਘ ਅਤੇ ਸੁਖਪਾਲ ਸਿੰਘ ਡਿਪਟੀ ਹਾਜ਼ਰ ਸਨ।

# ਪਿੰਡਾਂ ਨੂੰ ਵੀ ਸ਼ਹਿਰਾਂ ਵਾਲੀਆਂ ਸਹੂਲਤਾਂ ਦੇਵਾਂਗੇ : ਡਾ. ਸੋਹਲ



**ਤਰਨ ਤਾਰਨ (ਸਾਗਰਦੀਪ ਸਿੰਘ ਅਰੋੜਾ)**—ਤਰਨ ਤਾਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਅੱਜ ਪਿੰਡ ਠਰੂ ਵਿਖੇ ਜਨਤਕ ਮਿਲਣੀ ਦੌਰਾਨ ਪਿੰਡ ਵਾਸੀਆਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਪਿੰਡ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਮੁਸ਼ਕਲਾਂ ਜਲਦ ਹੱਲ ਕੀਤੀਆਂ ਜਾਣਗੀਆਂ। ਪਿੰਡ ਵਾਲਿਆਂ ਵੱਲੋਂ ਛੱਪੜ ਦੀ ਸਫਾਈ, ਗਲੀਆਂ-ਨਾਲੀਆਂ, ਸੜਕਾਂ ਦੀ ਮੁਰੰਮਤ ਦੀ ਵਿਸੇਸ ਤੌਰ ਤੇ ਮੰਗ ਕੀਤੀ ਗਈ ਕਿ ਪਿੰਡ ਦੀਆਂ ਬਹਿਕਾਂ ਤੋਂ ਸ਼ਾਮਲ ਹੋਏ ਲੋਕਾਂ ਨੇ ਮਮਤਾ ਨਿਕੇਤਨ ਸਕੂਲ ਦੇ ਲਾਗੋਂ ਲੰਘਦੇ ਪਿੰਡ ਕੈਰੋਂਵਾਲ ਦੇ ਨਜ਼ਦੀਕ ਵਾਲਾ ਕੱਚਾ ਰਸਤਾ ਪੱਕਾ ਕਰਨ ਦੀ ਮੰਗ ਉਠਾਈ। ਵਿਧਾਇਕ ਸੋਹਲ ਨੇ ਕਿਹਾ ਕਿ ਇਸ ਸੰਬੰਧ ਵਿਚ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਜਾਣਗੇ ਤਾਂ ਜੋ ਕੱਚੇ ਰਸਤੇ ਪੱਕੇ ਕੀਤੇ ਜਾਣ। ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਨੇ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਪਿੰਡਾਂ ਦੇ ਲੋਕਾਂ ਨੂੰ ਵੀ ਸ਼ਹਿਰਾਂ ਵਰਗੀਆਂ ਸਹੂਲਤਾਂ ਦੇਣਾ ਚਾਹੁੰਦੀ ਹੈ ਅਤੇ ਜਲਦੀ ਹੀ ਪਿੰਡ ਦੇ ਲੋਕਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ। ਇਸ ਮੌਕੇ ਕੋਆਪਰੇਟੀਵ ਸੁਸਾਇਟੀ ਦੇ ਪ੍ਰਧਾਨ ਰਾਜਵੰਤ ਸਿੰਘ ਢਿੱਲੋਂ, ਮੋਹਨ ਸਿੰਘ, ਦਵਿੰਦਰ ਸਿੰਘ, ਰਜਿੰਦਰ ਸਿੰਘ, ਨਿਰਮਲ ਸਿੰਘ, ਚੇਅਰਮੈਨ ਰਾਜਿੰਦਰ ਸਿੰਘ, ਅਮਰਜੀਤ ਸਿੰਘ, ਨੰਬਰਦਾਰ ਸ਼ੇਰ ਸਿੰਘ, ਸ਼ਮਸ਼ੇਰ ਸਿੰਘ, ਨਿਰਮਲ ਸਿੰਘ, ਸੁਖਵੰਤ ਸਿੰਘ, ਜਸਬੀਰ ਸਿੰਘ, ਕੈਪਟਨ ਲਖਵਿੰਦਰ ਸਿੰਘ, ਮੇਜਰ ਗੁਰਪ੍ਰੀਤ ਸਿੰਘ, ਸੂਬੇਦਾਰ ਨਛੱਤਰ ਸਿੰਘ, ਤਰਸੇਮ ਸਿੰਘ, ਤਜਿੰਦਰ ਸਿੰਘ, ਗੁਰਵੰਤ ਸਿੰਘ, ਕੋਮਲਪ੍ਰੀਤ ਸਿੰਘ, ਹਰਪ੍ਰੀਤ ਸਿੰਘ ਦਿਲਬਾਗ ਸਿੰਘ ਆਦਿ ਹਾਜ਼ਰ ਸਨ।

# ਦਰਸ਼ਕਾਂ ਨੇ ਮਾਣਿਆ ਨਾਟਕ 'ਗੁਬਾਰੇ' ਦਾ ਅਨੰਦ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਵਿਰਸਾ ਵਿਹਾਰ ਵਿਖੇ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦੀ ਅਗਵਾਈ ਹੇਠ ਚੱਲ ਰਹੀਂ 15 ਰੋਜ਼ਾ ਚਿਲਡਰਨ ਥੀਏਟਰ ਵਰਕਸ਼ਾਪ ਦੇ ਆਖ਼ਰੀ ਦਿਨ ਬੱਚਿਆਂ ਵੱਲੋਂ ਡਾ. ਆਤਮਜੀਤ ਵੱਲੋਂ ਲਿਖਿਆ ਅਤੇ ਇਮੈਨੂਅਲ ਸਿੰਘ ਦੀ ਨਿਰਦੇਸ਼ਨਾ ਹੇਠ ਪੇਸ਼ ਕੀਤੇ ਗਏ ਪੰਜਾਬੀ ਨਾਟਕ 'ਗੁਬਾਰੇ' ਦਾ ਦਰਸ਼ਕਾਂ ਨੇ ਵਿਰਸਾ ਵਿਹਾਰ ਦੇ ਕਰਤਾਰ ਸਿੰਘ ਦੁੱਗਲ ਆਡੀਟੋਰੀਅਮ ਵਿੱਚ ਖੂਬ ਆਨੰਦ ਮਾਣਿਆ। ਇਸ ਨਾਟਕ ਵਿੱਚ ਏਕੋਮ ਸਿੰਘ ਧਾਲੀਵਾਲ, ਯਸ਼ਾਨ ਭੰਮਭਾਨੀ, ਅਜ਼ੀਜ਼ ਬੱਸੀ, ਰਿਸ਼ਭ ਮਹਿਰਾ, ਕਾਰਤਿਕ ਕਪੂਰ, ਅਰਹਾਨ ਗੁਪਤਾ, ਪਹਿਲਾਜ ਮਹਿਰਾ, ਅਰੁਣ ਕੁਮਾਰ, ਉਤਕਰਸ਼ ਸਿੰਘ ਰਾਣਾ, ਗੁਰਅਮ੍ਰਿਤ ਢਿਲੋਂ, ਆਲਮ ਅਤੇ ਧੀਰਜ ਸਿੰਘ ਨੇ ਦਮਦਾਰ ਅਦਾਕਾਰੀ ਪੇਸ਼ ਕੀਤੀ।

ਇਸ ਨਾਟਕ ਵਿੱਚ ਬੱਚਿਆ ਨੂੰ ਵਹਿਮਾਂ ਭਰਮਾਂ ਤੋਂ ਦੂਰ ਕਰਨ ਦਾ ਸੁਨੇਹਾ ਦਿੱਤਾ ਗਿਆ ਅਤੇ ਦਾਦੇ ਦਾਦੀ ਨਾਲ ਪਿਆਰ ਤੇ ਵੱਡਿਆਂ ਦਾ ਸਤਿਕਾਰ ਕਰਨ ਦਾ ਵੀ ਸੁਨੇਹਾ ਦਿੱਤਾ ਗਿਆ। ਇਸ ਨਾਟਕ ਦੀ ਸਫ਼ਲ ਪੇਸ਼ਕਾਰੀ ਲਈ ਦਰਸ਼ਕਾਂ ਨੇ ਨਾਟਕ ਖ਼ਤਮ ਹੋਣ ਤੇ ਖੜੇ ਹੋ ਕੇ ਤਾੜਿਆ ਮਾਰ ਕੇ ਸਾਰਿਆਂ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਇਸ ਨੂੰ ਰੋਚਕ ਬਣਾਉਣ ਲਈ ਨ੍ਰਿੱਤਕਾਰ ਨਰਿੰਦਰ ਸੇਠੀ ਵੱਲੋਂ ਬੱਚਿਆਂ ਨਾਲ ਤਿਆਰ ਕਰਵਾਏ ਆਧੁਨਿਕ ਨ੍ਰਿੱਤ ਵੀ ਪੇਸ਼ ਕੀਤੇ ਗਏ। ਨਾਟਕ ਦੀ ਸਮਾਪਤੀ ਉਪਰੰਤ ਸਾਰੇ ਬੱਚਿਆਂ ਨੂੰ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ, ਪ੍ਰੀਤਪਾਲ ਰੁਪਾਣਾ ਅਤੇ ਪਾਰਥੋ ਬੈਨਰਜੀ ਵੱਲੋਂ ਸਰਟੀਫਿਕੇਟ ਅਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ।

# ਕੇਂਦਰੀ ਜੇਲ੍ਹ 'ਚ ਰੋਗਾਂ ਦੀ ਜਾਂਚ ਲਈ ਸਕਰੀਨਿੰਗ ਮੁਹਿੰਮ ਦੀ ਸ਼ੁਰੂਆਤ



**ਗੁਰਦਾਸਪੁਰ, (ਜਨਕ ਮਹਾਜਨ)**-ਪੰਜਾਬ ਸਰਕਾਰ ਵਲੋਂ ਸੂਬੇ ਦੀਆਂ ਜੇਲ੍ਹਾਂ ਦੇ ਬੰਦੀਆਂ ਦੀ ਸਿਹਤ ਜਾਂਚ ਲਈ ਸ਼ੁਰੂ ਕੀਤੀ ਗਈ ਰਾਜ ਪੱਧਰੀ ਮੁਹਿੰਮ ਤਹਿਤ ਸਿਹਤ ਵਿਭਾਗ, ਪੰਜਾਬ ਸਟੇਟ ਏਡਜ ਕੰਟਰੋਲ ਸੁਸਾਇਟੀ ਅਤੇ ਹੋਰ ਵਿਭਾਗਾਂ ਦੇ ਸਹਿਯੋਗ ਨਾਲ ਅੱਜ ਕੇਂਦਰੀ ਜੇਲ੍ਹ ਗੁਰਦਸਪੁਰ ਵਿਖੇ ਇੰਟੈਗਰੇਟਿਡ ਯੌਨ ਰੋਗ, ਐਚ.ਆਈ.ਵੀ, ਟੀਬੀ ਅਤੇ ਵਾਇਰਲ ਹੈਪੇਟਾਈਟਸ ਦੇ ਮਰੀਜਾਂ ਦੀ ਸ਼ਨਾਖ਼ਤ ਕਰਨ ਲਈ ਜੇਲ੍ਹ ਵਿੱਚ ਬੰਦੀਆਂ ਦੀ ਅਜਿਹੇ ਰੋਗਾਂ ਦੀ ਜਾਂਚ ਲਈ ਸਕਰੀਨਿੰਗ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ।

ਇਸ ਸਕਰੀਨਿੰਗ ਮੁਹਿੰਮ ਦੀ ਸ਼ੁਰੂਆਤ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦੌਰਾਨ ਇੰਟੈਗਰੇਟਿਡ ਯੌਨ ਰੋਗ, ਐਚ.ਆਈ.ਵੀ, ਟੀ.ਬੀ. ਅਤੇ ਵਾਇਰਲ ਹੈਪੇਟਾਈਟਸ ਬੀਮਾਰੀਆਂ ਸਬੰਧੀ ਕਾਉਂਸਲਿੰਗ, ਸਕਰੀਨਿੰਗ ਕੀਤੀ ਜਾਵੇਗੀ ਤਾਂ ਜੋ ਅਜਿਹੇ ਮਰੀਜ਼ਾਂ ਦੀ ਭਾਲ ਕਰਕੇ ਉਨ੍ਹਾਂ ਦਾ ਸਮੇਂ ਸਿਰ ਇਲਾਜ ਕਰਵਾ ਕੇ ਬਿਮਾਰੀ ਦੇ ਫੈਲਾਅ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ 2 ਜੁਲਾਈ ਤੱਕ ਚੱਲਣ ਵਾਲੀ ਇਸ ਮੁਹਿੰਮ ਦੌਰਾਨ ਕੇਂਦਰੀ ਜੇਲ੍ਹ ਗੁਰਦਾਸਪੁਰ ਵਿੱਚ ਬੰਦ ਬੰਦੀਆਂ ਤੋਂ ਇਲਾਵਾ ਰੈੱਡ ਕਰਾਸ ਦੇ ਨਸ਼ਾ ਛੁਡਾਊ ਕੇਂਦਰ ਵਿੱਚ ਦਾਖਲ ਮਰੀਜ਼ਾਂ ਦੀ ਸਕਰੀਨਿੰਗ ਵੀ ਕੀਤੀ ਜਾਵੇਗੀ। ਇਸ ਦੌਰਾਨ ਕੇਂਦਰੀ ਜੇਲ੍ਹ ਦੇ ਦੌਰੇ ਦੌਰਾਨ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜੇਲ੍ਹ ਵਿੱਚ ਬੰਦ ਬੰਦੀਆਂ ਨਾਲ ਗੱਲਬਾਤ ਵੀ ਕੀਤੀ ਅਤੇ ਉਨ੍ਹਾਂ ਨੂੰ ਵੀ ਆਪਣੇ ਮੈਡੀਕਲ ਟੈਸਟ ਕਰਵਾਉਣ ਲਈ ਕਿਹਾ।

ਇਸ ਮੌਕੇ ਉਨ੍ਹਾਂ ਜੇਲ੍ਹ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ। ਇਸ ਮੌਕੇ ਉਨ੍ਹਾਂ ਨਾਲ ਜੇਲ੍ਹ ਸੁਪਰਡੈਂਟ ਨਵਇੰਦਰ ਸਿੰਘ, ਸਿਵਲ ਸਰਜਨ ਡਾ. ਹਰਭਜਨ ਰਾਮ, ਡਾ. ਰੋਮੀ ਰਾਜਾ, ਡਾ. ਵਰਿੰਦਰ ਮੋਹਨ, ਡਾ. ਅੰਕੁਰ ਕੌਸ਼ਲ, ਡਾ. ਮੀਰਾ, ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪ੍ਰਸ਼ੋਤਮ ਸਿੰਘ, ਚਾਂਦ ਠਾਕੁਰ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਏਕਮ ਪਬਲਿਕ ਸਕੂਲ ਵਿਖੇ ਸਮਰ ਕੈਂਪ ਦੀ ਖੂਬਸੂਰਤ ਸਮਾਪਤੀ




**ਮਹਿਤਪੁਰ (ਰਾਜਾ)** ਏਕਮ ਪਬਲਿਕ ਸਕੂਲ ਮਹਿਤਪੁਰ ਵਿਖੇ ਪਿਛਲੇ ਦੋ ਦਿਨਾਂ ਤੋਂ ਚੱਲ ਰਿਹਾ ਸਮਰ ਕੈਂਪ ਬਹੁਤ ਹੀ ਖੂਬਸੂਰਤੀ ਢੰਗ ਨਾਲ ਸਭ ਦੇ ਮਨਾਂ ਉਪਰ ਆਪਣੀ ਖੂਬਸੂਰਤ ਛਾਪ ਛੱਡਦਾ ਹੋਇਆ ਸਫਲਤਾਪੂਰਵਕ ਨਪੇਰੇ ਚੜ੍ਹਿਆ। ਇਹ ਜਾਣਕਾਰੀ ਸਕੂਲ ਡਾਇਰੈਕਟਰ ਨਿਰਮਲ ਸਿੰਘ ਥਿੰਦ ਅਤੇ ਪ੍ਰਿੰਸੀਪਲ ਅਮਨਦੀਪ ਕੌਰ ਵਲੋਂ ਸਾਂਝੀ ਕੀਤੀ ਗਈ। ਉਹਨਾਂ ਦੱਸਿਆ ਕਿ ਇਸ ਦਿਨ ਬੱਚਿਆਂ ਨੇ ਡਾਂਸ ਆਰੋਬਿਕਸ ਅਤੇ ਜ਼ੁੰਬਾ ਆਦਿ ਐਕਟੀਵਿਟੀਜ ਦਾ ਭਰਪੂਰ ਆਨੰਦ ਮਾਣਿਆਂ ਗਿਆ। ਬੱਚਿਆਂ ਦੇ ਮਨੋਰੰਜਨ ਵਿੱਚ ਵਾਧਾ ਕਰਨ ਲਈ ਇੱਕ ਵਿਸ਼ੇਸ਼ ਮੈਜਿਕ ਸੋਅ ਦਾ ਪ੍ਰਬੰਧ ਕੀਤਾ ਗਿਆ। ਇਥੇ ਇਹ ਵੀ ਜ਼ਿਕਰਯੋਗ ਹੈ ਕੈਂਪ ਦੇ ਦੂਸਰੇ ਦਿਨ ਦੀ ਸ਼ੁਰੂਆਤ ਮਹਿੰਦਰ ਪਾਲ ਸਿੰਘ ਟੁਰਨਾ ਵਲੋਂ ਰਿਬਨ ਕੱਟ ਕੇ ਕੀਤੀ ਗਈ। ਇਸ ਉਪਰੰਤ ਬੱਚਿਆਂ ਵਲੋਂ ਡਾਂਸ ਕੀਤਾ ਗਿਆ। ਕੈਂਪ ਦੇ ਦੂਸਰੇ ਦਿਨ ਦੀ ਖੂਬਸੂਰਤੀ ਵਧਾਉਣ ਲਈ ਗਰਾਊਂਡ ਵਿੱਚ ਬੱਚਿਆ ਲਈ ਅਲੱਗ ਅਲੱਗ ਤਰ੍ਹਾਂ ਦੇ ਝੂਲੇ ਲਗਾਏ ਗਏ। ਇਸ ਦਿਨ ਬੱਚਿਆਂ ਲਈ ਖਾਸ ਤੌਰ 'ਤੇ ਪੂਲ ਪਾਰਟੀ ਦਾ ਪ੍ਰਬੰਧ ਕੀਤਾ ਗਿਆ। ਡੀ. ਜੇ 'ਤੇ ਬੱਚਿਆਂ ਨੇ ਖੂਬ ਡਾਂਸ ਕੀਤਾ। ਇਸ ਦੌਰਾਨ ਬੱਚੇ ਮਿੱਕੀ ਮਾਊਸ ਅਤੇ ਟੈਡੀ ਬੀਅਰ ਨਾਲ ਹੀ ਮਸਤੀ ਕਰਦੇ ਹੋਏ ਨਜਰ ਆਏ। ਕੈਂਪ ਦੌਰਾਨ ਬੱਚਿਆਂ ਲਈ ਰਿਫਰੈਸਮੈਂਟ ਦਾ ਵੀ ਪ੍ਰਬੰਧ ਵੀ ਕੀਤਾ ਗਿਆ। ਕੈਂਪ ਦੇ ਆਖਰੀ ਦਿਨ ਬੱਚਿਆਂ ਨੂੰ ਸਰਟੀਫਿਕੇਟ ਵੀ ਦਿੱਤੇ ਗਏ। ਇਸ ਮੌਕੇ ਸਕੂਲ ਮੈਨੇਜਮੈਂਟ ਤੋਂ ਦਲਜੀਤ ਸਿੰਘ, ਅੰਮ੍ਰਿਤਪਾਲ ਸਿੰਘ,ਨਰਿੰਦਰ ਅਰੋੜਾ, ਵਾਈਸ ਪ੍ਰਿੰਸੀਪਲ ਦਲਜੀਤ ਕੌਰ, ਵਾਈਸ ਪ੍ਰਿੰਸੀਪਲ ਸਮੀਕਸ਼ਾ ਸ਼ਰਮਾ, ਬਲਾਕ ਸੁਪਰਵਾਈਜਰ ਅੰਕਿਤਾ ਮਿਸ਼ਰਾ, ਦਵਿੰਦਰ ਨਾਹਰ, ਰਾਜਵਿੰਦਰ ਕੌਰ, ਪਰਮਿੰਦਰ ਸਿੰਘ, ਸੰਦੀਪ ਅਲੀ, ਗਗਨਪ੍ਰੀਤ ਕੌਰ,ਮਨਦੀਪ ਕੌਰ, ਕੁਲਦੀਪ ਸਿੰਘ, ਗੁਰਪ੍ਰੀਤ ਕੌਰ, ਊਸ਼ਾ ਰਾਣੀ, ਗੀਤਾ ਸ਼ਰਮਾ, ਪ੍ਰਦੀਪ ਕੌਰ, ਸਰੋਜ ਰਾਣੀ, ਸੁਨਿਧੀ, ਚੰਚਲ ਰਾਣੀ, ਅੰਮ੍ਰਿਤਪਾਲ ਕੌਰ, ਮਾਈਕਲ ਅਤੇ ਦਲੀਪ ਕੁਮਾਰ ਆਦਿ ਹਾਜਰ ਸਨ।

## ਗਰੁੱਪ ਮੈਂਬਰਾਂ, ਵਿਦਿਆਰਥੀਆਂ ਤੇ ਮੈਡੀਕਲ ਫੈਕਲਿਟੀ ਨੇ ਕੀਤਾ ਖੂਨਦਾਨ



**ਜਲੰਧਰ (ਸ਼ੈਲੀ ਐਲਬਰਟ)** ਬੌਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰੱਸਟ ਵੱਲੋਂ ਸਿਵਲ ਹਸਪਤਾਲ ਜਲੰਧਰ ਦੇ ਸਹਿਯੋਗ ਨਾਲ ਚਲਾਏ ਜਾ ਰਹੇ 'ਦਿਸ਼ਾ-ਐਨ ਇਨੀਸ਼ੀਏਟਿਵ' ਤਹਿਤ ਇੰਨੋਸੈਂਟ ਹਾਰਟਸ ਮਲਟੀਸਪੈਸ਼ਲਿਟੀ ਹਸਪਤਾਲ ਵਿਖੇ ਖੂਨਦਾਨ ਕੈਂਪ ਲਗਾਇਆ ਗਿਆ।ਕੈਂਪ ਦਾ ਉਦਘਾਟਨ ਡਾ: ਚੰਦਰ ਬੌਰੀ (ਮੈਨੇਜਿੰਗ ਡਾਇਰੈਕਟਰ - ਮੈਡੀਕਲ ਸੇਵਾਵਾਂ, ਇਨੋਸੈਂਟ ਹਾਰਟਸ ਗਰੁੱਪ) ਨੇ ਕੀਤਾ। ਇਸ ਖੂਨਦਾਨ ਕੈਂਪ ਵਿੱਚ ਇੰਨੋਸੈਂਟ ਹਾਰਟਸ ਗਰੁੱਪ ਦੇ ਮੈਂਬਰਾਂ, ਅਧਿਆਪਕਾਂ, ਮੈਨੇਜਮੈਂਟ, ਕਾਲਜ ਦੇ ਵਿਦਿਆਰਥੀਆਂ, ਹਸਪਤਾਲ ਦੇ ਮੈਂਬਰਾਂ, ਡਾਕਟਰਾਂ, ਇੰਨੋਸੈਂਟ ਹਾਰਟਸ ਮਲਟੀਸਪੈਸ਼ਲਿਟੀ ਹਸਪਤਾਲ ਦੇ ਮੈਡੀਕਲ ਡਾਇਰੈਕਟਰ ਡਾ: ਮਨੀਸ਼ ਖੁਰਾਣਾ ਅਤੇ ਕਾਰਡੀਓਲੋਜਿਸਟ ਡਾ: ਵਿਵੇਕ ਰਾਣਾ ਨੇ ਵੀ ਖੂਨਦਾਨ ਕਰਕੇ ਇਸ ਨੇਕ ਕਾਰਜ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ।ਇਨੋਸੈਂਟ ਹਾਰਟਸ ਗਰੁੱਪ ਦੇ ਚੇਅਰਮੈਨ ਡਾ: ਅਨੂਪ ਬੌਰੀ ਨੇ ਕਿਹਾ ਕਿ ਖੂਨਦਾਨ ਇੱਕ ਮਹਾਨ ਦਾਨ ਹੈ।ਇਹ ਸਮਾਜ ਸੇਵਾ ਵਿੱਚ ਸ਼ਾਮਲ ਹੋਣ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਡਾ: ਚੰਦਰ ਬੌਰੀ ਨੇ ਕਿਹਾ ਕਿ ਲੋਕਾਂ ਵਿੱਚ ਇਹ ਗਲਤ ਧਾਰਨਾ ਹੈ ਕਿ ਖੂਨਦਾਨ ਕਰਨ ਨਾਲ ਸਰੀਰ ਵਿੱਚ ਕਮਜ਼ੋਰੀ ਆਉਂਦੀ ਹੈ। ਜਦਕਿ ਅਜਿਹਾ ਕੁਝ ਨਹੀਂ ਹੁੰਦਾ, ਸਗੋਂ ਇਹ ਸਾਡੇ ਸਰੀਰ ਨੂੰ ਸਿਹਤਮੰਦ ਰੱਖਦਾ ਹੈ। ਖੂਨਦਾਨ ਕਰਨ ਨਾਲ ਕਈ ਲੋਕਾਂ ਦੀ ਜਾਨ ਬਚਾਈ ਜਾ ਸਕਦੀ ਹੈ।

# ਤੜਕਸਾਰ ਹੀ ਸ਼ੁਰੂ ਹੋ ਜਾਂਦੀ ਹੈ ਧੜੱਲੇ ਨਾਲ ਨਜਾਇਜ਼ ਮਾਇੰਨਗ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਇਸ ਇਲਾਕੇ ਦੇ ਜਿਆਦਾਤਰ ਪਿੰਡ ਕੁਦਰਤੀ ਤੌਰ 'ਤੇ ਹਰੇ-ਭਰੇ ਅਤੇ ਸ਼ਿਵਾਲਿਕ ਦੀਆਂ ਪਹਾੜੀਆ ਦੀ ਗੋਂਦ ਵਿੱਚ ਵੱਸ ਰਹੇ ਹਨ, ਪਰ ਇਸ ਇਲਾਕੇ ਨੂੰ ਪਿਛਲੇ ਲੰਮੇ ਸਮੇਂ ਤੋਂ ਮਾਇੰਨਗ ਮਾਫੀਆ ਉਜਾੜਨ ਵਿੱਚ ਕੋਈ ਕਸਰ ਨਹੀਂ ਛੱਡ ਰਿਹਾ। ਮਾਇੰਨਗ ਵਿਭਾਗ ਇਸ ਖਿਲਾਫ ਕੋਈ ਠੋਸ ਕਦਮ ਨਹੀਂ ਚੁੱਕ ਰਿਹਾ। ਇਹਨਾਂ ਪਿੰਡਾ ਵਿੱਚੋਂ ਆਏ ਦਿਨ ਮਿੱਟੀ ਨਾਲ ਭਰ ਸੈਂਕੜੇ ਓਵਰਲੋਡ ਟਰਾਲੀਆਂ ਤੇ ਟਿੱਪਰ ਵੱਖ-ਵੱਖ ਸ਼ਹਿਰਾਂ- ਕਸਬਿਆ ਨੂੰ ਨਿਕਲਦੇ ਰਹੇ ਹਨ ਪਰ ਪ੍ਰਸ਼ਾਸਨ ਵਲੋਂ ਕੋਈ ਠੋਸ ਕਾਰਵਾਈ ਨਹੀਂ ਕੀਤੀ ਜਾ ਰਹੀ।

ਦਿਨ ਚੜ੍ਹਦੇ ਹੀ ਬਿਨਾਂ ਕਿਸੇ ਡਰ ਤੋ ਇਲਾਕੇ ਅੰਦਰ ਨਜਾਇਜ ਮਾਇੰਨਗ ਹੋਣੀ ਸ਼ੁਰੂ ਹੋ ਜਾਂਦੀ ਹੈ। ਸਥਾਨਕ ਪ੍ਰਸ਼ਾਸਨ ਕੁੰਭਕਰਨੀ ਨੀਦ ਤੋਂ ਬਾਹਰ ਨਹੀਂ ਆ ਰਿਹਾ। ਇਲਾਕੇ ਦੇ ਵਾਤਾਵਰਣ ਪਸੰਦ ਲੋਕਾਂ ਦੀ ਮੌਜੂਦਾ ਆਪ ਸਰਕਾਰ ਤੋਂ ਮੰਗ ਹੈ ਕਿ ਇਲਾਕੇ ਅੰਦਰ ਹੋ ਰਹੀ ਨਜਾਇਜ ਮਾਇੰਨਗ ਨੂੰ ਜਲਦ ਰੋਕਿਆ ਜਾਵੇ।.



## 96 ਫੀਸਦੀ ਅੰਕ ਪ੍ਰਾਪਤ ਕਰਨ ਵਾਲੀ ਅਮਨਪ੍ਰੀਤ ਸਨਮਾਨਤ

**ਫਿਲੌਰ (ਨਿਰਮਲ)**- ਨਜਦੀਕੀ ਪਿੰਡ ਗੜ੍ਹਾ ਵਿਖੇ ਸਰਬੱਤ ਦਾ ਭਲਾ ਵੈਲਫੇਅਰ ਸੁਸਾਇਟੀ ਰਜਿ. ਗੜ੍ਹਾ (ਫਿਲੌਰ) ਵੱਲੋਂ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਸ ਦੌਰਾਨ 10ਵੀਂ ਜਮਾਤ 'ਚ 96 ਫੀਸਦੀ ਅੰਕ ਪ੍ਰਾਪਤ ਕਰਨ ਵਾਲੀ ਅਮਨਪ੍ਰੀਤ ਨੂੰ ਸੁਸਾਇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਸੁਸਾਇਟੀ ਪ੍ਰਧਾਨ ਹੰਸ ਰਾਜ ਨੇ ਕਿਹਾ ਕਿ ਅਮਨਪ੍ਰੀਤ ਨੇ ਮਿਹਨਤ ਕਰਕੇ 10ਵੀਂ ਜਮਾਤ ਵਿੱਚੋਂ ਵਧੀਆ ਅੰਕ ਪ੍ਰਾਪਤ ਕਰਕੇ ਪਿੰਡ ਗੜ੍ਹਾ ਅਤੇ ਆਪਣੇ ਮਾਤਾ- ਪਿਤਾ ਦਾ ਨਾਂਅ ਰੋਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਅਮਨਪ੍ਰੀਤ ਨੂੰ ਪੜ੍ਹਾਈ ਲਈ ਕਿਸੇ ਤਰ੍ਹਾਂ ਦੀ ਮੱਦਦ ਦੀ ਹੋਵੇ ਸੁਸਾਇਟੀ ਉਸ ਨੂੰ ਸੁਸਾਇਟੀ ਦੇਵੇਗੀ। ਇਸ ਮੌਕੇ ਸਰਪੰਚ ਬੀਬੀ ਦਲਬੀਰ ਕੌਰ, ਕਸ਼ਮੀਰ ਕੌਰ ਪੰਚ, ਪ੍ਰਿਥੀਪਾਲ ਲਾਡੀ ਪ੍ਰਧਾਨ ਗੁਰਦੁਆਰਾ ਕਮੇਟੀ, ਪ੍ਰਸ਼ੋਤਮ ਲਾਲ ਖਜਾਨਚੀ, ਜਨਰਲ ਸਕੱਤਰ ਗੁਰਮੀਤ ਸਿੰਘ ਲਾਡੀ, ਕੇਸਰ ਰਾਮ ਮੈਂਬਰ, ਜਗਦੀਸ਼ ਚੰਦ ਮੈਂਬਰ, ਬੁੱਧ ਪ੍ਰਕਾਸ਼ ਸਾਬਕਾ ਪੰਚ, ਸੀਤਲ ਰਾਮ, ਸੇਵਾ ਸਿੰਘ ਅਤੇ ਹੋਰ ਹਾਜਰ ਸਨ।



# ਐੱਮ ਐੱਸ ਕੇ ਸਕੂਲ ਵਿਖੇ ਸਮਰ ਕੈਂਪ ਉਤਸ਼ਾਹ-ਪੂਰਵਕ ਸੰਪਨ




**ਟਾਂਡਾ ਉੜਮੁੜ (ਉਂਕਾਰ ਸਿੰਘ ਜਸਵਿੰਦਰ ਸੰਧੂ )**- ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐਮ.ਐਸ.ਕੇ ਡੇ ਬੋਰਡਿੰਗ ਸੀ.ਬੀ.ਐਸ.ਈ ਸਕੈਂਡਰੀ ਸਕੂਲ ਕੋਟਲੀ ਜੰਡ ਦੀ ਪ੍ਰਿੰਸੀਪਲ ਪਰਵਿੰਦਰ ਕੌਰ ਦੀ ਅਗਵਾਈ ਵਿਚ ਲਗਾਇਆ ਗਿਆ ਸਮਰ ਕੈਂਪ ਬੜੀ ਸ਼ਾਂਤੀ ਅਤੇ ਉਤਸ਼ਾਹ ਪੂਰਵਕ ਸੰਪੰਨ ਹੋ ਨਿੱਬੜਿਆ। ਕੈਂਪ ਸਮਾਪਤੀ ਸਮਾਰੋਹ ਦੀ ਪ੍ਰਧਾਨਗੀ ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਕੀਤੀ, ਜਿਸ ਵਿੱਚ ਵਿਦਿਆਰਥੀਆਂ ਨੇ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਵਿਚ ਭਾਗ ਲੈ ਕੇ ਆਪਣੀ ਪ੍ਰਤਿਭਾ ਦਾ ਜੋਰਦਾਰ ਪ੍ਰਦਰਸ਼ਨ ਕੀਤਾ। ਇਸ ਕੈਂਪ ਦੌਰਾਨ ਵਿਦਿਆਰਥੀਆਂ ਨੇ ਤੈਰਾਕੀ, ਯੋਗਾ, ਮਾਰਸ਼ਲ ਆਰਟ, ਗਿੱਧਾ-ਭੰਗੜਾ, ਆਰਟ ਐਂਡ ਕਰਾਫਟ, ਸੈਲਫ ਡਿਫੈਂਸ, ਚਿੱਤਰਕਾਰੀ, ਡਰਾਮਾ, ਮੋਡਲਿੰਗ, ਸਲਾਈ-ਕਢਾਈ ਅਤੇ ਸਕੇਟਿੰਗ ਆਦਿ ਗਤੀਵਿਧੀਆਂ ਵਿਚ ਭਾਗ ਲੈ ਕੇ ਆਪਣੇ ਫਨ ਦੇ ਜੌਹਰ ਵਿਖਾਏ। ਪ੍ਰਿੰਸੀਪਲ ਪਰਵਿੰਦਰ ਕੌਰ ਨੇ ਕਿਹਾ ਕਿ ਸਕੂਲ ਵੱਲੋਂ ਹਰ ਸਾਲ ਅਜਿਹੇ ਸਮਰ ਕੈਂਪਾਂ ਦਾ ਆਯੋਜਨ ਕੀਤਾ ਜਾਂਦਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਹੋਰ ਖੇਤਰਾਂ ਵਿਚ ਵੀ ਆਪਣੀ ਪ੍ਰਤਿਭਾ ਨੂੰ ਨਿਖਾਰਨ ਦਾ ਭਰਪੂਰ ਮੌਕਾ ਮਿਲ ਸਕੇ। ਇਸ ਮੌਕੇ ਤੇ ਮਨਦੀਪ ਕੌਰ, ਨਰਿੰਦਰ ਕੌਰ, ਰਾਜਿੰਦਰ ਕੌਰ, ਆਗਿਆ ਕੌਰ, ਗੁਰਸਰਨ ਕੌਰ, ਸਿਮਰਨਜੀਤ ਕੌਰ, ਪਰਦੀਪ ਸਿੰਘ, ਪ੍ਰਭਜੋਤ ਕੌਰ, ਗੁਰਪ੍ਰੀਤ ਕੌਰ, ਸੁਖਵਿੰਦਰ ਕੌਰ, ਜੋਬਨਪ੍ਰੀਤ ਕੌਰ ਅਤੇ ਹੋਰ ਹਾਜਰ ਸਨ।

## ਸਮਾਜ ਸੇਵੀ ਚੌਧਰੀ ਬਲਜੀਤ ਸਿੰਘ ਨੂੰ ਸਦਮਾ, ਪਿਤਾ ਦਾ ਦੇਹਾਂਤ

**ਨੂਰਪੁਰਬੇਦੀ (ਨਵਾਂ ਜ਼ਮਾਨਾ ਸਰਵਿਸ)**



ਪ੍ਰਧਾਨ ਮਸਤ ਸੰਤ ਬਾਬਾ ਸ਼ਾਮ ਜੀ ਲੋਕ ਭਲਾਈ ਸੇਵਾ ਦਲ ਝੱਜ (ਨੂਰਪੁਰਬੇਦੀ) ਅਤੇ ਇਲਾਕੇ ਦੇ ਉੱਘੇ ਸਮਾਜ ਸੇਵੀ ਅਤੇ ਟਰਾਂਸਪੋਰਟਰ ਚੌਧਰੀ ਬਲਜੀਤ ਸਿੰਘ ਕਾਹਨਪੁਰ ਖੂਹੀ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਉਨਾਂ ਦੇ ਪਿਤਾ ਚੌਧਰੀ ਸੋਮ ਨਾਥ ਸੰਖੇਪ ਬਿਮਾਰੀ ਪਿੱਛੋਂ ਸੁਆਸਾਂ ਦੀ ਪੂੰਜੀ ਸੰਪੂਰਨ ਕਰਦੇ ਹੋਏ ਵਾਹਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ। ਪਰਵਾਰ ਅਤੇ ਇਲਾਕੇ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਚੌਧਰੀ ਪਰਵਾਰ ਨਾਲ ਇਲਾਕੇ ਦੇ ਸਮਾਜ ਸੇਵੀ ਪ੍ਰੇਮ ਚੰਦ ਸਰਪੰਚ, ਚੂਹੜ ਰਾਮ, ਜੋਗ ਰਾਜ, ਮਹਿੰਦਰ ਪਾਲ, ਪਵਨ ਕੁਮਾਰ, ਗੁਰਚਰਨ ਮਿਲੂ, ਬਲਵੰਤ, ਅਸ਼ੋਕ ਪੱਪੂ, ਸੋਨੂੰ ਭਾਟੀਆ, ਦਿਆਲ, ਪ੍ਰੀਤਮ ਚੰਦ, ਚੌਧਰੀ ਹਰਬੰਸ ਲਾਲ ਹਰੀ ਪੁਰ, ਮਨੋਹਰ ਲਾਲ, ਰਾਮ ਨਾਥ ਖੇਪੜ, ਡਾਕਟਰ ਗੋਲਡੀ, ਜਸਪਾਲ ਜੱਸਾ, ਤਿਲਕ ਰਾਜ ਸੂਬੇਦਾਰ, ਡਾਕਟਰ ਸੁਰਿੰਦਰ ਖੇਪੜ ਆਦਿ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਸ਼ਹਿਰ 'ਚ ਮਾਨਵ ਬੰਬ ਬਣ ਕੇ ਘੁੰਮ ਰਹੇ ਲਵਾਰਿਸ ਪਸ਼ੂ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਸੰਘਰਸ਼ ਕਮੇਟੀ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਕਰਮਵੀਰ ਬਾਲੀ ਦੀ ਪ੍ਰਧਾਨਗੀ ਵਿੱਚ ਹੋਈ ਜਿਸ ਵਿੱਚ ਲਵਾਰਿਸ ਪਸ਼ੂਆਂ 'ਤੇ ਚਰਚਾ ਕੀਤੀ ਗਈ। ਬਾਲੀ ਨੇ ਕਿਹਾ ਕਿ ਸ਼ਹਿਰ ਵਿੱਚ ਲਵਾਰਿਸ ਪਸ਼ੂ ਮਾਨਵ ਬੰਬ ਬਣ ਕੇ ਘੁੰਮ ਰਹੇ ਹਨ ਜੋ ਨਿਰਦੋਸ਼ ਜਨਤਾ ਦੇ ਲਈ ਹਾਦਸਿਆਂ ਦਾ ਕਾਰਨ ਬਣ ਰਹੇ ਹਨ। ਜਗ੍ਹਾ-ਜਗ੍ਹਾ 'ਤੇ ਲਵਾਰਿਸ ਪਸ਼ੂ ਮੋਬਾਇਲ ਗਊਸ਼ਾਲਾ ਬਣ ਕੇ ਘੁੰਮ ਰਹੇ ਹਨ ਅਤੇ ਮਾਨਵ ਬੰਬ ਦਾ ਕੰਮ ਕਰ ਰਹੇ ਹਨ। ਕੀ ਪਤਾ ਇਹ ਕਦੋਂ ਕਿੱਥੇ ਕੋਈ ਹਾਦਸਾ ਕਰ ਦੇਣ ਅਤੇ ਕਿਸੀ ਨਿਰਦੋਸ਼ ਨੂੰ ਆਪਣੀ ਜਾਨ ਤੋਂ ਹੱਥ ਧੋਣਾ ਪੈ ਜਾਏ। ਉਨਾਂ ਨੂੰ ਪਕੜਨ ਵਾਲੀ ਲਿਫਟਿੰਗ ਵੈਨ ਸ਼ੋਅ ਪੀਸ ਬਣ ਗਈ ਹੈ ਕਿਉਂਕਿ ਅਜੇ ਤੱਕ ਪਕੜਨ ਵਾਲੇ ਕਰਮਚਾਰੀਆਂ ਦਾ ਪ੍ਰਬੰਧ ਨਹੀਂ ਹੋ ਰਿਹਾ ਜਿਸ ਦੀ ਵਜ੍ਹਾ ਨਾਲ ਸ਼ਹਿਰ ਦੀ ਨਿਰਦੋਸ਼ ਜਨਤਾ ਦੁਰਘਟਨਾਵਾਂ ਦਾ ਸ਼ਿਕਾਰ ਹੋਣ ਲਈ ਮਜਬੂਰ ਹੋ ਰਹੀ ਹੈ। ਹਾਲ ਹੀ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲਵਾਰਿਸ ਪਸ਼ੂਆਂ ਨਾਲ ਮਰਨ ਦੇ ਕਾਰਨ ਮਰਨ ਵਾਲੇ ਦੇ ਪਰਵਾਰ ਨੂੰ 5 ਲੱਖ ਰੁਪਿਆ ਸਰਕਾਰ ਦੇਵੇਗੀ। ਪਸ਼ੂਆਂ ਦੇ ਚਾਰੇ ਵਗੈਰਾ ਦਾ ਪ੍ਰਬੰਧ ਕਰਕੇ ਇਨ੍ਹਾਂ ਨੂੰ ਗਊਸ਼ਾਲਾ ਭੇਜਿਆ ਜਾਵੇ ਅਤੇ ਸ਼ਹਿਰ ਨੂੰ ਲਵਾਰਿਸ ਪਸ਼ੂਆਂ ਤੋਂ ਮੁਕਤ ਕੀਤਾ ਜਾਵੇ ਤਾਂਕਿ ਕੋਈ ਹਾਦਸਾ ਹੀ ਨਾ ਹੋਵੇ ਅਤੇ ਨਾ ਹੀ ਸਰਕਾਰ ਨੂੰ ਮੁਆਵਜ਼ਾ ਦੇਣਾ ਪਏ। ਇਸ ਮੌਕੇ 'ਤੇ ਨਿਰਮਲ ਸਿੰਘ, ਭਜਨ ਲਾਲ, ਗੁਡੂ ਸਿੰਘਾ, ਵਰਿੰਦਰ ਕੁਮਾਰ ਆਦਿ ਸ਼ਾਮਲ ਸਨ।

## ਖੁਰਾਲਗੜ੍ਹ ਵਿਖੇ ਫਲਦਾਰ ਤੇ ਛਾਂਦਾਰ ਪੌਦੇ ਲਗਾ ਕੇ ਕੀਤੀ ਕਾਰਜਾਂ ਦੀ ਆਰੰਭਤਾ



**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ )** ਗੁਰੂ ਰਵਿਦਾਸ ਸਾਧੂ ਸੰਪਰਦਾਇਕ ਸੁਸਾਇਟੀ (ਰਜਿ:) ਪੰਜਾਬ ਦੇ ਵੱਖ ਵੱਖ ਡੇਰਿਆਂ ਤੋਂ ਆਏ ਸੰਤ ਮਹਾਪੁਰਸ਼ਾਂ,ਧਾਰਮਿਕ, ਸਮਾਜਿਕ ਸ਼ਖ਼ਸੀਅਤਾਂ ਨੇ ਸੰਤ ਸਰਵਣ ਦਾਸ ਜੀ ਬੋਹਣ ਚੇਅਰਮੈਨ, ਸੰਤ ਨਿਰਮਲ ਦਾਸ ਬਾਬੇ ਜੌੜੇ ਪ੍ਰਧਾਨ ਦੀ ਅਗਵਾਈ ਹੇਠ ਇਤਿਹਾਸਕ ਧਰਤੀ ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ ਮਾਰਗ ਤੇ ਖ਼ੀਦ ਕੀਤੀ ਦਸ ਏਕੜ ਜ਼ਮੀਨ ਵਿਚ ਫਲਦਾਰ ਤੇ ਛਾਂਦਾਰ ਪੌਦੇ ਲਗਾਕੇ ਕਾਰਜਾਂ ਦੀ ਆਰੰਭਤਾ ਕੀਤੀ ਤਾਂ ਕਿ ਸ੍ਰੀ ਖੁਰਾਲਗੜ੍ਹ ਸਾਹਿਬ ਦੇ ਦਰਸ਼ਨਾਂ ਨੂੰ ਜਾਣ ਵਾਲੀਆਂ ਸੰਗਤਾਂ ਇਥੇ ਠਹਿਰ ਸਕਣ ਅਤੇ ਇਨਾਂ ਠੰਡੇ ਮਿਲੇ ਫਲਾਂ ਅਤੇ ਛਾਂ ਦਾ ਅਨੰਦ ਮਾਨ ਸਕਣ।

ਉਨਾਂ ਦੱਸਿਆ ਕਿ ਇਨ੍ਹਾਂ ਪੌਦਿਆਂ ਦੀ ਰਖਵਾਲੀ ਲਈ ਜ਼ਮੀਨ ਦੀ ਚਾਰਦੀਵਾਰੀ ਦਾ ਉਦਘਾਟਨ ਸੁਸਾਇਟੀ ਦੇ ਸੰਤ ਮਹਾਂਪੁਰਸ਼ਾਂ ਨੇ ਆਪਣੇ ਕਰ ਕਮਲਾਂ ਨਾਲ ਕੀਤਾ ਹੈ। ਇਸ ਮੌਕੇ ਹਾਜਰ ਸੰਤੋਸ਼ ਕੁਮਾਰੀ ਮੈਂਬਰ ਅਤੇ ਬਿਲਡਿੰਗ ਇੰਚਾਰਜ ਨੇ ਦੱਸਿਆ ਕਿ ਇਨਾਂ ਸਥਾਨਾਂ 'ਤੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵਲੋਂ ਵਿੱਦਿਆ ਦੇ ਮੰਦਿਰ ਅਤੇ ਲੋਕਾਂ ਦੇ ਇਲਾਜ ਲਈ ਹਸਪਤਾਲ ਖੋਲ੍ਹੇ ਜਾਣਗੇ। ਇਸ ਮੌਕੇ ਸੰਤ ਇੰਦਰ ਦਾਸ ਸ਼ੇਖੇ, ਸੰਤ ਧਰਮਪਾਲ ਸ਼ੇਰਗੜ੍ਹ,ਸੰਤ ਬਲਵੰਤ ਦਾਸ ਡਿੰਗਰੀਆਂ,ਸੰਤ ਮਨਜੀਤ ਦਾਸ ਵਿਛੋਹੀ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਜਗੀਰ ਸਿੰਘ ਮਕਸੂਦਾਂ, ਸੰਤ ਰਮੇਸ਼ ਦਾਸ ਸ਼ੇਰਪੁਰ ਕਲਰਾਂ, ਸੰਤ ਸੁਰਿੰਦਰ ਦਾਸ ਖੁਰਾਲਗੜ੍ਹ, ਸੰਤ ਸਤਨਾਮ ਸਿੰਘ ਪੰਡੋਰੀ ਲੱਧਾ ਸਿੰਘ, ਸੰਤ ਸੁਰਿੰਦਰ ਸਿੰਘ ਫਕੋਵਾਲ,ਬਾਬਾ ਨਰੇਸ਼ ਸਿੰਘ ਖੁਰਾਲਗੜ੍ਹ,ਸ਼ਰੇਸ਼ ਸਿੰਘ, ਜਰਨੈਲ ਸਿੰਘ ਸਰਪੰਚ ਗੜ੍ਹੀ ਮਾਨਸੋ ਵੀ ਹਾਜਰ ਸਨ।

## ਮਜਾਰੀ ਦੀ ਹੋਣਹਾਰ ਵਿਦਿਆਰਥਣ ਦਾ ਸਨਮਾਨ



**ਬਹਿਰਾਮ (ਅਵਤਾਰ ਕਲੇਰ)** ਪਿੰਡ ਮਜਾਰੀ ਦੇ ਹੋਣਹਾਰ ਬੱਚਿਆਂ ਨੂੰ ਉਤਸ਼ਾਹਿਤ ਕਰਨ ਵਾਲੇ ਮਿਸ਼ਨ ਤਹਿਤ ਸਵ. ਗੁਲਜ਼ਾਰਾ ਰਾਮ ਯਾਦਗਾਰੀ ਟਰੱਸਟ ਦੇ ਬੈਨਰ ਹੇਠ ਵਿਦਿਆਰਥਣ ਪ੍ਰੀਆ ਨੂੰ ਸਨਮਾਨਿਤ ਕੀਤਾ ਗਿਆ ਹੈ। ਇਸ ਵਿਦਿਆਰਥਣ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੱਲ੍ਹਪੋਤਾ ਵਿਖੇ ਦਸਵੀਂ ਦੀ ਪ੍ਰੀਖਿਆ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਸੀ। ਟਰੱਸਟ ਦੇ ਸੰਸਥਾਪਕ ਸੁਰਜੀਤ ਮਜਾਰੀ ਨੇ ਦੱਸਿਆ ਕਿ ਉਹਨਾਂ ਵਲੋਂ ਵੱਖ ਵੱਖ ਖੇਤਰਾਂ 'ਚ ਨਾਮਣਾ ਖੱਟਣ ਵਾਲੇ ਪਿੰਡ ਵਾਸੀਆਂ ਅਤੇ ਹੋਣਹਾਰ ਵਿਦਿਆਰਥਣਾਂ ਨੂੰ ਇਹ ਮਾਣ ਦੇਣ ਦੀ ਲੜੀ ਆਰੰਭੀ ਗਈ ਹੈ। ਸਨਮਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਪ੍ਰੀਆ ਨੇ ਇਸ ਮਾਣ ਲਈ ਟਰੱਸਟ ਦੇ ਨੁਮਾਇੰਦਿਆਂ, ਸਕੂਲ ਅਧਿਆਪਕਾਂ ਅਤੇ ਮਾਪਿਆਂ ਦਾ ਧੰਨਵਾਦ ਕੀਤਾ। ਟਰੱਸਟ ਵਲੋਂ ਇਹ ਵੀ ਜਾਣਕਾਰੀ ਦਿੱਤੀ ਗਈ ਕਿ ਪਿੰਡ ਸਬੰਧੀ ਜਾਣਕਾਰੀ ਵਾਲੇ ਸਵਾਲਾਂ ਦੇ ਅਧਾਰਿਤ ਇੱਕ ਲਿਖਤੀ ਪ੍ਰੀਖਿਆ ਕਰਵਾਈ ਜਾਵੇਗੀ ਜਿਸ ਵਿੱਚ ਪਿੰਡ ਸਬੰਧੀ 21 ਸਵਾਲਾਂ ਦੀ ਪ੍ਰਸ਼ਨਾਵਲੀ ਲਈ ਪਿੰਡ ਦੇ ਵੱਖ ਵੱਖ ਉਮਰ ਵਰਗ ਨਾਲ ਸਬੰਧਤ 21 ਪ੍ਰੀਖਿਆਰਥੀ ਸ਼ਾਮਲ ਕੀਤੇ ਜਾਣਗੇ ਜਿਹਨਾਂ 'ਚੋਂ ਪਹਿਲੇ ਤਿੰਨ ਸਥਾਨ ਹਾਸਲ ਕਰਨ ਵਾਲਿਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ।

## ਲਾਇਲਪੁਰ ਖ਼ਾਲਸਾ ਕਾਲਜ 'ਚ ਖੇਡ ਟਰਾਇਲਾਂ ਨੂੰ ਮਿਲਿਆ ਭਰਵਾਂ ਹੁੰਗਰਾ



**ਜਲੰਧਰ (ਸ਼ੈਲੀ ਐਲਬਰਟ)** ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਤੇਜਾ ਸਿੰਘ ਸਮੁੰਦਰੀ ਖੇਡ ਟਰਾਫੀ (ਜਨਰਲ ਸਪੋਰਟਸ ਟ੍ਰਾਫ਼ੀ ਮੈਨ) 24 ਵਾਰ ਜਿੱਤ ਕੇ ਖੇਡਾਂ ਵਿੱਚ ਇਤਿਹਾਸ ਸਿਰਜਣ ਵਾਲੇ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਵਿਖੇ ਸੈਸ਼ਨ 2023-24 ਲਈ ਵੱਖ-ਵੱਖ ਖੇਡਾਂ ਦੀਆਂ 36 ਟੀਮਾਂ ਵਾਸਤੇ ਮਿਤੀ 13, 14 ਅਤੇ 15 ਜੂਨ 2023 ਨੂੰ ਚੋਣ ਟਰਾਇਲ ਕਰਵਾਏ ਗਏ। ਮਿਤੀ 13 ਜੂਨ 2023 ਨੂੰ ਐਥਲੈਟਿਕਸ, ਬਾਸਕਿਟਬਾਲ, ਬੌਕਸਿੰਗ, ਬੈਡਮਿੰਟਨ, ਕ੍ਰਿਕਟ, ਸਵਿਮਿੰਗ, ਵਾਟਰਪੋਲੋ, ਜਿਮਨਾਸਟਿਕਸ ਅਤੇ ਤੀਰਅੰਦਾਜ਼ੀ, ਮਿਤੀ 14 ਜੂਨ 2023 ਨੂੰ ਹਾਕੀ, ਖੋ-ਖੋ, ਰੈਸਲਿੰਗ, ਵੇਟ ਲਿਫਟਿੰਗ, ਵੁਸ਼ੂ, ਫੈਨਸਿੰਗ, ਪੈਨਚਿਕ ਸਿਲਾਟ, ਜੂਡੋ, ਤਾਇਕਵਾਂਡੋ, ਰੋਇੰਗ, ਕਿਆਕਿੰਗ, ਕਨੋਇੰਗ ਅਤੇ ਡ੍ਰੈਗਨ ਬੋਟ ਅਤੇ ਕਬੱਡੀ ਮਿਤੀ 15 ਜੂਨ 2023 ਨੂੰ ਫੁੱਟਬਾਲ, ਕਰਾਟੇ, ਸਾਇਕਲਿੰਗ, ਬੇਸਬਾਲ, ਕਬੱਡੀ, ਟੈਨਿਸ, ਰਗਬੀ, ਵਾਲੀਬਾਲ, ਸ਼ੂਟਿੰਗ ਅਤੇ ਹੈਂਡਬਾਲ ਦੇ ਚੋਣ ਟਰਾਇਲ ਹੋਏ। ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਨੇ ਦੱਸਿਆ ਕਿ ਇਨ੍ਹਾਂ ਖੇਡ ਟਰਾਇਲਾਂ ਵਿਚ 700 ਦੇ ਲਗਭਗ ਖਿਡਾਰੀ ਵਿਦਿਆਰਥੀਆਂ ਵਲੋਂ ਭਾਗ ਲਿਆ ਗਿਆ ਅਤੇ 250 ਖਿਡਾਰੀਆਂ ਦੀ ਚੋਣ ਕੀਤੀ ਗਈ । ਉਨ੍ਹਾਂ ਇਹ ਵੀ ਕਿਹਾ ਜਿਹੜੇ ਵਿਦਿਆਰਥੀ ਕੋਈ ਵੀ ਖੇਡ ਖੇਡਣਾ ਚਾਹੁੰਦੇ ਹਨ ਉਨ੍ਹਾਂ ਨੂੰ ਵੀ 25% ਫੀਸ ਵਿਚ ਰਿਆਇਤ ਦਿੱਤੀ ਜਾਵੇਗੀ ਪਰ ਉਨ੍ਹਾਂ ਨੂੰ ਆਪਣੇ ਖੇਡ ਵਿਚ ਰੋਜਾਨਾ ਅਭਿਆਸ ਕਰਨਾ ਪਵੇਗਾ । ਡੀਨ ਸਪੋਰਟਸ ਡਾ. ਐਸ.ਐਸ. ਬੈਂਸ ਨੇ ਦੱਸਿਆ ਕਿ ਚੁਣੇ ਹੋਏ ਖਿਡਾਰੀਆਂ ਨੂੰ ਵਿਸ਼ੇਸ਼ ਸਹੂਲਤਾਂ ਜਿਵੇਂ ਫੀਸ ਵਿਚ ਰਿਆਇਤ, ਸਪੋਰਟ ਕਿੱਟ, ਹੋਸਟਲ, ਖਾਣਾ ਅਤੇ ਵਿਸ਼ੇਸ਼ ਸਕਾਲਰਸ਼ਿਪ ਟ੍ਰੇਨਿੰਗ ਆਦਿ ਸਹੂਲਤਾ ਮੁਹਈਆਂ ਕਰਵਾਈਆਂ ਜਾਂਦੀਆਂ ਹਨ।

ਇਸ ਤੋਂ ਇਲਾਵਾ ਵਧੀਆ ਖਿਡਾਰੀਆਂ ਨੂੰ ਨਕਦ ਇਨਾਮ ਵੀ ਦਿੱਤੇ ਜਾਂਦੇ ਹਨ। ਇਨ੍ਹਾਂ ਖੇਡ ਟਰਾਇਲਾਂ ਵਿਚ ਪ੍ਰੋ. ਅਜੇ ਕੁਮਾਰ, ਪ੍ਰੋ. ਮਨਵੀਰ ਪਾਲ, ਜਗਦੀਸ਼ ਸਿੰਘ, ਅੰਮ੍ਰਿਤਪਾਲ ਸੈਣੀ ਤੋਂ ਇਲਾਵਾ ਹੋਰ ਸਟਾਫ਼ ਮੈਂਬਰਾਂ ਅਤੇ ਸਪੋਰਟਸ ਕਮੇਟੀ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ। ॥

# ਬਾਬਾ ਦੀਵਾਨ ਸਿੰਘ ਦੀ ਸਾਲਾਨਾ ਬਰਸੀ ਮੌਕੇ ਗੁਰਮਤਿ ਸਮਾਗਮ



**ਮੇਹਟੀਆਣਾ ( ਜਗਤਾਰ ਸਿੰਘ ਭੁੰਗਰਨੀ )** ਪਿੰਡ ਨਡਾਲੋਂ ਵਿਖੇ ਗੁਰਦੁਆਰਾ ਸੰਤ ਬਾਬਾ ਦੀਵਾਨ ਸਿੰਘ ਜੀ, ਸੰਤ ਬਾਬਾ ਨਿਧਾਨ ਸਿੰਘ ਜੀ ਵਿਖੇ ਸੰਤ ਬਾਬਾ ਦੀਵਾਨ ਸਿੰਘ ਜੀ ਦੀ ਸਾਲਾਨਾ ਬਰਸੀ ਮੌਕੇ ਮਹਾਨ ਧਾਰਮਿਕ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਚਾਰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਭਾਈ ਜਸਵੀਰ ਸਿੰਘ ਮੇਹਲੇਕੇ ਢਾਡੀ ਜੱਥਾ, ਭਾਈ ਸਤਨਾਮ ਸਿੰਘ ਹੈੱਡ ਗ੍ਰੰਥੀ ਨਡਾਲੋਂ, ਭਾਈ ਜਸਵੀਰ ਸਿੰਘ ਖੜਕ ਕਥਾ ਵਾਚਕ, ਸੰਤ ਬਾਬਾ ਦੀਵਾਨ ਸਿੰਘ ਜੀ ਸੰਤ ਬਾਬਾ ਨਿਧਾਨ ਸਿੰਘ ਜੀ ਸੰਗੀਤ ਵਿਦਿਆਲਾ ਨਡਾਲੋਂ ਦੇ ਵਿਦਿਆਰਥੀਆਂ ਨੇ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਨੰਬਰਦਾਰ ਸੁਖਵਿੰਦਰ ਸਿੰਘ ਬਿੱਲਾ, ਗੁਰਮੁੱਖ ਸਿੰਘ, ਮਾਸਟਰ ਸਤਪਾਲ ਸਿੰਘ, ਬਾਬਾ

## ਬੀ ਐੱਸ ਸੀ ਮੈਡੀਕਲ ਲੈਬ ਟੈਕਨਾਲੋਜੀ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)**- ਬੇਲਾ ਕਾਲਜ ਦੇ ਬੀਐਸਸੀ ਮੈਡੀਕਲ ਲੈਬ ਸਾਇੰਸ ਵਿਭਾਗ ਨੇ ਆਪਣੇ ਗ੍ਰੈਜੂਏਟ ਵਿਦਿਆਰਥੀਆਂ ਨੂੰ ਵਿਦਾਇਗੀ ਦਿੱਤੀ। ਕਾਲਜ ਦੇ ਇਵੈਂਟ ਡਾਇਰੈਕਟਰ ਡਾ: ਸੈਲੇਸ਼ ਸ਼ਰਮਾ ਨੇ ਕਿਹਾ ਇਨ੍ਹਾਂ ਵਿਦਿਆਰਥੀਆਂ ਨੇ ਮੈਡੀਕਲ ਲੈਬ ਤਕਨਾਲੋਜੀ ਦੇ ਖੇਤਰ ਵਿੱਚ ਗਿਆਨ ਅਤੇ ਹੁਨਰ ਹਾਸਲ ਕਰਨ ਲਈ ਅਣਥੱਕ ਮਿਹਨਤ ਕੀਤੀ ਹੈ। ਅਸੀਂ ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਉਣਾ ਚਾਹੁੰਦੇ ਸੀ।

ਅਜਿਹੀ ਯਾਦਗਾਰ ਵਿਦਾਇਗੀ ਪਾਰਟੀ ਦਾ ਆਯੋਜਨ ਕਰਨ ਲਈ ਫੈਕਲਟੀ, ਸਟਾਫ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਹੈਲਥਕੇਅਰ ਇੰਡਸਟਰੀ ਵਿੱਚ ਸਕਾਰਾਤਮਕ ਪ੍ਰਭਾਵ ਪਾਉਣ ਲਈ ਆਪਣੀ ਵਚਨਬੱਧਤਾ ਨੂੰ ਪ੍ਰਗਟ ਕਰਦੇ ਹੋਏ ਆਪਣੇ ਅਨੁਭਵ, ਯਾਦਾਂ ਅਤੇ ਭਵਿੱਖ ਦੀਆਂ ਇੱਛਾਵਾਂ ਸਾਂਝੀਆਂ ਕੀਤੀਆਂ।



# ਮੋਤੀਪੁਰ ਖਾਲਸਾ ਵਿਖੇ ਵਿਭਾਗ ਤੇ ਪੰਚਾਇਤ ਵੱਲੋਂ ਬਰਮ ਪੂਰਨ ਦਾ ਕੰਮ ਸ਼ੁਰੂ



**ਫਿਲੌਰ (ਨਿਰਮਲ)**- ਨਜਦੀਕੀ ਪਿੰਡ ਮੋਤੀਪੁਰ ਖਾਲਸਾ, ਗੰਨਾ ਪਿੰਡ ਵਿਖੇ ਬਰਮ ਪੂਰਨ ਦਾ ਕੰਮ ਸ਼ੁਰੂ ਕੀਤਾ ਗਿਆ। ਸਰਪੰਚ ਲਖਵਿੰਦਰ ਸਿੰਘ ਮੋਤੀਪੁਰ ਖਾਲਸਾ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਸੜਕ ਦੇ ਦੋਵੇਂ ਪਾਸੇ ਕੰਢਿਆਂ 'ਤੇ ਮਿੱਟੀ ਪਾ ਬਰਮ ਪੂਰਨ ਦਾ ਕੰਮ ਸ਼ੁਰੂ ਕੀਤਾ ਕਿਉਂਕਿ ਇਹ ਸੜਕ 4 ਕਰਮ ਦੀ ਸੀ ਜੋ ਦੋਵੇਂ ਪਾਸੇ ਕਿਸਾਨਾਂ ਵੱਲੋਂ ਵੱਢ ਕੇ ਆਪਣੀ ਜਮੀਨ ਵਿੱਚ ਰਲਾਈ ਗਈ ਸੀ। ਜਿਸ ਨੂੰ ਮਿੱਟੀ ਪਾ ਕੇ ਬਰਮ ਪੂਰੇ ਗਏ ਅਤੇ ਉਸ ਨੂੰ 4 ਕਰਮਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਪੰਜਾਬ ਸਰਕਾਰ ਦਾ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਕਿਹਾ ਕਿ ਬਰਸਾਤਾਂ ਦਾ ਮੌਸਮ ਆ ਰਿਹਾ ਹੈ ਬਰਮ ਨਾ ਹੋਣ ਕਾਰਨ ਜਦੋਂ ਇਕੱਠੇ ਦੋ ਵੀਹਕਲ ਲੰਘਦੇ ਸਨ ਸੜਕ ਦੇ ਕਿਨਾਰੇ ਜਗ੍ਹਾ ਘੱਟ ਹੋਣ ਕਾਰਨ ਹਾਦਸੇ ਦਾ ਸ਼ਿਕਾਰ ਹੋ ਜਾਂਦੇ ਸਨ। ਜਿਸ ਨਾਲ ਜਾਨੀ ਅਤੇ ਮਾਲੀ ਨੁਕਸਾਨ ਵੀ ਹੋ ਜਾਂਦਾ ਸੀ। ਇਸ ਮੌਕੇ ਸਰਪੰਚ ਮਨਜੀਤ ਕੌਰ, ਜਰਨੈਲ ਸਿੰਘ ਮੋਤੀਪੁਰ, ਗੁਰਪ੍ਰੀਤ ਸਿੰਘ, ਅਵਤਾਰ ਸਿੰਘ, ਅਮਰਜੀਤ ਸਿੰਘ, ਜਰਨੈਲ ਸਿੰਘ ਧੰਜੂ, ਭੁਪਿੰਦਰ ਸਿੰਘ, ਮੁਖਵਿੰਦਰ ਸਿੰਘ, ਤਰਜੀਤ ਸਿੰਘ ਅਤੇ ਹੋਰ ਹਾਜਰ ਸਨ।

## ਠੇਕਾ ਕਾਮੇ 19 ਨੂੰ ਵਿਧਾਨ ਸਭਾ ਵੱਲ ਕਰਨਗੇ ਮਾਰਚ ਤੇ ਲਾਉਣਗੇ ਪੱਕਾ ਧਰਨਾ : ਬਲਿਹਾਰ ਸਿੰਘ

**ਖਰੜ (ਹਰਨਾਮ ਸਿੰਘ ਡੱਲਾ)** ਬਿਜਲੀ ਕਾਮਿਆਂ ਦੀ ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜਮ ਯੂਨੀਅਨ ਪੰਜਾਬ ਵਲੋਂ ਸਰਕਾਰ ਅਤੇ ਮੈਨੇਜਮੈਂਟ ਦੇ ਤਾਨਾਸ਼ਾਹੀ ਰਵੱਈਏ ਖਿਲਾਫ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਦੇ ਮੂੰਹ ਪੈ ਰਹੇ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ 'ਚ ਸ਼ਾਮਿਲ ਕਰਨ ਦੇ ਕਾਨੂੰਨ ਬਣਾਉਣ ਅਤੇ ਹੋਰ ਵਾਜਬ ਮੰਗਾਂ ਦੇ ਹੱਲ ਲਈ ਵਿਧਾਨ ਸਭਾ ਵੱਲ 19 ਜੂਨ ਨੂੰ ਮਾਰਚ ਕਰਨ ਦਾ ਐਲਾਨ ਕੀਤਾ ਗਿਆ ਹੈ। ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਸੂਬਾ ਪ੍ਰਧਾਨ ਬਲਿਹਾਰ ਸਿੰਘ ਸੂਬਾ ਜਨਰਲ ਸਕੱਤਰ ਰਾਜੇਸ਼ ਕੁਮਾਰ ਮੌੜ ਨੇ ਕਿਹਾ ਕਿ ਪਾਵਰਕਾਮ ਦੇ ਆਊਟਸੋਰਸਡ ਸੀ.ਐੱਚ.ਬੀ ਤੇ ਡਬਲਿਊ ਠੇਕਾ ਮੁਲਾਜ਼ਮ ਪਾਵਰਕਾਮ ਵਿੱਚ ਪੱਕਾ ਕਰਨ ਸਮੇਤ ਆਪਣੀਆਂ ਹੋਰ ਜਾਇਜ਼ ਮੰਗਾਂ ਨੂੰ ਲੈ ਕੇ ਪਿਛਲੇ ਲੰਮੇ ਸਮੇਂ ਤੋਂ ਲਗਾਤਾਰ ਸੰਘਰਸ਼ ਕਰਦੇ ਆ ਰਹੇ ਹਨ ਪਰ ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਵਿਭਾਗ ਵਿੱਚ ਪੱਕਾ ਨਹੀਂ ਕਰ ਰਹੀ। ਜਿਸ ਦੇ ਵਿਰੋਧ ਵਜੋਂ ਪਾਵਰਕਾਮ ਸੀ.ਐੱਚ.ਬੀ ਤੇ ਡਬਲਿਊ ਠੇਕਾ ਕਾਮਿਆਂ ਵਲੋਂ 19 ਜੂਨ ਨੂੰ ਪਰਵਾਰਾਂ ਸਮੇਤ ਵਿਧਾਨ ਸਭਾ ਵੱਲ ਮਾਰਚ ਕਰਨਗੇ ਅਤੇ ਲਗਾਤਾਰ ਧਰਨਾ ਲਾਉਣਗੇ।

## ਖੋਸਲਾ ਗੋਤ ਜਠੇਰਿਆ ਦਾ ਸਾਲਾਨਾ ਮੇਲਾ ਭਲਕੇ

**ਫਿਲੌਰ (ਨਿਰਮਲ)**- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਖੋਸਲਾ ਸਤੀ ਮਾਤਾ ਖੋਸਲਾ ਗੋਤ ਜਠੇਰਿਆਂ ਦਾ ਸਾਲਾਨਾ ਮੇਲਾ 18 ਜੂਨ ਨੂੰ ਸਤੀ ਮਾਤਾ ਮੰਦਰ, ਦਾਣਾ ਮੰਡੀ, ਫਿਲੌਰ ਰੋਡ, ਤਲਵਣ (ਨੂਰਮਹਿਲ) ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਹ ਫੈਸਲਾ ਸਤੀ ਮਾਤਾ ਮੰਦਰ ਖੋਸਲਾ ਵੰਸ਼ ਚੈਰੀਟੇਬਲ ਟਰੱਸਟ (ਰਜਿ.) ਦੀ ਇਕ ਵਿਸ਼ੇਸ਼ ਮੀਟਿੰਗ ਵਿਚ ਲਿਆ ਗਿਆ। ਟਰੱਸਟੀ ਮੈਂਬਰ ਯਾਦਵ ਖੋਸਲਾ ਅਨੁਸਾਰ ਪ੍ਰੋਗਰਾਮ ਤਹਿਤ ਸਵੇਰੇ 8 ਵਜੇ ਪਹਿਲਾਂ ਪਿੰਡੀ ਇਸ਼ਨਾਨ ਹੋਵੇਗਾ ਅਤੇ ਫਿਰ ਵੈਦਿਕ ਜਾਪ ਨਾਲ ਹਵਨ ਹੋਵੇਗਾ। ਇਸ ਉਪਰੰਤ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਜਾਵੇਗੀ। ਸਤੀ ਮਾਤਾ ਦੇ ਭੋਗ ਪਾਉਣ ਉਪਰੰਤ ਅਤੁੱਟ ਭੰਡਾਰਾ ਵਰਤਾਇਆ ਜਾਵੇਗਾ। ਮੀਟਿੰਗ ਵਿੱਚ ਅਸ਼ਵਨੀ ਖੋਸਲਾ (ਪੱਪੂ), ਰਾਹੀ ਖੋਸਲਾ, ਨਰੇਸ਼ ਖੋਸਲਾ, ਜੌਲੀ ਖੋਸਲਾ, ਸੰਦੀਪ ਖੋਸਲਾ, ਰਾਕੇਸ਼ ਖੋਸਲਾ, ਜਗਮੋਹਨ ਸਿੰਘ ਖੋਸਲਾ, ਉਪੇਂਦਰ ਖੋਸਲਾ, ਡਾ. ਯੁਵਰਾਜ ਖੋਸਲਾ, ਰਿੰਕੂ ਖੋਸਲਾ, ਟੋਨੀ ਖੋਸਲਾ, ਇੰਦਰਮੋਹਨ ਸਿੰਘ ਖੋਸਲਾ, ਦਵਿੰਦਰ ਖੋਸਲਾ ਅਤੇ ਹੋਰ ਹਾਜਰ ਸਨ।

## ਵਰ੍ਹੇਗੰਢ ਮੁਬਾਰਕ



ਬਿਹਾਰੀ ਲਾਲ ਸੱਦੀ (ਰਿਟਾ. ਲੈਕਚਰਾਰ) ਅਤੇ ਸ੍ਰੀਮਤੀ ਅਮਰਤੀ ਦੇਵੀ ਵਾਸੀ ਪਿੰਡ ਓਟਾਲਾਂ (ਸਮਰਾਲਾ) ਨੇ ਵਿਆਹ ਦੀ 56ਵੀਂ ਵਰ੍ਹੇਗੰਢ ਮਨਾਈ।



ਸੂਰੀ ਗੁਪਤਾ ਤੇ ਸੰਧਾਨਾ ਗੁਪਤਾ ਨੇ ਵਿਆਹ ਦੀ ਵਰ੍ਹੇਗੰਢ ਮਨਾਈ।

## ਮੰਢਾਲੀ ਦੇ ਮੇਲੇ ਦੀਆਂ ਤਿਆਰੀਆਂ ਮੁਕੰਮਲ

**ਮੇਹਲੀ ( ਗੁਰਨਾਮ)**:—ਇੱਥੋਂ ਥੋੜ੍ਹੀ ਦੂਰ ਪਿੰਡ ਮੰਢਾਲੀ ਵਿਖੇ ਰੋਜਾ ਸ਼ਰੀਫ ਮੰਢਾਲੀ ਦੇ ਗੱਦੀਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਨੇ ਦੱਸਿਆ ਕਿ ਮੇਲੇ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਸ਼ਹੀਦ ਸੱਯਦ ਸ਼ੇਖ ਬਾਬਾ ਅਬਦੁੱਲੇ ਸ਼ਾਹ ਕਾਦਰੀ ਜੀ ਦਾ ਮੇਲਾ 29 ਜੂਨ ਤੋਂ 3 ਜੁਲਾਈ ਤੱਕ ਦਿਨ ਰਾਤ ਚੱਲੇਗਾ।

ਇਸ ਮੌਕੇ ਸੇਵਾਦਾਰ ਮੁਹੰਮਦ ਆਸ਼ਿਕ ਨੀਲਾ, ਸਰਬਣ ਸਿੰਘ, ਚਰਨਜੀਤ ਰਾਏ, ਗੋਰਾ ਚੱਕ ਪ੍ਰੇਮਾ, ਗੱਗੀ, ਹਨੀ,ਪੱਪੀ ਅਨੀਰ, ਸੋਨੂੰ ਡਰਾਈਵਰ, ਬਲਜੀਤ ਸਿੰਘ ਜੀਤਾ ਸਰਪੰਚ, ਨੀਲਮ ਕੁਮਾਰ, ਮੀਰਾ ਸ਼ਰਮਾ ਸਰਪੰਚ ਮੰਢਾਲੀ, ਸਾਬਕਾ ਸਰਪੰਚ ਕਮਲਜੀਤ ਕੌਰ ਮੰਢਾਲੀ, ਸੋਨੂੰ, ਦਰਮਿੰਦਰ ਮੰਢਾਲੀ ਆਦਿ ਹਾਜਰ ਸਨ।



## ਭੁੱਟਾ ਗੋਤ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਸ਼ਾਨੋ-ਸ਼ੌਕਤ ਨਾਲ ਸੰਪੰਨ



**ਬਹਿਰਾਮ (ਅਵਤਾਰ ਕਲੇਰ)** ਭੁੱਟਾ ਗੋਤ ਯਾਦਗਾਰ ਐਂਡ ਡਿਵੈਲਪਮੈਂਟ ਕਮੇਟੀ ਇੰਡੀਆ ਵਲੋਂ ਵੱਡੇ ਵਡੇਰਿਅ ਦੀ ਯਾਦ ਵਿੱਚ 33ਵਾਂ ਵਿਸ਼ਾਲ ਸਾਲਾਨਾ ਜੋੜ ਮੇਲਾ ਪਿੰਡ ਕਾਹਲੋਂ ਵਿਖੇ ਸ਼ਾਨੋ ਸ਼ੌਕਤ ਨਾਲ ਸੰਪਨ ਹੋਇਆ। ਨਿਸ਼ਾਨ ਸਾਹਿਬ ਦੀ ਸੇਵਾ ਤੋਂ ਬਾਅਦ ਧਾਰਮਕ ਸਟੇਜ ਸਜਾਈ ਗਈ। ਗਾਇਕਾ ਰੂਬੀਨਾ ਰੂਬੀ ਅਤੇ ਹੋਰ ਨਾਮਵਾਰ ਕਲਾਕਾਰਾਂ ਨੇ ਧਾਰਮਿਕ ਗੀਤ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਠੰਡੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਲੰਗਰ ਲਗਾਏ ਗਏ। ਇਸ ਮੌਕੇ ਸੋਹਣ ਲਾਲ ਪ੍ਰਧਾਨ,ਤਰਸੇਮ ਲਾਲ ਉਪ ਪ੍ਰਧਾਨ,ਰੇਸ਼ਮ ਸਿੰਘ ਬਹਿਰਾਮ ਹੈੱਡ ਕੈਸ਼ੀਅਰ,ਅਜੀਤ ਰਾਮ ਸਾਬਕਾ ਪੰਚ,ਸੈਕਟਰੀ ਅਮਰੀਕ ਸਿੰਘ ਨੱਥਾ ਨੰਗਲ,ਹੁਕਮ ਸਿੰਘ ਬਹਿਰਾਮ,ਬਲਵੀਰ ਚੰਦ ਦੁਸਾਂਝ ਕਲਾਂ ,ਅਸ਼ਵਨੀ ਕੁਮਾਰ ਸੈਕਟਰੀ,ਮੋਹਣ ਲਾਲ ਭੁੱਟਾ,ਥਾਣੇਦਾਰ ਰੇਸ਼ਮ ਲਾਲ,ਗੁਰਨਾਮ ਰਾਮ ਭੁੱਟਾ,ਨਛੱਤਰ ਸਿੰਘ ਬਹਿਰਾਮ,ਚਰਨਜੀਤ ਸਿੰਘ ਪ੍ਰਧਾਨ,ਬੀਬੀ ਪਰਮਜੀਤ ਕੌਰ ਸਾਬਕਾ ਸਰਪੰਚ ਬਹਿਰਾਮ, ਸੁਰਿੰਦਰਪਾਲ,ਸ਼ਿਵ ਦਿਆਲ ,ਠੇਕੇਦਾਰ ਲਖਵਿੰਦਰ ਸਿੰਘ,ਕੁਲਵੀਰ ਕੁਮਾਰ ,ਸੰਦੀਪ ਕੁਮਾਰ, ਗੁਰਿੰਦਰ ਕੁਮਾਰ,ਬਲਜਿੰਦਰ ਕੁਮਾਰ ਪੰਚ ਬਹਿਰਾਮ,ਡਾ.ਜੈ ਰਾਮ ਬਹਿਰਾਮ,ਬਿੰਦਾ ਭਗਤ ਬਹਿਰਾਮ,ਬਲਦੇਵ ਸਿੰਘ, ਸ਼ਮੀ ਬਹਿਰਾਮ ਆਦਿ ਹਾਜਰ ਸਨ।

# ਸਾਲਾਨਾ ਜੋੜ ਮੇਲਾ 22 ਨੂੰ

**ਨੂਰਮਹਿਲ, ( ਬਾਲ ਕ੍ਰਿਸਨ ਬਾਲੀ)** ਇਥੋਂ ਦੇ ਪਿੰਡ ਚੀਮਾ ਖੁਰਦ, ਨੇੜੇ ਚੀਮਾ ਪੈਲੇਸ ,ਵਿਖੇ ਬਾਬਾ ਝੰਡੀ ਪੀਰ ਦੇ ਦਰਬਾਰ ਤੇ ਸਲਾਨਾ ਜੋੜ ਮੇਲਾ 22 ਜੂਨ ਨੂੰ ਬੜੀ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ । ਕਮੇਟੀ ਆਹੁਦੇਦਾਰ ਰਣਜੀਤ ਅਤੇ ਪਾਲ ਚੰਦ ਨੇ ਦੱਸਿਆ ਕਿ ਗ੍ਰਾਮ ਪੰਚਾਇਤ,ਚੀਮਾ ਖੁਰਦ ਅਤੇ ਇਲਾਕਾ ਨਿਵਾਸੀਆਂ ਵਲੋਂ ਕਰਵਾਏ ਜਾ ਰਹੇ ਇਸ ਮੇਲੇ ਦੌਰਾਨ 22 ਜੂਨ ਸਵੇਰੇ 10 ਵਜੇ ਮਜਾਰ 'ਤੇ ਚਾਦਰ ਚੜ੍ਹਾਉਣ ਦੀ ਰਸਮ ਹੋਵੇਗੀ ਉਪਰੰਤ ਸਭਿਆਚਰਕ ਸਟੇਜ ਲੱਗੇਗੀ ਜਿਸ ਵਿਚ ਇਲਾਕੇ ਦੇ ਪ੍ਰਸਿੱਧ ਗਾਇਕ ਪਿਰਤੀ ਸੀਹਲੋਂ, ਮਿਸਟਰ ਦੀਪ, ਸਹਿਮ ਆਪਣਾ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ । ਸਟੇਜ ਸਕੱਤਰ ਦੀ ਭੂਮਿਕਾ ਸੁੱਖਾ ਬਸਰ ਨਿਭਾਉਣਗੇ ।ਇਸ ਸਮੇਂ ਪੀਰਾਂ ਦਾ ਲੰਗਰ ਅਤੁੱਟ ਵਰਤੇਗਾ ।

A Lead College in Commerce & Allied Courses
SSSS COLLEGE OF COMMERCE FOR WOMEN (ESTD. 1993)
(AFFILIATED TO GURU NANAK DEV UNIVERSITY, AMRITSAR)
SSSS CHOWK, THE MALL, AMRITSAR
sssscollege1993@gmail.com sssccw.edu.in
9592466476, 9915238336
Admission Open
M.Com, B.Com, B.Com (Financial Services)
B.Sc(Economics), BBA, BCA, PG Certificate Course in GST
PG Diploma in Web Designing, Diploma in Computer Animation
Hallmarks
- Affordable Quality Education
- Regular Programmes for Personal Growth & Skill Development
- Preparation for Competitive Exams and Employability Enhancement
Track Record of Excellent Results in GNDU, Amritsar
Total Merit Positions Till Date: 429
S. Jagdish Singh Hony.Secy.
Dr. Navdeep Kaur Principal